
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ
# ਦੇਸ਼ ਦੁਆਬਾ

VOL - 6 ISSUE - 34
November 29, 2017
Postal Address
5101 Doe Hollow Pl., Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਬਹਿਬਲ ਕਾਂਡ: ਮੁਕੰਮਲ ਰਿਪੋਰਟ ਅਦਾਲਤ ਵਿੱਚ ਪੇਸ਼ ਨਹੀ ਕੀਤੀ

**ਫ਼ਰੀਦਕੋਟ (ਬਿਊਰੋ)-** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਅਕਤੂਬਰ 2015 ਵਿੱਚ ਵਾਪਰੇ ਬਹਿਬਲ ਗੋਲੀ ਕਾਂਡ ਸਬੰਧੀ ਥਾਣਾ ਬਾਜਾਖਾਨਾ ਵਿੱਚ ਅਣਪਛਾਤੇ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਦਰਜ ਹੋਏ ਕਤਲ ਅਤੇ ਇਰਾਦਾ ਕਤਲ ਦੇ ਮਾਮਲੇ ਵਿੱਚ ਅਦਾਲਤੀ ਹੁਕਮਾਂ ਦੇ ਬਾਵਜੂਦ ਪੁਲਿਸ ਨੇ ਮੁਕੰਮਲ ਰਿ-ਪੋਰਟ ਅਦਾਲਤ ਵਿੱਚ ਪੇਸ਼ ਨਹੀਂ ਕੀਤੀ ਹੈ। ਪੁਲੀਸ ਦੀ ਸਟੇਟਸ ਰਿ-ਪੋਰਟ ਨਾਲ ਅਸਹਿਮਤ ਹੁੰਦਿਆਂ ਜੁਡੀਸ਼ਲ ਮੈਜਿਸਟਰੇਟ ਸ਼ਵੇਤਾ ਦਾਸ ਨੇ ਪੁਲੀਸ ਨੂੰ ਹਦਾਇਤ ਕੀਤੀ ਹੈ ਕਿ 29 ਜਨਵਰੀ ਤੱਕ ਸਮੁੱਚੇ ਮਾਮਲੇ ਦੀ ਰਿ-ਪੋਰਟ ਅਦਾਲਤ ਸਾਹਮਣੇ ਪੇਸ਼ ਕੀਤੀ ਜਾਵੇ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਬਾਜਾਖਾਨਾ ਦੇ ਐੱਸ.ਐੱਚ.ਓ. ਨੇ ਇਲਾਕਾ ਮੈਜਿਸਟ੍ਰੇਟ ਦੇ ਹੁਕਮਾਂ ’ਤੇ ਅਦਾਲਤ ਵਿੱਚ ਸਟੇਟਸ ਰਿਪੋਰਟ ਪੇਸ਼ ਕੀਤੀ ਸੀ। ਪੁਲੀਸ ਨੇ ਦਾਅਵਾ ਕੀਤਾ ਕਿ ਬਹਿਬਲ ਕਾਂਡ ਦੌਰਾਨ ਚੱਲੀ ਗੋਲੀ ਵਿੱਚ ਮਾਰੇ ਗਏ ਦੋ ਸਿੱਖ ਨੌਜਵਾਨਾਂ ਦੇ ਮਾਮਲੇ ਦੀ ਵਿਸ਼ੇਸ਼ ਜਾਂਚ ਟੀਮ ਪੜਤਾਲ ਕਰ ਰਹੀ ਹੈ। ਦੱਸਣਯੋਗ ਹੈ ਕਿ ਪਿੰਡ ਬਹਿਬਲ ਨੇੜੇ ਸਿੱਖ ਸੰਗਤਾਂ ਪੰਜਾਬ ਸਰਕਾਰ ਅਤੇ ਪੁਲੀਸ ਖ਼ਿਲਾਫ਼ ਸ਼ਾਂਤਮਈ ਰੋਸ ਧਰਨਾ ਦੇ ਰਹੀਆਂ ਸਨ, ਜਿਸ ਉੱਪਰ ਪੁਲੀਸ ਨੇ ਗੋਲੀ ਚਲਾ ਦਿੱਤੀ ਸੀ। ਇਸ ਕਾਰਨ ਦੋ ਸਿੱਖ ਨੌਜਵਾਨ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ ਸੀ। ਵਿਸ਼ੇਸ਼ ਜਾਂਚ ਟੀਮ ਦੇ ਡਾਇਰੈਕਟਰ ਨੇ ਉੱਚ ਪੱਧਰੀ ਪੜਤਾਲ ਤੋਂ ਬਾਅਦ ਅਣਪਛਾਤੇ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ।



ਸਰਕਾਰ ਅਤੇ ਪੁਲੀਸ ਵੱਲੋਂ ਦੋਸ਼ੀਆਂ ਖ਼ਿਲਾਫ਼ ਲੰਮਾ ਸਮਾਂ ਕਾਰਵਾਈ ਨਾ ਕੀਤੇ ਜਾਣ ਤੋਂ ਪ੍ਰੇਸ਼ਾਨ ਪੀੜਤ ਪਰਿਵਾਰਾਂ ਨੇ ਕਥਿਤ ਦੋਸ਼ੀਆਂ ਵਿਰੁੱਧ ਅਦਾਲਤ ਵਿੱਚ ਇਸਤਗਾਸਾ ਦਾਇਰ ਕਰ ਕੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਕੀਤੀ ਹੈ। ਪੀੜਤਾਂ ਦੇ ਵਕੀਲ ਅਮਿਤ ਕੁਮਾਰ ਨੇ ਦੱਸਿਆ ਕਿ ਮੋਗਾ ਦੇ ਸਾਬਕਾ ਜ਼ਿਲ੍ਹਾ ਪੁਲੀਸ ਮੁਖੀ ਚਰਨਜੀਤ ਸਿੰਘ ਸ਼ਰਮਾ, ਐੱਸ.ਪੀ. ਬਿਕਰਮ ਸਿੰਘ ਤੇ ਇੰਸਪੈਕਟਰ ਅਮਰਜੀਤ ਸਿੰਘ ਕੁਲਾਰ ਖ਼ਿਲਾਫ਼ ਅਦਾਲਤ ਵਿੱਚ ਇਸਤਗਾਸਾ ਦਾਇਰ ਕੀਤਾ ਹੈ।

### ਇਵਾਂਕਾ ਟਰੰਪ ਦਾ ਭਾਰਤ ਦੌਰਾ

## ਲਿੰਗ ਭੇਦਭਾਵ ਘਟਾ ਕੇ ਭਾਰਤ ਦੀ ਆਰਥਿਕਤਾ ਮਜ਼ਬੂਤ ਹੋਵੇਗੀ

**ਹੈਦਰਾਬਾਦ (ਬਿਊਰੋ)-** ਰਾਸ਼ਟਰਪਤੀ ਡੋਨਲਡ ਟਰੰਪ ਦੀ ਧੀ ਇਵਾਂਕਾ ਟਰੰਪ ਨੇ ਕਿਹਾ ਹੈ ਕਿ ਜੇਕਰ ਭਾਰਤ ਵਿੱਚ ਨੌਕਰੀਆਂ ’ਚ ਪੁਰਸ਼ਾਂ ਤੇ ਔਰਤਾਂ ਵਿੱਚ ਲਿੰਗ ਪਾੜਾ ਅੱਧਾ ਵੀ ਘੱਟ ਕਰ ਦਿੱਤਾ ਜਾਵੇ ਤਾਂ ਇਸ ਨਾਲ ਭਾਰਤ ਦੀ ਅਰਥਵਿਵਸਥਾ ਵਿੱਚ ਅਗਲੇ ਤਿੰਨ ਸਾਲਾਂ ਵਿੱਚ 150 ਬਿਲੀਅਨ ਅਮਰੀਕੀ ਡਾਲਰਾਂ ਤਕ ਦਾ ਵਾਧਾ ਹੋਵੇਗਾ।

ਉਨ੍ਹਾਂ ਇੱਥੇ 'ਉੱਦਮੀਆਂ ਦੇ ਆਲਮੀ ਸਿਖਰ ਸੰਮੇਲਨ’ ਦੇ ਉਦਘਾਟਨ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਭਾਰਤ ਨੂੰ ਮਜ਼ਬੂਤ ਆਰਥਿਕਤਾ ਬਣਾਉਣ ਲਈ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ,’’ਤੁਹਾਡੀ ਪ੍ਰਾਪਤੀ ਵਾਕਿਆ ਹੀ ਕਾਬਿਲੇਤਾਰੀਫ਼ ਹੈ…ਆਪਣੇ ਬਚਪਨ ਵਿੱਚ ਚਾਹ ਵੇਚਣ ਤੋਂ ਲੈ ਕੇ ਭਾਰਤ ਦੇ ਪ੍ਰਧਾਨ ਮੰਤਰੀ ਬਣਨ ਤਕ



ਦਾ ਸਫ਼ਰ ਅਜਬ ਹੈ।’’ ਉਨ੍ਹਾਂ ਕਿਹਾ ਕਿ ਭਾਰਤ, ਤੇਜ਼ੀ ਨਾਲ ਵਿਕਾਸ ਕਰ ਰਹੇ ਮੁਲਕਾਂ ’ਚੋਂ ਇੱਕ ਹੈ ਅਤੇ ਵ੍ਹਾਈਟ ਹਾਊਸ ਵਿੱਚ ਇੱਕ ਸੱਚਾ ਦੋਸਤ ਹੈ। ਇਸ ਦੌਰਾਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਲਮੀ ਉੱਦਮੀਆਂ ਨੂੰ ਭਾਰਤ ਵਿੱਚ ਨਿਵੇਸ਼ ਦਾ ਸੱਦਾ। ਉਨ੍ਹਾਂ ਕਿਹਾ ਕਿ ਸਰਕਾਰ ਨੇ ਨਿਵੇਸ਼ਕਾਂ ਪੱਖੀ ਮਾਹੌਲ ਸਿਰਜਣ ਲਈ ਕਈ ਅਹਿਮ ਸੁਧਾਰ ਲਿਆਂਦੇ ਹਨ। ਸਰਕਾਰ ਨੇ 1200 ਮਿਆਦ ਪੁਗਾ ਚੁੱਕੇ ਕਾਨੂੰਨ ਖ਼ਤਮ ਕਰ ਦਿੱਤੇ ਹਨ, 21 ਖੇਤਰਾਂ ਵਿੱਚ ਵਿਦੇਸ਼ੀ ਨਿਵੇਸ਼ ਲਈ 87 ਨਿਯਮ ਸੌਖੇ ਕੀਤੇ ਅਤੇ ਕਈ ਪ੍ਰਕਿਰਿਆਵਾਂ ਆਨਲਾਈਨ ਕੀਤੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਸੁਧਾਰਾਂ ਕਾਰਨ ਪਿਛਲੇ ਤਿੰਨ ਸਾਲਾਂ ਦੌਰਾਨ ਵਿਸ਼ਵ ਬੈਂਕ ਵੱਲੋਂ ’ਵਪਾਰ ਕਰਨ ਦੀ ਸੌਖ ਸਬੰਧੀ ਰਿਪੋਰਟ’ ਵਿੱਚ ਭਾਰਤ ਦਾ ਸਥਾਨ 142 ਤੋਂ 100 ’ਤੇ ਆ ਗਿਆ ਹੈ।

## ਕੌਣ ਬਣੇਗਾ ਸ਼੍ਰੋਮਣੀ ਕਮੇਟੀ ਦਾ ਅਗਲਾ ਪ੍ਰਧਾਨ?

**ਚੰਡੀਗੜ੍ਹ (ਬਿਊਰੋ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਹੋਣ ਵਾਲੀ ਚੋਣ ਲਈ ਉਮੀਦਵਾਰਾਂ ਦੇ ਨਾਵਾਂ ’ਤੇ ਚਰਚਾ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸੀਨੀਅਰ ਅਕਾਲੀ ਆਗੂਆਂ ਨੇ ਮੀਟਿੰਗ ਕੀਤੀ। ਸੂਤਰਾਂ ਮੁਤਾਬਕ ਇਹ ਮੀਟਿੰਗ ਪਾਰਟੀ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਦੇ ਘਰ ਵਿੱਚ ਹੋਈ। ਮੀਟਿੰਗ ਵਿੱਚ ਸ੍ਰੀ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਨੇ ਵੀ ਸ਼ਮੂਲੀਅਤ ਕੀਤੀ। ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਲਈ ਜਿਨ੍ਹਾਂ ਉਮੀਦਵਾਰਾਂ ਦੇ ਨਾਵਾਂ ’ਤੇ ਚਰਚਾ ਕੀਤੀ ਹੋਈ ਉਨ੍ਹਾਂ ਵਿੱਚ ਗੋਬਿੰਦ ਸਿੰਘ ਲੌਂਗੋਵਾਲ, ਕਮੇਟੀ ਦੇ ਮੌਜੂਦਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸੇਵਾ ਸਿੰਘ ਸੇਖਵਾਂ, ਸੰਤ ਬਲਬੀਰ ਸਿੰਘ ਘੁੰਨਸ ਅਤੇ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਸ਼ਾਮਲ ਹਨ। ਪਾਰਟੀ ਹਲਕਿਆਂ ਦਾ ਕਹਿਣਾ ਹੈ ਕਿ ਸ੍ਰੀ ਲੌਂਗੋਵਾਲ ਇਸ ਵੱਕਾਰੀ ਅਹੁਦੇ ਲਈ ਮਜ਼ਬੂਤ ਦਾਅਵੇਦਾਰ ਵਜੋਂ ਉਭਰੇ ਹਨ। ਸੂਤਰਾਂ ਅਨੁਸਾਰ ਇਸ ਤੋਂ ਬਾਅਦ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਮੀਟਿੰਗ ਕੀਤੀ। ਪਾਰਟੀ ਆਗੂਆਂ ਦਾ ਕਹਿਣਾ ਹੈ ਕਿ ਪ੍ਰਧਾਨਗੀ


**(ਬਾਕੀ ਸਫਾ 4 ਤੇ)**


S.G.P.C.

## ਵਿਰੋਧੀ ਪਾਰਟੀਆਂ ਨੇ ਸਰਦ ਰੁੱਤ ਸੈਸ਼ਨ ਰੌਲੇ ਵਿੱਚ ਰੋਲਿਆ

**ਚੰਡੀਗੜ੍ਹ (ਬਿਊਰੋ)-** ਆਮ ਆਦਮੀ ਪਾਰਟੀ (’ਆਪ’) ਅਤੇ ਲੋਕ ਇਨਸਾਫ ਪਾਰਟੀ ਦੇ ਵਿਧਾਇਕਾਂ ਨੇ ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਸੈਸ਼ਨ ਦੇ ਦੂਸਰੇ ਦਿਨ ਪੋਸਟਰਾਂ ਸਮੇਤ ਦਾਖ਼ਲ ਹੋ ਕੇ ਸਦਨ ਨੂੰ ਮੁੱਢ ਤੋਂ ਹੀ ਰੌਲੇ-ਰੱਪੇ ਵਿੱਚ ਰੋਲ ਦਿੱਤਾ। ਇਹ ਵਿਧਾਇਕ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਦੇ ਡਰੱਗ ਮਾਮਲੇ ਵਿੱਚ ਹੀ ਉਲਝੇ ਰਹੇ, ਜਿਸ ਕਾਰਨ ਲੋਕ ਮੁੱਦੇ ਗਾਇਬ ਹੀ ਰਹੇ। ਸਰਦ ਰੁੱਤ ਸੈਸ਼ਨ ਦੇ ਦੂਸਰੇ ਦਿਨ ਜਿਉਂ ਹੀ ਸਪੀਕਰ ਰਾਣਾ ਕੇ.ਪੀ. ਸਿੰਘ ਵੱਲੋਂ ਪ੍ਰਸ਼ਨ ਕਾਲ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਤਾਂ ਸ੍ਰੀ ਖਹਿਰਾ ਦੀ ਅਗਵਾਈ ਹੇਠ ’ਆਪ’ ਅਤੇ ਬੈਂਸ ਭਰਾ ਬੈਂਚਾਂ ਤੋਂ ਉਠ ਖੜ੍ਹੇ ਹੋਏ ਅਤੇ ਨਾਲ ਲਿਆਂਦੇ ਪੋਸਟਰ ਹਵਾ ਵਿੱਚ ਲਹਿਰਾ ਕੇ ਵਿਰੋਧੀ ਧਿਰ ਦੇ ਆਗੂ ਦੇ ਡਰੱਗ ਨਾਲ ਜੁੜੇ ਮੁੱਦੇ ਦੇ ਸਬੰਧ ਵਿੱਚ ਕੰਮ ਰੋਕੂ ਪ੍ਰਸਤਾਵ ਪ੍ਰਵਾਨ ਕਰਨ ’ਤੇ ਅੜੇ ਰਹੇ। ’ਆਪ’ ਵਿਧਾਇਕਾਂ ਦੇ ਹੱਥਾਂ ਵਿੱਚ ਫੜੇ ਪੋਸਟਰਾਂ ’ਤੇ ਜਿੱਥੇ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀਆਂ ਡਰੱਗ ਮਾਫੀਆ ਨਾਲ ਫੋਟੋਆਂ ਪ੍ਰਦਰਸ਼ਿਤ ਕੀਤੀਆਂ ਗਈਆਂ ਸਨ ਉਥੇ ਖਹਿਰਾ ਨਾਲ ਜੁੜੇ ਮਾਮਲੇ ਦੀ ਸੀਬੀਆਈ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ। ਸਪੀਕਰ ਨੇ ਇਹ ਕਹਿ ਕੇ ਕੰਮ ਰੋਕੂ ਪ੍ਰਸਤਾਵ ਲਿਆਉਣ ਤੋਂ ਇਨਕਾਰ ਕਰ ਦਿੱਤਾ ਕਿ ’ਆਪ’ ਵੱਲੋਂ ਇਸ ਸਬੰਧੀ ਕੇਵਲ ਅੱਧਾ ਘੰਟਾ ਪਹਿਲਾਂ ਹੀ ਨੋਟਿਸ ਦਿੱਤਾ ਗਿਆ ਹੈ। ਇਸ ’ਤੇ ’ਆਪ’ ਦੇ ਵਿਧਾਇਕ ਸਪੀਕਰ ਮੂਹਰੇ ਸਦਨ ਦੇ ਵਿਚਾਲੇ ਚਲੇ ਗਏ।



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)




BERKSHIRE HATHAWAY Home Services
BH HS
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828



SINCE 1996
BAGGA JEWELERS
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823



SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



RE/MAX Gold
Each Office Independently Owned and Operated
Cell: 916-628-2210
Fax: 916-745-3424
Office: 916-285-1000
Dil Nijjar
REALTOR ®
CalBRE # 01418648
Email: Dil.Realtor@gmai,.com

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
2081 Arena Blvd # 100 Sacramento, CA 95834



Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
Follow us on Twitter
rajasweetsandcatering
rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC
ARTIFICIAL
JEWELRY, SWEETS,
FRESH VEGETABLES
& MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash
FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਗੁਰਦੁਆਰਾ 'ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ' ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ 'ਤੇ ਵਿਸ਼ੇਸ਼ ਸਮਾਗਮ

**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਸ਼ੈਟਰਲ ਵੈਲੀ ਕੈਲੀਫੋਰਨੀਆਂ ਦੇ ਸਭ ਤੋਂ ਪੁਰਾਤਨ ਪਹਿਲੇ ਗੁਰੂ ਘਰ ਗੁਰਦੁਆਰਾ 'ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ' ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ 'ਤੇ ਵਿਸ਼ੇਸ਼ ਸਮਾਗਮ ਕੀਤੇ ਗਏ। ਇਸ ਸ਼ਹਿਰ ਸਨਵਾਕੀਨ ਵਿੱਚ ਹੁਣ ਬੇਸ਼ੱਕ ਬਹੁਤੇ ਪੰਜਾਬੀ ਪਰਿਵਾਰਾਂ ਦੀ ਗਿਣਤੀ ਬਹੁਤੀ ਨਹੀਂ। ਕੰਮਕਾਰ ਅਤੇ ਬੱਚਿਆ ਲਈ ਯੋਗ ਪੜਾਈ ਕਰਕੇ ਫਰਿਜ਼ਨੋ ਅਤੇ ਹੋਰ ਵੱਡੇ ਸ਼ਹਿਰਾਂ ਵਿੱਚ ਜਾ ਵਸੇ। ਪਰ ਇਹ ਗੁਰਦੁਆਰਾ ਪੁਰਾਤਨ ਹੋਣ ਕਰਕੇ ਸੰਗਤਾਂ ਦੂਰ-ਦੁਰਾਡੇ ਤੋਂ ਵੀ ਇਸ ਗੁਰੂ ਘਰ ਨਾਲ ਜੁੜੇ ਹੋਣ ਕਰਕੇ ਪਹੁੰਚਦੀਆਂ ਹਨ। ਜਿੱਥੇ ਅਖੰਡ ਪਾਠ ਦੇ ਭੋਗ ਦੌਰਾਨ ਗੁਰਮਤਿ ਸਮਾਗਮ ਹੋਏ। ਜਿੰਨ੍ਹਾ ਵਿੱਚ ਗੁਰੂਘਰ ਦੇ ਮੁੱਖ ਗ੍ਰੰਥੀ ਅਤੇ ਕੀਰਤਨੀਏ ਭਾਈ ਰਣਜੀਤ



ਸਿੰਘ ਜੀ ਨੇ ਗੁਰਬਾਣੀ ਕੀਰਤਨ ਅਤੇ ਸਿੱਖ ਇਤਿਹਾਸ ਸੁਣਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮੇਂ ਭਾਈ ਕੁਲਵੰਤ ਸਿੰਘ ਖਹਿਰਾ ਨੇ ਧਾਰਮਿਕ ਕਵਿਤਾਵਾਂ ਸੁਣਾ ਹਾਜ਼ਰੀ ਭਰੀ। ਜਦਕਿ ਕੈਲੀਫੋਰਨੀਆਂ ਦੀ ਪ੍ਰਮੁੱਖ ਗਾਇਕਾ ਬੀਬੀ ਜੋਤ ਰਣਜੀਤ ਕੌਰ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਦੀ ਸ਼ਹੀਦੀ ਦਾ ਸਮੁੱਚਾ ਇਤਿਹਾਸ ਸੰਗਤਾਂ ਨੂੰ ਵੀਰ ਰਸ ਵਾਲੀ ਗਾਇਕੀ ਰਾਹੀਂ ਸੁਣਾਇਆ। ਇਸ ਤੋਂ ਇਲਾਵਾ ਅਵਤਾਰ ਸਿੰਘ ਗਰੇਵਾਲ ਅਤੇ ਸਤਿਨਾਮ ਸਿੰਘ ਨੇ ਵੀ ਹਾਜ਼ਰੀ ਭਰੀ। ਇਹ ਸਮਾਗਮ ਅੰਤ ਸਿੱਖ ਇਤਿਹਾਸ ਨਾਲ ਨਵੀਂ ਪੀੜੀ ਨੂੰ ਸਾਂਝਾ ਦਾ ਸੁਨੇਹਾ ਦਿੰਦਾ ਹੋਇਆਂ ਯਾਦਗਾਰੀ ਹੋ ਨਿਬੜਿਆ। ਇਸ ਦੌਰਾਨ ਗੁਰੂ ਦਾ ਲੰਗਰ ਅਤੁੱਟ ਵਰਤਿਆ। ਸਮੁੱਚੇ ਸਮਾਗਮਾਂ ਦੀ ਸੇਵਾ ਸ. ਦਰਸ਼ਨ ਸਿੰਘ ਬਰਾੜ ਵੱਲੋਂ ਕੀਤੀ ਗਈ ਸੀ।

# ਧਰਮਪ੍ਰੀਤ ਸਿੰਘ ਜੱਸੜ ਨੂੰ ਫਰਿਜ਼ਨੋ ਵਿਖੇ ਸੇਜਲ ਅੱਖਾਂ ਨਾਲ ਵਿਦਾਇਗੀ





**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪਿਛਲੇ ਦਿਨੀ ਫਰਿਜ਼ਨੋ ਦੇ ਲਾਗਲੇ ਸ਼ਹਿਰ ਮਡੇਰਾ ਦੇ ਟਾਕਲ ਬੌਕਸ ਗੈਸ ਸਟੇਸ਼ਨ ਤੇ ਰੌਬਰੀ ਦੌਰਾਨ ਪੰਜਾਬੀ ਨੌਜਵਾਨ ਧਰਮਪ੍ਰੀਤ ਸਿੰਘ ਜੱਸੜ (20) ਜਿਸ ਦਾ ਪਿਛਲਾ ਪਿੰਡ ਖੋਥੜਾ (ਫਗਵਾੜਾ) ਨੂੰ ਗੋਲੀਆਂ ਮਾਰਕੇ ਕਤਲ ਕਰ ਦਿੱਤਾ ਗਿਆ ਸੀ। ਇਸ ਨੌਜਵਾਨ ਦਾ ਅੰਤਿਮ ਸੰਸਕਾਰ ਲੰਘੇ ਐਤਵਾਰ ਫਰਿਜ਼ਨੋ ਦੇ ਸ਼ਾਂਤ ਭਵਨ ਫਿਊਨਰਲ ਹੋਮ ਵਿੱਚ ਕੀਤਾ ਗਿਆ। ਇਸ ਮੌਕੇ ਸੈਂਕੜੇ ਪੰਜਾਬੀਆਂ ਨੇ ਸੇਜਲ ਅੱਖਾਂ ਨਾਲ ਧਰਮਪ੍ਰੀਤ ਨੂੰ ਅੰਤਿਮ ਵਿਦਾਇਗੀ ਦਿੱਤੀ। ਆਪਣੇ ਪੁੱਤ ਦੀਆਂ ਅੰਤਿਮ ਰਸਮਾਂ ਵਿੱਚ ਪੰਜਾਬ ਤੋਂ ਪਹੁੰਚੇ ਮਾਂ ਬਾਪ ਦੀਆਂ ਧਾਹਾਂ ਨਾਲ ਅੰਬਰ ਰੋ ਰਿਹਾ ਸੀ, ਪੂਰਾ ਪੰਜਾਬੀ ਭਾਈਚਾਰਾ ਡੂੰਘੇ ਸਦਮੇ ਵਿੱਚ ਸੀ। ਉਦਾਸੀ ਦੇ ਮੰਜ਼ਰ ਵਿੱਚ ਹਰ ਅੱਖ ਨਮ ਹੋ ਗਈ..! ਸ਼ਾਇਦ ਮੌਤ ਵੀ ਵੀਰ ਨੂੰ ਖੋਹਕੇ ਪਛਤਾਅ ਰਹੀ ਹੋਵੇਗੀ..! ਹਰ ਇੱਕ ਦੇ ਮੂੰਹ ਚੋਂ ਇਹੀ ਨਿਕਲ ਰਿਹਾ ਸੀ ਕਿ ਮਾਰਨ ਵਾਲਿਆ ਤੇਰਾ ਕੱਖ ਨਾ ਰਹੇ। ਅੰਤਿਮ ਸੰਸਕਾਰ ਉਪਰੰਤ ਭੋਗ ਗੁਰਦਵਾਰਾ ਕੁਦਰਤ ਵਿਖੇ ਪਾਇਆ ਗਿਆ। ਇੱਥੇ ਇਹ ਗੱਲ ਵੀ ਜਿਕਰਯੋਗ ਹੈ ਕਿ ਮੰਡੇਰਾ ਕਾਊਂਟੀ ਸ਼ੈਰਫ ਡਿਪਾਰਟਮੈਂਟ ਨੇ ਮਡਿਸਟੋ ਨਿਵਾਸੀ ਅੰਮ੍ਰਿਤਰਾਜ ਸਿੰਘ ਅਠਵਾਲ (22) ਨੂੰ ਧਰਮਪ੍ਰੀਤ ਦੇ ਕਤਲ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਧਰਮਪ੍ਰੀਤ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਤੇ ਭੈਣ ਦਾ ਜੜਵਾਂ ਭਰਾ ਸੀ। ਧਰਮਪ੍ਰੀਤ ਕਰੀਬ ਦੋ ਸਾਲ ਪਹਿਲਾਂ ਫਰਿਜ਼ਨੋ ਵਿਖੇ ਪੜ੍ਹਾਈ ਕਰਨ ਲਈ ਆਇਆ ਸੀ। ਇਸ ਘਟਨਾ ਕਰਕੇ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਹੈ।

# ਇੰਨਕੋਰ ਸੀਨੀਅਰ ਖੇਡਾਂ ਵਿੱਚ ਪੰਜਾਬੀ ਚੋਬਰਾਂ ਨੇ ਵਿਖਾਏ ਜੌਹਰ

**ਸੈਨ-ਮਟਿਓ (ਕੈਲੇਫੋਰਨੀਆ) ਨੀਟਾ ਮਾਛੀਕੇ/ ਕੁਲਵੰਤ ਧਾਲੀਆ–** ਸਥਾਨਿਕ ਸੈਨ-ਮਟਿਓ ਸਿਟੀ ਕਾਲਜ ਵਿੱਚ ਇੰਨਕੋਰ ਸੀਨੀਅਰ ਖੇਡਾਂ ਦਾ ਅਯੋਜਨ ਕੀਤਾ ਗਿਆ। ਇਹਨਾਂ ਖੇਡਾਂ ਵਿੱਚ ਦੁਨੀਆ ਭਰ ਤੋਂ ਸੀਨੀਅਰ ਖਿਡਾਰੀ ਭਾਗ ਲੈਣ ਵਾਸਤੇ ਪਹੁੰਚੇ ਹੋਏ ਸਨ। ਇਹ ਖੇਡਾਂ ਕਾਲਜ ਦੇ ਟ੍ਰੈਕ ਐਂਡ ਫੀਲਡ ਖੇਤਰ ਵਿੱਚ ਕਰਵਾਈਆਂ ਗਈਆਂ। ਇਹ ਖੇਡਾਂ ਵਿੱਚ ਪੰਜ ਪੰਜਾਬੀ ਸੀਨੀਅਰ ਗੱਭਰੂਆਂ ਨੇ ਵੀ



ਹਿੱਸਾ ਲਿਆ ਤੇ ਕੁਲ ਵੀਹ ਮੈਡਲ ਆਪਣੇ ਨਾਮ ਕੀਤੇ। ਇਹਨਾਂ ਖਿਡਾਰੀਆਂ ਵਿੱਚੋਂ ਗੁਰਬਖਸ਼ ਸਿੱਧੂ, ਕਮਲਜੀਤ ਬੈਨੀਪਾਲ, ਰਣਧੀਰ ਵਿਰਕ ਅਤੇ ਸੁਖਨੈਣ ਸਿੰਘ ਨੇ ਛੋਟੀਆਂ ਦੌੜਾਂ, ਡਿਸਕਸ ਥਰੋ ਅਤੇ ਜੰਪ ਵਿੱਚ ਮੈਡਲ ਜਿੱਤੇ ਜਦੋਂ ਕਿ ਜਗਤਾਰ ਸਿੰਘ ਨੇ ਭਾਰ ਚੁੱਕਣ ਵਿੱਚ ਮੈਡਲ ਹਾਸਲ ਕੀਤੇ। ਕਮਲਜੀਤ ਬੈਨੀਪਾਲ, ਗੁਰਬਖਸ਼ ਸਿੱਧੂ ਤੇ ਸੁਖਨੈਣ ਫਰਿਜ਼ਨੋ ਸ਼ਹਿਰ ਦੇ ਨਿਵਾਸੀ ਹਨ, ਜਦੋਂ ਕਿ ਰਣਧੀਰ ਸਿੰਘ ਵਿਰਕ ਤੇ ਜਗਤਾਰ ਸਿੰਘ ਰੀਨੋਂ ਨਵੈਡਾ ਤੋਂ ਪਹੁੰਚੇ ਹੋਏ ਹਨ। ਇੱਥੇ ਇਹ ਗੱਲ ਵੀ ਜਿਕਰਯੋਗ ਹੈ ਕਿ ਫਰਿਜ਼ਨੋ ਨਿਵਾਸੀ ਸੁਖਨੈਣ ਸਿੰਘ, ਕਮਲਜੀਤ ਬੈਨੀਪਾਲ ਤੇ ਗੁਰਬਖਸ਼ ਸਿੱਧੂ ਪਹਿਲਾਂ ਵੀ ਸੀਨੀਅਰ ਗੇਮਾਂ ਵਿੱਚ ਮੈਡਲ ਜਿੱਤਕੇ ਪੰਜਾਬੀ ਭਾਈਚਾਰੇ ਦਾ ਨਾਮ ਉਚਾ ਕਰ ਚੁੱਕੇ ਹਨ।

# ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਧਾਰਮਿਕ ਕਵੀ ਦਰਬਾਰ

**ਸੈਨਹੋਜ਼ੇ (ਪ੍ਰਵਾਨਾ)–** ਸਿੱਖ ਗੁਰਦੁਆਰਾ ਸੈਨਹੋਜ਼ੇ ਵਿਖੇ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਇਤਿਹਾਸ ਤੇ ਰੌਸ਼ਨੀ ਪਾਈ ਗਈ। ਧਾਰਮਿਕ ਕਵੀ ਦਰਬਾਰ ਦੌਰਾਨ ਕਵੀ ਸ਼ਾਮਲ ਸਨ: ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ



ਨੂਰਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ, ਤੇਜਿੰਦਰ ਸਿੰਘ, ਬੀਬੀ ਇੰਦਰਜੀਤ ਕੌਰ ਆਦਿ। ਭਾਈ ਸੁਖਦੇਵ ਸਿੰਘ ਬੈਨੀਵਾਲ ਗੁਰਦੁਆਰਾ ਪ੍ਰਬੰਧਕ ਵੱਲੋਂ ਕਵੀਆਂ ਦਾ ਸਨਮਾਨ ਕਰਦੇ ਹੋਏ ਕਿਹਾ ਕਿ ਇੱਥੋਂ ਦੇ ਹੀ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਤੋਂ ਸੇਧਲੈ ਕੇ ਸਮੇਂ-ਸਮੇਂ ਧਾਰਮਿਕ ਕਵੀ ਦਰਬਾਰ ਸਜਾਉਂਦੇ ਹਨ।

ਹਮੇਸ਼ਾ ਖਾਸ ਪੁਰਬਾਂ ਤੇ ਇਹਨਾਂ ਨੂੰ ਸੱਦਾ ਦਿੱਤਾ ਜਾਂਦਾ ਹੈ।

# ਦਿੱਲੀ 'ਚ ਪੁਰਾਣੀਆਂ ਗੱਡੀਆਂ ਦੀ ਰਜਿਸਟਰੇਸ਼ਨ ਨਹੀ ਹੋਵੇਗੀ

**ਚੰਡੀਗੜ੍ਹ –** ਦਿੱਲੀ ਅਤੇ ਐਨ ਸੀ ਆਰ (ਨੈਸ਼ਨਲ ਕੈਪੀਟਲ ਰੀਜਨ) ਵਿੱਚ ਸਮੋਗ ਦੀ ਸਮੱਸਿਆ ਨਾਲ ਨਿਪਟਣ ਲਈ ਹਰਿਆਣਾ ਤੇ ਦਿੱਲੀ ਸਰਕਾਰਾਂ ਮਿਲ ਕੇ ਕੰਮ ਕਰਨਗੀਆਂ। ਇਸ ਸਬੰਧ 'ਚ ਦੋਵਾਂ ਰਾਜਾਂ ਦੇ ਮੁੱਖ ਮੰਤਰੀਆਂ ਦੀ ਬੈਠਕ ਵਿੱਚ ਕਈ ਗੱਲਾਂ 'ਤੇ ਸਹਿਮਤੀ ਬਣੀ ਹੈ। ਇਸ ਨਾਲ ਤਿੰਨਾਂ ਰਾਜਾਂ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੇ ਪੁਰਾਣੇ ਵਾਹਨਾਂ ਦੀ ਰਜਿਸਟਰੇਸ਼ਨ ਬੰਦ ਹੋਵੇਗੀ ਅਤੇ ਸੀ ਐਨ ਜੀ ਵਾਲਿਆਂ ਨੂੰ ਪਹਿਲ ਦਿੱਤੀ ਜਾਏਗੀ। ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਦੇ ਹੁਕਮ ਹਨ ਕਿ ਪੈਟਰੋਲ ਦੇ 15 ਸਾਲ ਪੁਰਾਣੇ ਤੇ ਡੀਜ਼ਲ ਦੇ 10 ਸਾਲ ਪੁਰਾਣੇ ਵਾਹਨ ਸੜਕਾਂ 'ਤੇ ਨਹੀਂ ਚੱਲਣਗੇ। ਇਨ੍ਹਾਂ ਹੁਕਮਾਂ ਨੂੰ ਸਖਤੀ ਨਾਲ ਅਮਲ ਵਿੱਚ ਲਿਆਂਦਾ ਜਾਏਗਾ।

ਬੈਠਕ ਦੇ ਬਾਅਦ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਾਂਝੀ ਪ੍ਰੈਸ ਕਾਨਫਰੰਸ ਵਿੱਚ ਹਰਿਆਣਾ ਵੱਲੋਂ ਦੱਸਿਆ ਗਿਆ ਕਿ ਦਿੱਲੀ ਐਨ ਸੀ ਆਰ ਦੇ ਮੁੱਖ ਸ਼ਹਿਰ ਗੁਰੂਗ੍ਰਾਮ ਵਿੱਚ ਸੀ ਐਨ ਜੀ ਵਾਲੀਆਂ 500 ਨਵੀਆਂ ਬੱਸਾਂ ਚਲਾਈਆਂ ਜਾਣਗੀਆਂ ਅਤੇ ਕੁੰਡਲੀ ਮਾਨੇਸਰ ਪਲਵਲ ਐਕਸਪ੍ਰੈਸ ਵੇਅ ਦਾ ਕੰਮ 31 ਮਾਰਚ 2018 ਤੱਕ ਪੂਰਾ ਕਰ ਲਿਆ ਜਾਏਗਾ।

# ਮਜੀਠੀਆ ਨੂੰ ਕਲੀਨ ਚਿੱਟ ਨਹੀ ਮਿਲੇਗੀ, ਜਾਂਚ ਜਾਰੀ: ਕੈਪਟਨ

ਚੰਡੀਗੜ੍ਹ- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿੱਚ ਕਦੇ ਕਲੀਨ ਚਿੱਟ ਨਹੀਂ ਦਿੱਤੀ। ਉਨ੍ਹਾਂ ਵਿਰੁੱਧ ਲੱਗੇ ਦੋਸ਼ਾਂ ਦੀ ਜਾਂਚ ਕਈ ਏਜੰਸੀਆਂ ਕਰ ਰਹੀਆਂ ਹਨ। ਕੁਝ ਸਮਾਂ ਪਹਿਲਾਂ ਕਾਂਗਰਸ ਦੇ 40 ਵਿਧਾਇਕਾਂ ਨੇ ਮੁੱਖ ਮੰਤਰੀ ਨੂੰ ਇੱਕ ਪੱਤਰ ਦੇ ਕੇ ਮਜੀ-ਠੀਆ ਵਿਰੁੱਧ ਕਾਰਵਾਈ ਕਰਨ ਲਈ ਦਬਾਅ ਪਾਇਆ ਸੀ। ਕੈਬਨਿਟ ਮੰਤਰੀ ਨਵਜੋਤ ਸਿੱਧੂ, ਮਜੀਠੀਆ ਖ਼ਿਲਾਫ਼ ਜਨਤਕ ਤੌਰ 'ਤੇ ਦੋਸ਼ ਲਾਉਂਦੇ ਰਹੇ ਹਨ ਅਤੇ ਇੱਕ ਦਿਨ ਪਹਿਲਾਂ ਉਨ੍ਹਾਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨਾਲ ਪ੍ਰੈਸ ਕਾਨਫਰੰਸ ਮੌਕੇ ਦਾਅਵਾ ਕੀਤਾ ਸੀ ਕਿ ਇਸ ਮਾਮਲੇ ਵਿੱਚ ਉਨ੍ਹਾਂ ਕੋਲ ਸਬੂਤ ਹਨ। ਇੱਥੇ ਪੰਜਾਬ ਵਿਧਾਨ ਸਭਾ ਦੇ ਬਾਹਰ ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਸ਼ੀਲੇ ਪਦਾਰਥਾਂ ਦਾ ਮਾਮਲਾ ਬਹੁਤ ਗੰਭੀਰ ਹੈ। ਇਸ ਵਿੱਚ ਕਿਸੇ ਨੂੰ ਕਲੀਨ ਚਿੱਟ ਦੇਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਉਨ੍ਹਾਂ ਕਿਹਾ ਕਿ ਮਜੀਠੀਆ ਵਿਰੁੱਧ ਦੋਸ਼ਾਂ ਦੀ ਜਾਂਚ ਈ.ਡੀ., ਨਰਕੋਟਿਕਸ ਬਿਊਰੋ ਅਤੇ ਡੀ-ਆਰਆਈ ਸਮੇਤ ਕੁਝ ਹੋਰ ਸਰਕਾਰੀ ਏਜੰਸੀਆਂ ਕਰ ਰਹੀਆਂ ਹਨ ਤੇ ਪੰਜਾਬ ਪੁਲੀਸ, ਕੇਂਦਰੀ ਜਾਂਚ ਏਜੰ-ਸੀਆਂ ਨੂੰ ਸਹਿਯੋਗ ਦੇ ਰਹੀ ਹੈ। ਕੈਪਟਨ ਨੇ ਕਿਹਾ ਕਿ 'ਆਪ' ਆਗੂ ਸੁਖਪਾਲ ਖਹਿਰਾ ਬਾਰੇ ਨਸ਼ਿਆਂ ਦਾ ਮਾਮਲਾ ਅਦਾਲਤ ਵਿੱਚ ਹੈ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਨਸ਼ਿਆਂ ਦੀ ਸਮਗਲਿੰਗ ਦੇ ਦੋਸ਼ 'ਚ ਖਹਿਰਾ ਨੂੰ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਹਟਾਉਣ ਅਤੇ 'ਆਪ' ਵਿਧਾਇਕਾਂ ਵੱਲੋਂ ਮਜੀਠੀਆ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਬਾਰੇ ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਗੰਭੀਰ ਮਸਲੇ ਦਾ ਮਜ਼ਾਕ ਉਡਾ ਰਹੀ ਹੈ। ਦੋਵਾਂ ਮਾਮਲਿਆਂ ਵਿੱਚ ਕਾਨੂੰਨ ਅਨੁਸਾਰ ਕਾਰਵਾਈ ਹੋਵੇਗੀ ਤੇ ਸਰਕਾਰ ਕੋਈ ਦਖ਼ਲਅੰਦਾਜ਼ੀ ਨਹੀਂ ਕਰੇਗੀ।



ਮੈਂ ਬਹੁਤ ਖ਼ੁਸ਼ਕਿਸਮਤ ਹਾਂ ਕਿ ਅੱਜ ਦੇ ਇਤਿਹਾਸਿਕ ਦਿਵਸ 26 ਨਵੰਬਰ ਤੇ ਹੀ ਮੇਰਾ ਜਨਮ ਹੋਇਆ ਜਿਸ ਤਾਰੀਕ 26 ਨਵੰਬਰ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਹੁਣਾਂ (02 ਸਾਲ 11 ਮਹੀਨੇ 18 ਦਿਨ ਵਿੱਚ ਤਿਆਰ ਕਰਕੇ) ਨੇ ਭਾਰਤੀ ਸੰਵਿਧਾਨ ਲਿਖਕੇ ਭਾਰਤ ਸਰਕਾਰ ਨੂੰ ਦਿਤਾ ਸੀ ਜੀ।

–ਗਿੰਨੀ ਮਾਹੀ

# ਕੌਣ ਬਣੇਗਾ ਸ਼੍ਰੋਮਣੀ ਕਮੇਟੀ ਦਾ ਅਗਲਾ ਪ੍ਰਧਾਨ?

**(ਸਫਾ 1 ਦੀ ਬਾਕੀ)**

ਦੇ ਉਮੀਦਵਾਰ ਸਬੰਧੀ ਫੈਸਲੇ 'ਤੇ ਵੱਡੇ ਬਾਦਲ ਦੀ ਵੀ ਮੋਹਰ ਲਵਾਈ ਜਾਵੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਲਈ ਇਸ ਵਾਰੀ ਅਕਾਲੀ ਦਲ ਵੱਲੋਂ ਸੰਭਲ ਕੇ ਫੈਸਲੇ ਲਏ ਜਾਣ ਦੀ ਵੀ ਚਰਚਾ ਹੈ। ਬਰਗਾੜੀ ਪਿੰਡ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਹੋਣ ਤੋਂ ਬਾਅਦ ਅਕਾਲੀ ਦਲ ਪੰਥਕ ਜਥੇਬੰਦੀਆਂ ਦੇ ਲਗਾਤਾਰ ਨਿ-ਸ਼ਾਨੇ 'ਤੇ ਹੈ। ਇਸ ਵੀ ਪਤਾ ਲੱਗਾ ਹੈ ਕਿ ਪ੍ਰਧਾਨ ਦੀ ਚੋਣ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂਆਂ ਵੱਲੋਂ ਪ੍ਰਕਾਸ਼ ਸਿੰਘ ਬਾਦਲ ਨਾਲ ਵੀ ਮੀਟਿੰਗ ਕੀਤੀ ਜਾਵੇਗੀ।

**ਅਹੁਦੇਦਾਰ ਚੁਣਨ ਦਾ ਅਧਿਕਾਰ ਸੁਖਬੀਰ ਨੂੰ ਸੌਂਪਿਆ**

ਅੰਮ੍ਰਿਤਸਰ- ਸਿੱਖਾਂ ਦੀ ਮਿੰਨੀ ਸੰਸਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਭਲਕੇ ਹੋਣ ਵਾਲੇ ਜਨਰਲ ਇਜਲਾਸ ਵਿਚ ਪ੍ਰਧਾਨ ਸਮੇਤ ਹੋਰ ਅਹੁਦੇਦਾਰਾਂ ਦੀ ਚੋਣ ਲਈ ਹਾਕਮ ਧਿਰ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਆਪਣੇ ਉਮੀਦਵਾਰ ਚੁਣਨ ਲਈ ਸਮੁੱਚੇ ਅਧਿਕਾਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸੌਂਪ ਦਿੱਤੇ ਹਨ, ਜਦੋਂਕਿ ਵਿਰੋਧੀ ਧਿਰ ਵੱਲੋਂ ਵੀ ਆਪਣੇ ਉਮੀਦਵਾਰ ਮੈਦਾਨ ਵਿੱਚ ਉਤਾਰੇ ਜਾਣ ਦੀ ਸੰਭਾਵਨਾ ਹੈ। ਇਸ ਕਾਰਨ ਪ੍ਰਧਾਨ ਸਮੇਤ ਹੋਰਨਾਂ ਅਹੁਦੇਦਾਰਾਂ ਦੀ ਚੋਣ ਵੋਟ ਪਰਚੀ ਰਾਹੀਂ ਹੋ ਸਕਦੀ ਹੈ ।

ਇਸ ਸਬੰਧ ਵਿੱਚ ਅੱਜ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਇਕ ਮੀਟਿੰਗ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸੱਦੀ ਗਈ ਸੀ, ਜਿਸ ਦੀ ਪ੍ਰਧਾਨਗੀ ਪਾਰਟੀ ਪ੍ਰਧਾਨ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੀਤੀ। ਲਗਪਗ ਇਕ ਘੰਟਾ ਚੱਲੀ ਇਸ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰੀ ਬਾਦਲ ਨੇ ਦੱਸਿਆ ਕਿ ਪੁਰਾਤਨ ਰਵਾਇਤ ਮੁਤਾਬਕ ਸਮੂਹ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਉਮੀਦਵਾਰ ਚੁਣਨ ਦੇ ਸਾਰੇ ਅਧਿਕਾਰ ਪਾਰਟੀ ਪ੍ਰਧਾਨ ਨੂੰ ਸੌਂਪੇ ਹਨ, ਜੋ ਕਿ ਇਕ ਰਸਮੀ ਕਾਰਵਾਈ ਹੈ।

ਪਰ ਪ੍ਰਧਾਨ ਤੇ ਹੋਰ ਅਹੁਦੇਦਾਰ ਸਮੂਹ ਮੈਂਬਰਾਂ ਵੱਲੋਂ ਆਪਣੇ ਤੌਰ 'ਤੇ ਹੀ ਚੁਣੇ ਜਾਣਗੇ। ਉਨ੍ਹਾਂ ਇਸ ਪੁਰਾਤਨ ਰਵਾਇਤ ਸਬੰਧੀ ਹੋਰ ਕੁਝ ਵੀ ਕਹਿਣ ਤੋਂ ਇਨਕਾਰ ਕੀਤਾ। ਜਨਰਲ ਇਜਲਾਸ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ , ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ ਅਤੇ ਜਨਰਲ ਸਕਤਰ ਸਮੇਤ ਅੰਤ੍ਰਿਗ ਕਮੇਟੀ ਦੇ ਮੈਂਬਰਾਂ ਦੀ ਚੋਣ ਹੋਵੇਗੀ।

# ਦਿਲਗੀਰ ਦੀਆਂ ਕਿਤਾਬਾਂ 'ਤੇ ਪਾਬੰਦੀ ਦਾ ਮਾਮਲਾ ਹਾਈ ਕੋਰਟ ਪੁੱਜਾ

**ਚੰਡੀਗੜ੍ਹ** – ਸਿੱਖ ਇਤਿਹਾਸਕਾਰ ਡਾ. ਹਰਜਿੰਦਰ ਸਿੰਘ ਦਿਲਗੀਰ ਵੱਲੋਂ ਦਾਇਰ ਅਰਜ਼ੀ ਉੱਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ। ਇਸ ਨੋਟਿਸ ਦੇ ਨਾਲ ਕਿਸੇ ਸਿੱਖ ਨੂੰ ਸਿੱਖੀ ਵਿੱਚੋਂ ਛੇਕਣ ਦੀਆਂ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਦੀਆਂ ਤਾਕਤਾਂ ਵੀ ਇੱਕ ਤਰ੍ਹਾਂ ਜੁਡੀਸ਼ਲ ਨਿਗਰਾਨੀ ਦੇ ਵਿਚਾਰ ਹੇਠ ਆ ਗਈਆਂ ਹਨ। ਜਸਟਿਸ ਰਾਜਨ ਗੁਪਤਾ ਦੇ ਬੈਂਚ ਨੇ ਸ਼੍ਰੋਮਣੀ ਕਮੇਟੀ ਨੂੰ 29 ਨਵੰਬਰ ਲਈ ਇਹ ਨੋਟਿਸ ਜਾਰੀ ਕੀਤਾ ਹੈ।

ਵਕੀਲ ਨਵਕਿਰਨ ਸਿੰਘ ਨੇ ਡਾ. ਦਿਲਗੀਰ ਵੱਲੋਂ ਪੇਸ਼ ਕੀਤੀ ਗਈ ਇਸ ਪਟੀਸ਼ਨ ਵਿੱਚ ਸੰਵਿਧਾਨ ਦੀ ਧਾਰਾ 25 ਅਤੇ 26 ਦਾ ਹਵਾਲਾ ਦਿੰਦਿਆਂ ਕਿਹਾ ਕਿ ਇਕ ਧਾਰਮਿਕ ਸੰਸਥਾ ਨੂੰ ਸ਼ਾਇਦ ਤਾਕਤਾਂ ਆਪਣੇ 'ਧਾਰਮਿਕ ਮਾਮਲਿਆਂ' ਦਾ ਪ੍ਰਬੰਧ ਚਲਾਉਣ ਲਈ ਦਿੱਤੀਆਂ ਗਈਆਂ ਹਨ, ਪਰ ਸੰਸਥਾ ਆਪਣੇ ਅਧਿਕਾਰ ਤੋਂ ਬਾਹਰਲੇ ਮੁੱਦਿਆਂ ਦੇ ਸੰਬੰਧ ਵਿੱਚ ਕਿੰਤੂ ਪ੍ਰੰਤੂ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਕਿਤਾਬ ਲਿਖਣਾ ਵੀ ਏਸੇ ਤਰ੍ਹਾਂ ਦਾ ਇਕ ਮੁੱਦਾ ਹੈ। ਉਨ੍ਹਾ ਨੇ ਅਦਾਲਤ ਨੂੰ ਦੱਸਿਆ ਕਿ ਪਟੀਸ਼ਨਰ ਉੱਚ ਸਿੱਖਿਆ ਪ੍ਰਾਪਤ ਉੱਘੀ ਸ਼ਖ਼ਸੀਅਤ ਹੈ ਤੇ ਉਸ ਵੱਲੋਂ ਲਿਖੀਆਂ ਕਿਤਾਬਾਂ ਉੱਤੇ ਜਥੇਦਾਰਾਂ ਨੇ ਇਕ ਹੁਕਮ-ਨਾਮਾ ਜਾਰੀ ਕਰਕੇ ਪਾਬੰਦੀ ਲਾ ਦਿੱਤੀ ਹੈ। ਨਵਕਿਰਨ ਸਿੰਘ ਨੇ ਬੈਂਚ ਨੂੰ ਦਲੀਲ ਦਿੱਤੀ ਕਿ ਸਿੱਖ ਗੁਰਦੁਆਰਾ ਐਕਟ ਹੇਠ ਇਕ ਤਜਵੀਜ਼ ਤਿਆਰ ਕੀਤੀ ਗਈ ਹੈ, ਜਿਹੜੀ ਜਥੇਦਾਰਾਂ ਦੇ ਫ਼ਰਜ਼ ਤੈਅ ਕਰਦੀ ਹੈ। ਇਸ ਤਜਵੀਜ਼ ਦੇ ਅਧਿਐਨ ਤੋਂ ਇਹ ਗੱਲ ਸਪਸ਼ਟ ਹੈ ਕਿ ਇਹ ਫ਼ਰਜ਼ ਉਨ੍ਹਾਂ ਨੂੰ ਕਿਸੇ ਕਿਤਾਬ ਉੱਤੇ ਜਾਂ ਧਾਰਮਿਕ, ਸਮਾਜਿਕ ਜਾਂ ਸਿਆਸੀ ਮੰਚ ਤੋਂ ਬੋਲਣ ਉੱਤੇ ਪਾਬੰਦੀ ਲਾਉਣ ਦੀ ਖੁੱਲ੍ਹ ਨਹੀਂ ਦਿੰਦੇ। ਉਨ੍ਹਾਂ ਕਿਹਾ ਕਿ ਜਥੇਦਾਰਾਂ ਦਾ ਮੁੱਖ ਕੰਮ ਇਹ ਯਕੀਨੀ ਕਰਨਾ ਹੈ ਕਿ ਤਖ਼ਤਾਂ ਦਾ ਪ੍ਰਬੰਧ ਸਿੱਖਾਂ ਦੇ ਧਾਰਮਿਕ ਅਕੀਦੇ ਮੁਤਾਬਕ ਚਲਦਾ ਰਹੇ, ਮੀਟਿੰਗਾਂ ਕਰਕੇ ਕਿਤਾਬਾਂ ਉੱਤੇ ਪਾਬੰਦੀ ਲਾਉਣੀ ਇਸ ਫ਼ਰਜ਼ ਦਾ ਹਿੱਸਾ ਨਹੀਂ। ਇਸ ਲਈ ਕਿਸੇ ਕਿਤਾਬ ਉੱਤੇ ਜਾਂ ਵੱਖ ਵੱਖ ਮੰਚਾਂ ਤੋਂ ਬੋਲਣ ਉੱਤੇ ਪਾਬੰਦੀ ਦਾ ਫ਼ੈਸਲਾ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ ਅਤੇ ਇਸ ਲਈ ਗੈਰ ਕਾਨੂੰਨੀ ਹੈ। ਨਵਕਿਰਨ ਸਿੰਘ ਨੇ ਇਹ ਵੀ ਕਿਹਾ ਕਿ ਜਥੇਦਾਰਾਂ ਦੀ ਨਿਯੁਕਤੀ ਲਈ ਕੋਈ ਨਿਯਮ ਹੀ ਨਹੀਂ ਅਤੇ ਇਨ੍ਹਾਂ ਜਥੇਦਾਰਾਂ ਵੱਲੋਂ ਪਿਛਲੇ ਤਿੰਨ ਸਾਲਾਂ ਵਿੱਚ ਲਏ ਫ਼ੈਸਲਿਆਂ ਤੋਂ ਸਪੱਸ਼ਟ ਹੋ ਰਿਹਾ ਹੈ ਕਿ ਇਹ ਸਿਆਸੀ ਦਬਾਅ ਹੇਠ ਲਏ ਜਾ ਰਹੇ ਹਨ।

# ਹਿੰਦੂ ਨੇਤਾ ਵਿਪਿਨ ਸ਼ਰਮਾ ਦੇ ਕਤਲ ਨੇ ਲਿਆ ਨਵਾਂ ਮੋੜ, ਸਾਰਜ ਨੇ ਜ਼ਿੰਮੇਵਾਰੀ ਲਈ

**ਅੰਮ੍ਰਿਤਸਰ**– ਇਸ ਸ਼ਹਿਰ ਦੇ ਹਿੰਦੂ ਨੇਤਾ ਵਿਪਨ ਸ਼ਰਮਾ ਦੇ ਕਤਲ ਕੇਸ ਵਿੱਚ ਓਦੋਂ ਨਵਾਂ ਮੋੜ ਆ ਗਿਆ, ਜਦੋਂ ਇਸ ਕਤਲ ਲਈ ਪੁਲਿਸ ਵਲੋਂ ਨਾਮਜ਼ਦ ਕੀਤੇ ਗੈਂਗਸਟਰ ਸਾਰਜ ਮਿੰਟੂ ਵਲੋਂ ਫੇਸਬੁੱਕ ਉੱਤੇ ਪਾਈ ਇੱਕ ਪੋਸਟ ਰਾਹੀਂ ਇਸ ਕਤਲ ਦੀ ਜ਼ਿੰਮੇਵਾਰੀ ਲੈ ਲਈ। ਚਰਚਾ ਹੋਈ ਇਸ ਪੋਸਟ ਵਿੱਚ ਉਸ ਨੇ ਕਿਹਾ ਕਿ ਕਿਸੇ ਧਾਰਮਿਕ ਕਾਰਨ ਨਹੀਂ, ਆਪਣੇ ਦੋਸਤ ਦੇ ਪਿਤਾ ਦੇ ਕਤਲ ਦਾ ਬਦਲਾ ਲੈਣ ਲਈ ਉਨ੍ਹਾਂ ਕਤਲ ਕੀਤਾ ਹੈ ਅਤੇ ਇਸ ਨਾਲ ਇਹ ਕਤਲ ਕਿਸੇ ਹੋਰ ਕਾਰਨ ਨਹੀਂ, ਰੰਜਸ਼ ਵਿੱਚ ਕੀਤਾ ਕਤਲ ਹੀ ਮੰਨਿਆ ਜਾਵੇ।

ਵਰਨਣਯੋਗ ਹੈ ਕਿ ਕੁਝ ਦਿਨ ਪਹਿਲਾਂ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਵੀ ਇਹੀ ਗੱਲ ਕਹਿ ਚੁੱਕੇ ਹਨ ਕਿ ਇਹ ਗੈਂਗਸਟਰਾਂ ਦੀ ਆਪਸੀ ਰੰਜਸ਼ ਵਿੱਚ ਹੋਏ ਕਤਲ ਦਾ ਮਾਮਲਾ ਹੈ ਤੇ ਇਸ ਵਿੱਚ ਧਰਮ ਤੇ ਰਾਜਨੀਤੀ ਵਰਗਾ ਕੋਈ ਮੁੱਦਾ ਨਹੀਂ ਹੈ। ਸਾਰਜ ਮਿੰਟੂ ਨੇ ਫੇਸਬੁੱਕ ਸਟੇਟਸ ਅਪਡੇਟ ਵਿੱਚ ਕਿਹਾ ਕਿ 30 ਅਕਤੂਬਰ ਨੂੰ ਅੰਮ੍ਰਿਤਸਰ ਵਿੱਚ ਕਤਲ ਹੋਇਆ ਹੈ, ਉਹ ਉਸ ਨੇ ਕੀਤਾ ਹੈ ਤਾਂ ਕਿ ਵਿਪਨ ਸ਼ਰਮਾ ਨੂੰ ਉਸ ਦੀ ਗ਼ਲਤੀ ਦੀ ਸਜ਼ਾ ਮਿਲ ਸਕੇ। ਉਸ ਨੇ ਕਿਹਾ ਕਿ ਉਸ ਨੇ ਕਦੇ ਕਿਸੇ ਦਾ ਬੁਰਾ ਨਹੀਂ ਕੀਤਾ, ਵਿਪਿਨ ਸ਼ਰਮ ਨੇ ਇਕ ਪੁਲਿਸ ਵਾਲੇ ਦੀ ਹੱਤਿਆ ਕਰਵਾਈ ਸੀ, ਜੋ ਉਸ ਦੇ ਦੋਸਤ ਦਾ ਬਾਪ ਸੀ। ਸਾਰਜ ਨੇ ਕਿਹਾ ਕਿ ਜੇ ਕਿਸੇ ਨੂੰ ਯਕੀਨ ਨਾ ਹੋਵੇ ਤਾਂ ਪੁਲਿਸ ਜਾਂਚ ਕਰਵਾਈ ਜਾਵੇ। ਉਸ ਨੇ ਕਿਹਾ ਹੈ ਕਿ ਇਸ ਕਤਲ ਨੂੰ ਕਿਸੇ ਧਰਮ ਨਾਲ ਨਾ ਜੋੜਿਆ ਜਾਵੇ, ਇਹ ਸਾਡੀ ਆਪਸੀ ਰੰਜਸ਼ ਦਾ ਕਤਲ ਸੀ।

ਦੂਸਰੇ ਪਾਸੇ ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਸਾਰਜ ਸਿੰਘ ਮਿੰਟੂ ਨਾਂਅ ਦਾ ਗੈਂਗਸਟਰ ਪਿਛਲੇ ਚਾਰ ਮਹੀਨਿਆਂ ਤੋਂ ਇਲਾਕੇ ਵਿੱਚ ਘੁੰਮ ਰਿਹਾ ਸੀ। ਪੁਲਿਸ ਦੀ ਨਾਕਾਮੀ ਦਾ ਅੰਦਾਜ਼ਾ ਏਥੋਂ ਲਾਇਆ ਜਾ ਸਕਦਾ ਹੈ ਕਿ ਕਈ ਕਤਲਾਂ, ਲੁੱਟਾਂ ਖੋਹਾਂ ਲਈ ਲੋੜੀਂਦੇ ਗੈਂਗਸਟਰ ਦੇ ਅੰਮ੍ਰਿਤਸਰ ਵਿੱਚ ਸ਼ਰ੍ਹੇਆਮ ਘੁੰਮਣ ਦੇ ਬਾਵਜੂਦ ਪੁਲਿਸ ਉਸ ਦੀ ਸੂਹ ਰੱਖਣ ਜਾਂ ਉਸ ਨੂੰ ਫੜਨ ਵਿੱਚ ਕਾਮਯਾਬ ਨਹੀਂ ਹੋਈ। ਗੈਂਗਸਟਰ ਸਾਰਜ ਮਿੰਟੂ ਵਲੋਂ ਹੁਣ ਫੇਸਬੁੱਕ ਤੋਂ ਪਾਈ ਪੋਸਟ ਬਾਰੇ ਪੁਲਿਸ ਇਹ ਯਕੀਨ ਕਰਨ ਨੂੰ ਤਿਆਰ ਨਹੀਂ ਕਿ ਪੋਸਟ ਉਸੇ ਨੇ ਅਪਲੋਡ ਕੀਤੀ ਹੈ ਜਾ ਕਿਸੇ ਹੋਰ ਨੇ। ਪੁਲਿਸ ਸੂਤਰਾਂ ਮੁਤਾਬਕ ਇਹ ਝੂਠੀ ਹੋ ਸਕਦੀ ਹੈ ਤੇ ਹੋ ਸਕਦਾ ਹੈ ਕਿ ਪੁਲਿਸ ਜਾਂਚ ਨੂੰ ਉਲਝਾਉਣ ਦੀ ਮਨਸ਼ਾ ਨਾਲ ਇਹ ਕੋਸ਼ਿਸ਼ ਹੋਵੇ। ਇਸ ਤੋਂ ਪਹਿਲਾਂ ਵੀ ਗੈਂਗਸਟਰਾਂ ਵਲੋਂ ਫੇਸਬੁੱਕ ਅਪਡੇਟ ਕਰਨ ਦੀਆਂ ਖ਼ਬਰਾਂ ਮਿਲਦੀਆਂ ਰਹਿੰਦੀਆਂ ਹਨ ਅਤੇ ਕਈ ਵਾਰ ਇਹ ਵਿਦੇਸ਼ਾਂ ਤੋਂ ਅਪਡੇਟ ਹੋਣ ਬਾਰੇ ਪਤਾ ਲਗਦਾ ਰਿਹਾ ਹੈ, ਜੋ ਖ਼ੁਦ ਗੈਂਗਸਟਰਾਂ ਵਲੋਂ ਨਹੀਂ, ਉਨ੍ਹਾਂ ਦੇ ਵਿਦੇਸ਼ੀ ਬੈਠੇ ਦੋਸਤਾਂ ਵੱਲੋਂ ਚਲਾਈਆਂ ਜਾਂਦੀਆਂ ਸਨ।

# ਜੱਗੀ ਜੌਹਲ ਦੀ ਗ੍ਰਿਫਤਾਰੀ ਦਾ ਮਾਮਲਾ ਇੰਗਲੈਂਡ ਵਿੱਚ ਭਖਿਆ

**ਜਲੰਧਰ** – ਜ਼ਿਲਾ ਜਲੰਧਰ ਦੇ ਜੰਡਿਆਲਾ ਮੰਜਕੀ ਦੇ ਪਰਵਾਸੀ ਪੰਜਾਬੀ ਜਗਤਾਰ ਸਿੰਘ ਜੌਹਲ ਉਰਫ ਜੱਗੀ ਜੌਹਲ ਨੂੰ ਹਿੰਦੂ ਆਗੂਆਂ ਦੇ ਕਤਲ ਦੇ ਦੋਸ਼ ਹੇਠ ਮੋਗਾ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਜਾਣ ਦਾ ਮੁੱਦਾ ਇੰਗਲੈਂਡ ਵਿੱਚ ਕਾਫੀ ਭਖ ਗਿਆ ਹੈ। ਜੱਗੀ ਦੇ ਇੰਗਲੈਂਡ ਰਹਿੰਦੇ ਪਰਵਾਰ ਨੇ ਉਸ ਨੂੰ ਰਿਹਾਅ ਕਰਾਉਣ ਵਾਸਤੇ ਚਲਾਈ ਜਾ ਰਹੀ ਮੁਹਿੰਮ ਹੇਠ ਉਥੋਂ ਦੇ 50 ਪਾਰਲੀਮੈਂਟ ਮੈਂਬਰਾਂ ਤੱਕ ਪਹੁੰਚ ਕੀਤੀ ਹੈ। ਜੌਹਲ ਪਰਵਾਰ ਨੇ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਅਤੇ ਦਿੱਲੀ ਵਿੱਚ ਬ੍ਰਿਟੇਨ ਦੇ ਹਾਈ ਕਮਿਸ਼ਨ ਨਾਲ ਲਗਾਤਾਰ ਸੰਪਰਕ ਰੱਖਿਆ ਹੋਇਆ ਹੈ। ਜੱਗੀ ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਹੁਣ ਤੱਕ 50 ਪਾਰਲੀਮੈਂਟ ਮੈਂਬਰਾਂ ਨਾਲ ਗੱਲ ਹੋ ਚੁੱਕੀ ਹੈ ਤੇ 100 ਪਾਰਲੀਮੈਂਟ ਮੈਂਬਰਾਂ ਤੱਕ ਪਹੁੰਚ ਕਰ ਲੈਣ ਦੀ ਉਨ੍ਹਾਂ ਨੂੰ ਪੂਰੀ ਉਮੀਦ ਹੈ।

ਜੌਹਲ ਪਰਵਾਰ ਵੱਲੋਂ ਸੋਸ਼ਲ ਮੀਡੀਆ ਉੱਤੇ 'ਫ੍ਰੀ ਜੱਗੀ ਨਾਓ' ਦੇ ਬੈਨਰ ਹੇਠ ਮੁਹਿੰਮ ਚਲਾਈ ਜਾ ਰਹੀ ਹੈ। ਸਿੱਖ ਆਗੂਆਂ ਦੇ ਮੁਤਾਬਕ ਪਾਰਲੀਮੈਂਟ ਮੈਂਬਰ ਮਾਰਟਿਨ ਡੌਹੈਰੀ ਨੇ ਪਹਿਲਾਂ ਹੀ ਜੱਗੀ ਦੀ ਗ੍ਰਿਫਤਾਰੀ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਉਹ ਇਸ ਕੇਸ ਨੂੰ ਸੁਲਝਾਉਣ ਲਈ ਪਰਵਾਰ ਦੀ ਮਦਦ ਕਰਨਗੇ। ਗੁਰ-ਪ੍ਰੀਤ ਸਿੰਘ ਜੌਹਲ ਨੇ ਕਿਹਾ ਕਿ ਪੰਜਾਬ ਪੁਲਸ ਉਨ੍ਹਾਂ ਨੂੰ ਅਤੇ ਪਰਵਾਰ ਨੂੰ ਧਮਕੀਆਂ ਦੇ ਰਹੀ ਹੈ। ਇਸ ਬਾਰੇ ਵੀ ਭਾਰਤੀ ਹਾਈ ਕਮਿਸ਼ਨ ਨੂੰ ਜਾਣਕਾਰੀ ਦਿੱਤੀ ਗਈ ਹੈ। ਇਕ ਵੀਡੀਓ ਵਿੱਚ ਜਗਤਾਰ ਸਿੰਘ ਦੇ ਭਰਾ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੰਜਾਬ ਪੁਲਸ ਜਗਤਾਰ ਸਿੰਘ ਦਾ ਪਾਸਪੋਰਟ ਹਾਸਲ ਕਰਨ ਲਈ ਉਸ ਦੇ ਪਿੱਛੇ ਪਈ ਹੋਈ ਸੀ। ਉਹ ਖੁਦ ਪੰਜਾਬ ਤੋਂ ਇੰਗਲੈਂਡ ਮੁੜ ਆਇਆ ਸੀ, ਕਿਉਂਕਿ ਉਸ ਨੂੰ ਡਰ ਸੀ ਕਿ ਪੁਲਸ ਉਨ੍ਹਾਂ ਦੇ ਹੋਰ ਪਰਵਾਰਕ ਮੈਂਬਰਾਂ ਨੂੰ ਪਰੇਸ਼ਾਨ ਨਾ ਕਰੇ। ਪਰਵਾਰ ਨੇ ਕਿਹਾ ਕਿ ਉਨ੍ਹਾਂ ਨੂੰ ਕਿਸੇ ਆਰਥਿਕ ਮਦਦ ਦੀ ਲੋੜ ਨਹੀਂ ਤੇ ਨਾ ਕੋਈ ਜੱਗੀ ਦੀ ਰਿਹਾਈ ਲਈ ਪੈਸੇ ਇਕੱਠੇ ਕਰੇ।

### ਹਨੀਮੂਨ ਲਈ ਸਿੰਗਾਪੁਰ ਜਾਣ ਵਾਲਾ ਸੀ ਜਗਤਾਰ ਜੌਹਲ

ਪੰਜਾਬ ਵਿੱਚ ਹਿੰਦੂ ਨੇਤਾਵਾਂ ਦੇ ਕਤਲਾਂ ਦੇ ਦੋਸ਼ ਵਿੱਚ ਫੜਿਆ ਗਿਆ ਇੰਗਲੈਂਡ ਵਾਸੀ ਜਗਤਾਰ ਸਿੰਘ ਆਪਣੀ ਨਵ-ਵਿਆਹੁਤਾ ਲਾੜੀ ਨਾਲ ਸਿੰਗਾਪੁਰ ਹਨੀਮੂਨ 'ਤੇ ਜਾਣ ਦੀ ਤਿਆਰੀ ਕਰ ਰਿਹਾ ਸੀ, ਪਰ ਇਸ ਤੋਂ ਪਹਿਲਾਂ ਹੀ ਪੰਜਾਬ ਪੁਲਸ ਨੇ ਉਸ ਨੂੰ ਇਕ ਖੁਫੀਆ ਸੂਚਨਾ ਦੇ ਆਧਾਰ 'ਤੇ ਗ੍ਰਿਫਤਾਰ ਕਰ ਲਿਆ।

ਜਗਤਾਰ ਦਾ ਵਿਆਹ ਨਕੋਦਰ ਦੇ ਨੇੜੇ ਪਿੰਡ ਸੋਹਲ ਜਗੀਰ ਵਿੱਚ 18 ਅਕਤੂਬਰ ਨੂੰ ਹੋਇਆ ਸੀ। ਉਸ ਦੀ ਸੱਸ ਅਮਨਦੀਪ ਕੌਰ ਨੇ ਦੱਸਿਆ ਕਿ ਪੁਲਸ ਨੇ ਜਗਤਾਰ ਨੂੰ ਝੂਠੇ ਮਾਮਲੇ ਵਿੱਚ ਫਸਾਇਆ ਹੈ, ਉਸ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ। ਅਸੀਂ ਵਿਆਹ ਤੋਂ ਪਹਿਲਾ ਉਸ ਦੇ ਬਾਰੇ ਪੂਰੀ ਜਾਂਚ ਕੀਤੀ ਸੀ ਤੇ ਪਰਵਾਰ ਦੇ ਮੈਂਬਰ ਇੰਗਲੈਂਡ ਵਿੱਚ ਜਾ ਕੇ ਉਸ ਦਾ ਕਾਰੋਬਾਰ ਵੀ ਦੇਖ ਕੇ ਆਏ ਸਨ। ਜਗਤਾਰ ਦਾ ਇਕ ਭਰਾ ਵਕੀਲ ਹੈ। ਜੇ ਪੁਲਸ ਕੋਲ ਉਸ ਦੇ ਖਿਲਾਫ ਸਬੂਤ ਹਨ ਤਾਂ ਇਨ੍ਹਾਂ ਸਬੂਤਾਂ ਦਾ ਖੁਲਾਸਾ ਕਰਨਾ ਚਾਹੀਦਾ ਹੈ। ਸਾਨੂੰ ਪੁਲਸ ਦੀ ਕਹਾਣੀ ਉੱਤੇ ਭਰੋਸਾ ਨਹੀਂ। ਜਗਤਾਰ ਵਿਆਹ ਲਈ ਦੋ ਅਕਤੂਬਰ ਨੂੰ ਭਾਰਤ ਆਇਆ ਸੀ, ਇਸ ਤੋਂ ਪਹਿਲਾ ਭਾਰਤ ਆਉਣ ਦਾ ਪ੍ਰੋਗਰਾਮ ਬਣਿਆ ਸੀ ਤੇ ਉਹ ਇਥੇ ਕੁੱਝ ਦਿਨ ਰੁਕ ਕੇ ਗਿਆ ਸੀ। ਅਪ੍ਰੈਲ ਵਿੱਚ ਭਾਰਤ ਆਉਣ ਤੋਂ ਪਹਿਲਾ ਉਹ ਅੱਠ ਸਾਲਾਂ ਤੋਂ ਇੰਗਲੈਂਡ ਵਿੱਚ ਹੀ ਸੀ। ਅਮਨਦੀਪ ਕੌਰ ਨੇ ਦੱਸਿਆ ਕਿ ਜਦੋਂ ਪੁਲਸ ਨੇ ਜਗਤਾਰ ਨੂੰ ਗ੍ਰਿਫਤਾਰ ਕੀਤਾ, ਉਸ ਵੇਲੇ ਉਸ ਦੀ ਭੈਣ ਅਤੇ ਪਤਨੀ ਉਸ ਦੇ ਨਾਲ ਸੀ। ਪੁਲਸ ਜਗਤਾਰ ਨੂੰ ਲੈ ਗਈ ਅਤੇ ਸਾਨੂੰ ਦੱਸਿਆ ਗਿਆ ਕਿ ਉਹ ਫਰੀਦਕੋਟ ਵਿੱਚ ਹੈ, ਪਰ ਬਾਅਦ ਵਿੱਚ ਸਾਨੂੰ ਪਤਾ ਲੱਗਾ ਕਿ ਪੁਲਸ ਉਸ ਨੂੰ ਮੋਗਾ ਲੈ ਗਈ ਹੈ।

# ਕੇਂਦਰ ਵਲੋਂ ਚੰਡੀਗੜ੍ਹ ਹਵਾਈ ਅੱਡੇ ਦੀ ਸਟੇਟਸ ਰਿਪੋਰਟ ਦੇਣ ਤੋਂ ਨਾਂਹ

**ਚੰਡੀਗੜ੍ਹ** – ਕੇਂਦਰ ਸਰਕਾਰ ਨੇ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਦੇ ਲਈ ਸਮਾਨਾਂਤਰ ਰੰਨਵੇਅ ਬਣਾਉਣ ਦੇ ਮਾਮਲੇ ਵਿੱਚ ਹਾਈ ਕੋਰਟ ਵਿੱਚ ਸਟੇਟਸ ਰਿਪੋਰਟ ਦੇਣ ਤੋਂ ਇਨਕਾਰ ਕਰ ਦਿੱਤੀ ਹੈ।

ਸਰਕਾਰ ਨੇ ਕਿਹਾ ਹੈ ਕਿ ਹਾਈ ਕੋਰਟ ਵਿੱਚ ਪਹਿਲਾਂ ਤੈਅ ਕੀਤਾ ਜਾ ਚੁੱਕਾ ਹੈ ਕਿ ਸਾਰੇ ਕੰਮ ਬਾਰੇ ਸਟੇਟਸ ਰਿਪੋਰਟ ਫਰਵਰੀ ਵਿੱਚ ਦਿੱਤੀ ਜਾਵੇਗੀ। ਇਸ ਹਾਲਤ ਵਿੱਚ ਏਅਰਪੋਰਟ ਬਾਰੇ ਹੁਣ ਸਟੇਟਸ ਰਿਪੋਰਟ ਦੀ ਮੰਗ ਕਰਨਾ ਹੀ ਪੂਰੀ ਤਰ੍ਹਾਂ ਗਲਤ ਹੈ, ਕਿਉਂਕਿ ਇਸ ਨਾਲ ਠੇਕੇਦਾਰ ਵਿੱਚ ਬਿਨਾਂ ਵਜ੍ਹਾ ਦਬਾਅ ਬਣੇਗਾ।

ਇਸ ਸਾਰੇ ਕੇਸ ਵਿੱਚ ਹਾਈ ਕੋਰਟ ਨੂੰ ਸਹਿਯੋਗ ਕਰ ਰਹੇ ਸੀਨੀਅਰ ਐਡਵੋਕੇਟ ਐਮ ਐਲ ਸਰੀਨ ਨੇ ਵੀ ਕਿਹਾ ਹੈ ਕਿ ਹਾਈ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਫਰਵਰੀ ਵਿੱਚ ਉਸਾਰੀ ਕੰਮਾਂ ਦੀ ਸਟੇਟਸ ਰਿਪੋਰਟ ਦਿੱਤੀ ਜਾਣੀ ਹੈ। ਮੋਹਾਲੀ ਇੰਡਸਟਰੀਜ਼ ਐਸੋਸੀਏਸ਼ਨ ਨੇ ਦਾਇਰ ਕੀਤੀ ਪਟੀਸ਼ਨ ਵਿੱਚ ਕਿਹਾ ਹੈ ਕਿ ਸਮਾਨਾਂਤਰ ਰੰਨਵੇਅ ਬਣਾਉਣ ਨਾਲ ਪਹਿਲਾਂ ਹੀ ਹਵਾਈ ਅੱਡਾ ਸ਼ਾਮ ਚਾਰ ਵਜੇ ਤੋਂ ਸਵੇਰੇ ਪੰਜ ਵਜੇ ਤੱਕ ਬੰਦ ਕੀਤਾ ਰਹਿੰਦਾ ਹੈ। ਅਜਿਹੇ ਹਾਲਾਤ ਵਿੱਚ ਹੁਣ ਫਰਵਰੀ ਮਹੀਨੇ ਵਿੱਚ ਦੋ ਹਫਤੇ ਲਈ ਹਵਾਈ ਅੱਡਾ ਪੂਰੀ ਤਰ੍ਹਾਂ ਬੰਦ ਕੀਤਾ ਜਾਣਾ ਸਹੀ ਨਹੀਂ ਹੈ। ਕੇਂਦਰ ਨੇ ਇਸ ਵਿੱਚ ਜਵਾਬ ਦਾਇਰ ਕਰਨ ਲਈ ਹਾਈ ਕੋਰਟ ਤੋਂ ਸਮਾਂ ਮੰਗਿਆ।

# ਮਿਸ ਵਰਲਡ ਨੂੰ ਦਿਲਕਸ਼ ਮੁਸਕਰਾਹਟ ਦੇਣ ਪਿੱਛੇ ਡੈਂਟਿਸਟ ਦਾ ਹੱਥ

**ਮੁੰਬਈ**– ਸੰਸਾਰ ਭਰ ਦੀਆਂ 118 ਸੁੰਦਰੀਆਂ ਨੂੰ ਛੱਡ ਕੇ ਮਿਸ ਵਰਲਡ ਦਾ ਖਿਤਾਬ ਜਿੱਤਣ ਵਾਲੀ ਭਾਰਤ ਦੀ ਮਾਨੁਸ਼ੀ ਛਿੱਲਰ ਦੀ ਦਿਲਕਸ਼ ਮੁਸਕਰਾਹਟ ਪਿੱਛੇ ਮੁੰਬਈ ਦੇ ਸੈਲੀਬ੍ਰਿਟੀ ਡੈਂਟਿਸਟ ਡਾ. ਸੰਦੇਸ਼ ਮਯੇਕਰ ਦੀ ਮਹੱਤਵ ਪੂਰਨ ਭੂਮਿਕਾ ਹੈ। ਮਾਨੁਸ਼ੀ ਨੇ ਮਿਸ ਵਰਲਡ ਪ੍ਰਤੀਯੋਗਤਾ ਤੋਂ ਪਹਿਲਾਂ ਡਾ. ਸੰਦੇਸ਼ ਮਯੇਕਰ ਤੋਂ ਹੀ ਵਿਸ਼ੇਸ਼ ਇਲਾਜ ਕਰਵਾਇਆ ਸੀ। ਇਹ ਖੁਲਾਸਾ ਖੁਦ ਸੈਲੀਬ੍ਰਿਟੀ ਡੈਂਟਿਸਟ ਤੇ ਡਿਜ਼ਾਈਨਰ ਆਫ ਸਮਾਈਲ ਦੇ ਨਾਂ ਨਾਲ ਪ੍ਰਸਿੱਧ ਡਾ. ਸੰਦੇਸ਼ ਮਯੇਕਰ ਨੇ ਕੀਤਾ। ਡਾ. ਸੰਦੇਸ਼ ਮਯੇਕਰ ਇੰਡੀਅਨ ਡੈਂਟਲ ਐਸੋਸੀਏਸ਼ਨ ਲੁਧਿਆਣਾ ਬਰਾਂਚ ਵੱਲੋਂ ਕਰਵਾਈ ਤਿੰਨ ਦਿਨਾ ਪੰਜਾਬ ਸਟੇਟ ਡੈਂਟਲ ਕਾਨਫਰੰਸ ਦੇ ਅੰਤਿਮ ਦਿਨ ਪਹੁੰਚੇ ਸਨ। ਉਹ ਆਪਣੇ ਦੋਸਤ ਤੇ ਸ਼ਹਿਰ ਦੇ ਪ੍ਰਸਿੱਧ ਡੈਂਟਿਸਟ ਡਾ. ਵਿਵੇਕ ਸੱਗੜ ਕੋਲ ਰੁਕੇ ਹੋਏ ਸਨ। ਇਸ ਦੌਰਾਨ ਡਾ. ਸੰਦੇਸ਼ ਨੇ ਦੱਸਿਆ ਕਿ ਮਿਸ ਇੰਡੀਆ ਬਣਨ ਤੋਂ ਬਾਅਦ ਮਾਨੁਸ਼ੀ ਉਨ੍ਹਾਂ ਕੋਲ ਆਈ ਸੀ। ਉਸ ਨੇ ਮਿਸ ਵਰਲਡ ਪ੍ਰਤੀਯੋਗਤਾ ਵਿੱਚ ਭਾਗ ਲੈਣ ਬਾਰੇ ਦੱਸਿਆ। ਮਾਨੁਸ਼ੀ ਨੇ ਕਿਹਾ ਸੀ ਕਿ ਉਸ ਨੂੰ ਅਜਿਹੀ ਮੁਸਕਰਾਹਟ ਚਾਹੀਦੀ ਹੈ, ਜੋ 'ਅੱਖਾਂ ਤੋਂ ਸਿੱਧੇ ਦਿਲ ਉਤੇ ਉਤਰ ਜਾਵੇ।' ਇਸ ਤੋਂ ਬਾਅਦ ਉਨ੍ਹਾਂ ਨੇ ਮਾਨੁਸ਼ੀ ਦੇ ਚਿਹਰੇ ਨੂੰ ਪਰਖਿਆ ਤੇ ਉਸੇ ਦੇ ਆਧਾਰ 'ਤੇ ਖ਼ੂਬਸੂਰਤ ਮੁਸਕਰਾਹਟ ਡਿਜ਼ਾਈਨ ਕੀਤੀ, ਜਿਸ ਵਿੱਚ ਦੋ ਮਹੀਨੇ ਲੱਗੇ। ਚਾਰ ਸਿਟਿੰਗਜ਼ ਵਿੱਚ ਉਨ੍ਹਾਂ ਦੀ ਮੁਸਕਰਾਹਟ ਨੂੰ ਖ਼ੂਬਸੂਰਤ ਬਣਾਉਣ ਲਈ ਮਸੂੜਿਆਂ ਅਤੇ ਦੰਦਾਂ ਦੀ ਸ਼ਕਲ ਬਦਲੀ ਗਈ। ਇਸ ਤੋਂ ਬਾਅਦ ਨਤੀਜਾ ਸਭ ਦੇ ਸਾਹਮਣੇ ਹੈ। ਡਾ. ਸੰਦੇਸ਼ ਦੇ ਮੁਤਾਬਕ ਮੁਸਕਰਾਹਟ ਨਾਲ ਹੌਸਲਾ ਵਧਦਾ ਅਤੇ ਟੀਚਾ ਸਰ ਕਰਨ ਵਿੱਚ ਮਦਦ ਕਰਦਾ ਹੈ। ਉਨ੍ਹਾਂ ਕਿਹਾ ਕਿ ਮਾਨੁਸ਼ੀ ਨੂੰ ਮਿਸ ਵਰਲਡ ਬਣਨ ਤੋਂ ਪਹਿਲਾਂ ਹੀ ਖ਼ੁਦ 'ਤੇ ਭਰੋਸਾ ਸੀ। ਜਦੋਂ ਵੀ ਮਾਨੁਸ਼ੀ ਉਨ੍ਹਾਂ ਕੋਲ ਆਉਂਦੀ ਸੀ ਤਾਂ ਉਹ ਹਮੇਸ਼ਾ ਕਹਿੰਦੀ ਸੀ ਕਿ ਉਹ ਮਿਸ ਵਰਲਡ ਦਾ ਤਾਜ ਲੈ ਕੇ ਹੀ ਦੇਸ਼ ਪਰਤੇਗੀ।



# 'ਐੱਸ ਵਾਈ ਐੱਲ ਬਾਰੇ ਹਰਿਆਣਾ ਨਾਲ ਕੋਈ ਗੁਪਤ ਸਮਝੌਤਾ ਨਹੀਂ'

**ਜਲੰਧਰ** – ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਹਰਿਆਣਾ ਨਾਲ ਕਿਸੇ ਵੀ ਤਰ੍ਹਾਂ ਦਾ ਗੁਪਤ ਸਮਝੌਤਾ ਕਰਨ ਦੀ ਕੋਸ਼ਿਸ਼ ਦੇ ਅਕਾਲੀ ਪਾਰਲੀਮੈਂਟ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਲਾਏ ਗਏ ਦੋਸ਼ਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਿਰੇ ਤੋਂ ਰੱਦ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਕੇਸ ਤਾਂ ਸੁਪਰੀਮ ਕੋਰਟ ਦੇ ਵਿਚਾਰ ਅਧੀਨ ਹੈ ਤੇ ਖੱਟੜ ਸਰਕਾਰ ਦੇ ਨਾਲ ਇਸ ਵਿੱਚ ਕਿਸੇ ਤਰ੍ਹਾਂ ਦੇ ਸਮਝੌਤਾ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮੁੱਖ ਮੰਤਰੀ ਨੇ ਅਕਾਲੀ ਦਲ ਦੇ ਪਾਰਲੀਮੈਂਟ ਮੈਂਬਰ ਨੂੰ ਮਨਘੜਤ ਦੋਸ਼ ਨਾ ਲਾਉਣ ਬਾਰੇ ਸਲਾਹ ਦਿੰਦਿਆਂ ਉਨ੍ਹਾ ਨੇ ਕਿਹਾ ਕਿ ਐੱਸ ਵਾਈ ਐੱਲ ਵਰਗੇ ਨਾਜ਼ੁਕ ਮੁੱਦੇ 'ਤੇ ਚੰਦੂਮਾਜਰਾ ਨੂੰ ਗੈਰ ਜ਼ਰੂਰੀ ਬਿਆਨਬਾਜ਼ੀ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਐੱਸ ਵਾਈ ਐੱਲ ਸਮੇਤ ਕਿਸੇ ਵੀ ਮੁੱਦੇ ਉੱਤੇ ਪੰਜਾਬ ਦੀ ਸ਼ਾਂਤੀ ਤੇ ਸਥਿਰਤਾ ਨੂੰ ਭੰਗ ਕਰਨ ਦੀ ਕਿਸੇ ਨੂੰ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਕਾਲੀ ਆਪਣੇ ਸਿਆਸੀ ਹਿੱਤਾਂ ਨੂੰ ਉਤਸ਼ਾਹਤ ਕਰਨ ਲਈ ਇਹੋ ਜਿਹੇ ਮੁੱਦੇ ਉਛਾਲਦੇ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਇਸ ਤਰ੍ਹਾਂ ਦੀਆਂ ਸਰਗਰਮੀਆਂ ਲਈ ਨਾ ਸਮਾਂ ਹੈ ਅਤੇ ਨਾ ਉਨ੍ਹਾਂ ਦੀ ਗੁਪਤ ਸਮਝੌਤੇ ਕਰਨ ਦੀ ਆਦਤ ਹੈ। ਅਜਿਹਾ ਰੁਝਾਨ ਅਕਾਲੀ ਆਗੂਆਂ ਦਾ ਸੁਭਾਅ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਕਾਲੀ-ਭਾਜਪਾ ਗਠਜੋੜ ਵੱਲੋਂ ਪਿਛਲੇ 10 ਸਾਲਾਂ ਵਿੱਚ ਪੰਜਾਬ ਦੀ ਕੀਤੀ ਤਬਾਹੀ ਤੋਂ ਬਾਅਦ ਰਾਜ ਨੂੰ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਐੱਸ ਵਾਈ ਐੱਲ ਦਾ ਮਸਲਾ ਸ਼ਾਂਤਮਈ ਢੰਗ ਨਾਲ ਹੱਲ ਕਰਨ ਦੇ ਪੱਖ ਵਿੱਚ ਹੈ।

# ਲੱਚਰ ਗੀਤ ਗਾਉਣ ਵਾਲਿਆਂ ਨੂੰ ਅਲਟੀਮੇਟਮ!

**ਲੁਧਿਆਣਾ** – 'ਬੋਤਲੇ ਸ਼ਰਾਬ ਦੀਏ', 'ਚਾਰ ਬੋਤਲਾਂ ਵੋਦਕਾ, ਕਾਮ ਮੇਰਾ ਰੋਜ਼ ਕਾ', 'ਘਰ ਦੀ ਸ਼ਰਾਬ ਹੋਵੇ', 'ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ', 'ਚੰਡੀਗੜ੍ਹ ਵਿੱਚ ਕੁੜੀ ਮਿਲੀ ਚੌਕਲੇਟ ਵਰਗੀ' ਅਤੇ 'ਚੌਥਾ ਪੈਗ ਲਾ ਕੇ ਤੇਰੀ ਬਾਂਹ ਫੜਨੀ' ਜਿਹੇ ਗੀਤਾਂ ਦੇ ਖਿਲਾਫ ਹਾਈ ਕੋਰਟ ਵਿੱਚ ਕੇਸ ਕਰਨ ਵਾਲੇ ਮੂਲ ਰੂਪ ਵਿੱਚ ਕਰਨਾਟਕ ਵਾਸੀ ਤੇ ਸਰਕਾਰੀ ਕਾਲਜ ਸੈਕਟਰ 46 ਚੰਡੀਗੜ੍ਹ ਦੇ ਸ਼ੋਸ਼ਲਿਓਜੀ ਦੇ ਪ੍ਰੋਫੈਸਰ ਪੰਡਿਤਰਾਓ ਧਰੇਨਵਰ ਨੇ ਪੰਜਾਬੀ ਭਵਨ ਲੁਧਿਆਣਾ ਵਿਖੇ ਸ਼ਰਾਬੀ, ਹਥਿਆਰੀ ਤੇ ਲੱਚਰ ਗੀਤਾਂ ਖਿਲਾਫ ਪ੍ਰਚਾਰ ਕਰਦੇ ਹੋਏ ਕਿਹਾ ਕਿ ਜੇ ਇਸ ਤਰ੍ਹਾਂ ਦੇ ਗੀਤਾਂ ਦੇ ਗਾਇਕਾਂ ਨੇ 15 ਦਸੰਬਰ ਤੱਕ ਪੰਜਾਬੀ ਭਾਸ਼ਾ, ਪੰਜਾਬੀ ਲੋਕਾਂ ਅਤੇ ਪੰਜਾਬੀ ਸਾਹਿਤ ਤੋਂ ਮੁਆਫੀ ਨਾ ਮੰਗੀ ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਤੇ ਇਨ੍ਹਾਂ ਗਾਇਕਾਂ ਨੂੰ ਅਦਾਲਤ ਵਿੱਚ ਪੇਸ਼ ਹੋਣਾ ਪਵੇਗਾ।




ਪ੍ਰੋ: ਧਰੇਨਵਰ ਨੇ ਅਜਿਹੇ ਗੀਤਾਂ ਨਾਲ ਜੁੜੀਆਂ ਪੰਜਾਬੀ ਮਿਊਜ਼ਿਕ ਰਿਕਾਰਡਿੰਗ ਕੰਪਨੀਆਂ, ਮਿਊਜ਼ਕ ਚੈਨਲ, ਡੀਜੇ ਕੰਪਨੀਆਂ ਅਤੇ ਵਿਆਹਾਂ ਵਾਲੇ ਹਾਲਾਂ ਨੂੰ ਵੀ ਕਾਨੂੰਨੀ ਨੋਟਿਸ ਦੇਣ ਦੀ ਗੱਲ ਆਖੀ ਹੈ। ਪੰਡਿਤਰਾਓ ਧਰੇਨਵਰ ਨੇ ਕਿਹਾ ਕਿ ਲੁਧਿਆਣਾ ਦੇ ਇਕ ਨਾਮੀ ਗਾਇਕ ਤੇ ਅਦਾਕਾਰ ਨੂੰ ਉਸ ਦੇ ਘਰ ਜਾ ਕੇ ਨੋਟਿਸ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬੇਸ਼ੱਕ ਭਾਰਤ ਦੀਆਂ ਹੋਰਨਾਂ ਭਾਸ਼ਾਵਾਂ ਦੇ ਗੀਤਾਂ ਵਿੱਚ ਵੀ ਉਪਰੋਕਤ ਬੁਰਾਈਆਂ ਹਨ, ਪਰ ਪੰਜਾਬੀ ਸੰਗੀਤ ਵਿੱਚ ਸ਼ਰਾਬ, ਹਥਿਆਰ ਤੇ ਲੱਚਰ ਗੀਤਾਂ ਦੀ ਭਰਮਾਰ ਜ਼ਿਆਦਾ ਹੈ। ਉਨ੍ਹਾਂ ਗੰਦੇ ਗੀਤ ਗਾਉਣ ਵਾਲਿਆਂ ਨੂੰ ਕ੍ਰਿਮੀਨਲ ਦੱਸਦੇ ਹੋਏ ਕਿਹਾ ਕਿ ਇਹ ਰੁਝਾਨ ਬੰਦ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਦਾਲਤ ਵਿੱਚ ਉਨ੍ਹਾਂ ਦੀ ਅਰਜ਼ੀ ਜੱਜ ਸਾਹਿਬਾਨ ਅਜੇ ਕੁਮਾਰ ਮਿੱਤਲ ਅਤੇ ਅਮਿਤ ਰਾਵਲ ਵੱਲੋਂ ਸਵੀਕਾਰ ਕੀਤੀ ਹੋਈ ਹੈ ਤੇ 18 ਦਸੰਬਰ ਤਰੀਕ ਹੈ। ਉਨ੍ਹਾਂ ਕਿਹਾ ਕਿ ਸੰਨ 1952 ਵਿੱਚ ਬਣੇ ਸੈਂਸਰ ਬੋਰਡ ਦੀਆਂ ਨੀਤੀਆਂ ਵਿੱਚ ਸੋਧ ਦੀ ਲੋੜ ਹੈ, ਕਿਉਂਕਿ ਸ਼ਰਾਬੀ, ਹਥਿਆਰੀ ਤੇ ਲੱਚਰ ਗੀਤਾਂ ਦਾ ਦੌਰ ਉਸ ਤੋਂ ਬਾਅਦ ਹੀ ਸ਼ੁਰੂ ਹੋਇਆ ਹੈ। ਧਰੇਨਵਰ ਨੇ ਕਿਹਾ ਕਿ ਸੰਨ 2005 ਵਿੱਚ ਉਹ ਅੰਗਰੇਜ਼ੀ ਭਾਸ਼ਾ ਵਿੱਚ ਪੜ੍ਹਾਉਂਦੇ ਸਨ, ਪਰ ਜਦੋਂ ਉਨ੍ਹਾਂ ਵੇਖਿਆ ਕਿ ਅੱਸੀ ਫੀਸਦੀ ਤੋਂ ਵਧੇਰੇ ਵਿਦਿਆਰਥੀ ਪੰਜਾਬੀ ਹਨ ਤਾਂ ਉਨ੍ਹਾਂ ਵਿਸ਼ੇਸ਼ ਤੌਰ 'ਤੇ ਪੰਜਾਬੀ ਸਿੱਖੀ ਤੇ ਪੰਜਾਬੀ ਭਾਸ਼ਾ ਵਿੱਚ ਪੜ੍ਹਾਉਣਾ ਸ਼ੁਰੂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਦੀ ਅਮੀਰਤਾ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਗੁਰਬਾਣੀ ਦਾ ਅਨੁਵਾਦ ਵੀ ਕੀਤਾ ਹੈ।

# ਰਿਚੀਰਚ ਪੈਲੇਸ ਵਿਖੇ ਮਨਜੀਤ ਸਿੰਘ ਜੀ.ਕੇ. ਦਾ ਭਰਵਾਂ ਸਵਾਗਤ ਤੇ ਸਨਮਾਨ

## ਸੀਨੀਅਰ ਅਕਾਲੀ ਆਗੂ ਮੋਹਨ ਸਿੰਘ ਖਟੜਾ ਤੇ ਯੂਥ ਅਕਾਲੀ ਆਗੂ ਬਲਵਿੰਦਰ ਸਿੰਘ ਨਵਾਂ ਸ਼ਹਿਰ ਵੀ ਪਹੁੰਚੇ

**ਨਿਊਯਾਰਕ (ਹੁਸਨ ਲੜੋਆ ਬੰਗਾ)–** ਅਮਰੀਕਾ ਦੌਰੇ 'ਤੇ ਆਏ ਦਿੱਲੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਪਰਧਾਨ ਮਨਜੀਤ ਸਿੰਘ ਜੀ. ਕੇ. ਦਾ ਰਿਚਮਿੰਡ ਹਿਲ ਵਿਖੇ ਰਿਚੀਰਚ ਪੈਲਸ ਪਹੁੰਚਣ 'ਤੇ ਜਰਨੈਲ ਸਿੰਘ ਗਿਲਜੀਆਂ ਤੇ ਹੋਰ ਅਕਾਲੀ ਆਗੂਆਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ ਤੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਮਨਜੀਤ ਸਿੰਘ ਜੀ. ਕੇ. ਦੇ ਭਰਾ ਇੰਦਰਜੀਤ ਸਿੰਘ ਜੋ ਕਿ ਇਥੇ ਹੀ ਰਹਿੰਦੇ ਹਨ ਵੀ ਹਾਜ਼ਰ ਸਨ। ਮਨਜੀਤ ਸਿੰਘ ਜੀ. ਕੇ. ਜਰਨੈਲ ਸਿੰਘ ਗਿਲਜੀਆਂ ਦੇ ਸੱਦੇ 'ਤੇ ਪਹੁੰਚੇ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਕਾਰ ਸਿੰਘ ਸਿੱਲਾਂ, ਰਣਜੀਤ ਸਿੰਘ, ਗੁਰਮੇਲ ਸਿੰਘ ਗਿਲਜੀਆਂ, ਜਰਨੈਲ ਸਿੰਘ, ਹਰਬਿੰਸ ਸਿੰਘ, ਜਸਮੇਲ ਸਿੰਘ ਬਰਾਲਾ ਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ। ਮਨਜੀਤ ਸਿੰਘ ਜੀ. ਕੇ. ਨੇ ਇਥੇ ਇਕੱਤਰਤਾ ਦੌਰਾਨ ਦਿੱਲੀ ਵਿਚ ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਬਾਰੇ ਜਾਣਕਾਰੀ ਦਿੰਦਿਆਂ ਇਸ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਉਹ ਇਸ ਮਾਮਲੇ ਵਿਚ ਕਾਨੂੰਨੀ ਕਾਰਵਾਈ ਵੀ ਕਰ ਰਹੇ ਹਨ ਅਤੇ ਕੇਂਦਰ ਸਰਕਾਰ ਕੋਲ ਪਹੁੰਚ ਵੀ ਕਰ ਰਹੇ



ਹਨ। ਜਰਨੈਲ ਸਿੰਘ ਗਿਲਜੀਆਂ ਨੇ ਕਿਹਾ ਕਿ ਮਨਜੀਤ ਸਿੰਘ ਜੀ. ਕੇ. ਦਿੱਲੀ ਵਿਚ ਗੁਰੂ ਘਰਾਂ ਦੇ ਪਰਬੰਧ ਤੋਂ ਇਲਾਵਾ ਸਮੇਂ-ਸਮੇਂ 'ਤੇ ਸਿੱਖੀ 'ਤੇ ਹੋ ਰਹੇ ਹਮਲਿਆਂ ਦਾ ਡਟ ਕੇ ਵਿਰੋਧ ਕਰਦੇ ਹਨ ਤੇ ਸਾਨੂੰ ਸਭ ਨੂੰ ਪੰਥਕ ਮਸਲਿਆਂ ਤੇ ਇਕਜੁੱਟ ਹੋ ਕੇ ਰਹਿਣਾ ਚਾਹੀਦਾ ਹੈ ਭਾਵੇਂ ਉਹ ਪਾਰਟੀ ਦਾ ਮਸਲਾ ਹੋਵੇ, ਭਾਵੇਂ ਕੋਈ ਧਾਰਮਿਕ ਜਾਂ ਪਰਿਵਾਰਕ ਮਸਲਾ ਹੋਵੇ। ਉਨਾਂ ਕਿਹਾ ਕਿ ਆਪਸੀ ਇਕਜੁਟਤਾ ਹੀ ਚੰਗੇ ਸਮਾਜ ਦਾ ਨਿਰਮਾਣ ਕਰਦੀ ਹੈ। ਇਸ ਮੌਕੇ ਸ. ਜੀ. ਕੇ. ਨੇ ਆਪਣਾ ਪੰਜਾਬ ਦੇ ਮੁੱਖ ਸੰਪਾਦਕ ਗੁਰਮੀਤ ਸਿੰਘ ਨਾਲ ਸੰਖੇਪ ਗੱਲਬਾਤ ਕਰਦਿਆਂ ਕਿਹਾ ਕਿ ਉਹ ਪਿਆਊ ਮਾਮਲੇ ਦੀ ਤਰ੍ਹਾਂ ਦਿਆਲ ਸਿੰਘ ਕਾਲਜ ਦਾ ਨਾਂ ਬਦਲਣ ਦੇ ਮਾਮਲੇ ਨੂੰ ਵੀ ਪੂਰੇ ਜ਼ੋਰ ਸ਼ੋਰ ਨਾਲ ਉਠਾਉਣਗੇ। ਉਹ ਅਮਰੀਕਾ ਵਿਚ ਵੀ ਸਿੱਖੀ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਸਮੇਂ-ਸਮੇਂ 'ਤੇ ਫੇਰੀ ਲਾਉਂਦੇ ਹਨ ਅਤੇ ਯੋਗਦਾਨ ਪਾਉਂਦੇ ਹਨ। ਆਖਿਰ ਵਿਚ ਅਕਾਲੀ ਆਗੂ ਜਰਨੈਲ ਸਿੰਘ ਗਿਲਜੀਆਂ ਵੱਲੋਂ ਮਨਜੀਤ ਸਿੰਘ ਜੀ. ਕੇ. ਦਾ ਰਿਚੀਰਿਚ ਪੈਲੇਸਵਿਚ ਆਉਣ 'ਤੇ ਧੰਨਵਾਦ ਕੀਤਾ ਅਤੇ ਸਨਮਾਨ ਕੀਤਾ ਗਿਆ।

## ਦਿੱਲੀ ਦਿਆਲਾ ਤੇ ਦਿਆਲ ਸਿੰਘ!

'ਹਰੇ' 'ਗੋਰੇ' ਗਏ ਹੁਣ 'ਜੋਗੀਆਂ' ਨੇ ਅਤਿ ਚੁੱਕੀ
ਦੇਖ ਕੇ ਜਹਾਨ ਹੈ ਉਡਾਉਂਦਾ ਆਇਆ ਖਿੱਲੀ ਨੂੰ

ਥੋੜ੍ਹੇ ਜਿਹੇ ਫਰਕ ਨਾਲ 'ਨਵਾਂ' ਕੋਈ ਸਾਂਭ ਲੈਂਦਾ
ਲੋਕ-ਰੋਹ ਦੇ ਸਦਕੇ ਬਗਾਵਤਾਂ ਤੋਂ ਹਿੱਲੀ ਨੂੰ

ਡੈਣ ਵਾਂਗ ਭੁੱਖੀ ਝੱਟ ਜਾਨ ਉਹਦੀ ਲੈ ਲੈਂਦੀ ਏ
'ਕੱਸ' ਪਾਉਣੀ ਚਾਹੇ ਕੋਈ 'ਦੁੱਲਾ' ਇਹਨੂੰ ਢਿੱਲੀ ਨੂੰ



ਨੌ ਸੌ ਚੂਹਾ ਖਾਕੇ 'ਉਪਦੇਸ਼' ਦੇਵੇ ਸ਼ਾਂਤੀ ਦਾ
ਆਉਂਦੀ ਨਾਸ਼ਰਮ ਜਿੱਦਾਂ ਹੱਜ ਚੱਲੀ ਬਿੱਲੀ ਨੂੰ

ਚਾਂਦਨੀ ਦਾ ਚੌਂਕ ਪਾਵੇ ਲਾਹਨਤਾਂ ਤਾਰੀਖ ਵਿਚ
ਹੋ ਕੇ ਬੇ-ਕਿਰਕ ਰਾਜ-ਮਦ ਵਿਚ ਠਿੱਲ੍ਹੀ ਨੂੰ

ਦੇਗ 'ਚ ਉਬਾਲ਼ਿਆ 'ਦਿਆਲੇ' ਤਾਈਂ ਦਿਨੇ ਦੀਵੀ
ਚੰਗੇ ਨਹੀਉਂ ਲੱਗਦੇ 'ਦਿਆਲ ਸਿੰਘ' ਦਿੱਲੀ ਨੂੰ!

– ਤਰਲੋਚਨ ਸਿੰਘ 'ਦੁਪਾਲਪੁਰ'
991-408-915-1268

# ਗਾਇਕ ਹੁਸੈਨਪੁਰੀ ਨੇ ਰੂਪਜੀਤ ਬਰਾੜ ਦੀ ਐਲਬਮ 'ਸੋਨੇ ਦੀਆਂ ਝਾਂਜਰਾਂ' ਦਾ ਪੋਸਟਰ ਕੀਤਾ ਜਾਰੀ

**ਸ਼ਾਮਚੁਰਾਸੀ, (ਚੁੰਬਰ)** – ਪ੍ਰਸਿੱਧ ਗਾਇਕ ਲਹਿੰਬਰ ਹੁਸੈਨਪੁਰੀ, ਐਸ ਪੀ ਨਿਰਮਲਜੀਤ ਸਿੰਘ ਸਹੋਤਾ, ਇੰਟਰਨੈਸ਼ਨਲ ਗੀਤਕਾਰ ਮੰਗਲ ਹਠੂਰ, ਇੰਦਰਜੀਤ ਸਿੰਘ ਝੱਜ ਯੂ ਐਸ ਏ, ਸਤਪਾਲ ਸਿੰਘ ਝੱਜ, ਕੁਲਵੰਤ ਸਿੰਘ ਝੱਜ ਯੂ ਕੇ, ਕੁਲਵਿੰਦਰ ਸਿੰਘ ਝੱਜ, ਗੀਤਕਾਰ ਅਨੂੰਵੀਰ ਸੇਖੋਂ, ਗੋਰਾ ਫਲਾਈਆਂ, ਮਿਊਜਿਕਮੈਨ ਸਾਬੀ ਵਲੋਂ ਜੱਸ ਰਿਕਾਰਡ ਦੀ ਪੇਸ਼ਕਸ਼ ਗਾਇਕ ਰੂਪਜੀਤ ਬਰਾੜ ਵਲੋਂ ਗਾਈ ਐਲਬਮ 'ਸੋਨੇ ਦੀਆਂ ਝਾਂਜਰਾਂ' ਦਾ ਪੋਸਟਰ ਧੂਮਧਾਮ ਨਾਲ ਰਿਲੀਜ਼ ਕੀਤਾ ਗਿਆ। ਇਸ ਐਲਬਮ ਦੇ 6 ਗੀਤ ਮੰਗਲ ਹਠੂਰ ਵਲੋਂ ਲਿਖੇ ਗਏ ਹਨ ਜਦਕਿ ਇਕ ਗੀਤ ਐਸ ਪੀ ਨਿਰਮਲਜੀਤ ਸਿੰਘ ਸਹੋਤਾ ਅਤੇ ਅਨੂੰਵੀਰ ਸੇਖੋਂ ਵਲੋਂ ਕਲਮਬੱਧ ਕੀਤਾ ਗਿਆ ਹੈ। ਇਸ ਦਾ ਸੰਗੀਤ ਪ੍ਰਸਿੱਧ ਸੰਗੀਤਕਾਰ ਆਰ ਗੁਰੂ ਵਲੋਂ ਦਿੱਤਾ ਗਿਆ ਹੈ। ਐਲਬਮ ਦੇ ਟਾਇਟਲ ਗੀਤ ਦਾ ਵੀਡੀਓ ਵੀ ਕੇ ਫਿਲਮ ਵਲੋਂ ਤਿਆਰ ਕੀਤਾ ਗਿਆ ਹੈ। ਜੋ ਯੂ ਟਿਊਬ ਅਤੇ ਵੱਖ-ਵੱਖ ਚੈਨਲਾਂ ਤੇ ਪ੍ਰਸਿੱਧੀ ਖੱਟਣ ਲਈ ਤਿਆਰ ਹੈ। ਜੱਸ ਰਿਕਾਰਡ ਦੇ ਮਾਲਕ ਜਸਵੀਰ ਸਿੰਘ ਵਲੋਂ ਵੀ ਗਾਇਕ ਰੂਪਜੀਤ ਬਰਾੜ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ।



# ਭਾਰਤ ਵਿੱਚ ਪਹਿਲੇ ਮੈਡਮ ਤੌਸਾਦ ਮਿਊਜ਼ੀਅਮ ਤੋਂ ਪਰਦਾ ਚੁੱਕਿਆ

**ਨਵੀਂ ਦਿੱਲੀ** – ਸੰਸਾਰ ਪ੍ਰਸਿੱਧ ਮੈਡਮ ਤੌਸਾਦ ਦੇ ਦਿੱਲੀ ਵਿੱਚ ਬਣਾਏ ਭਾਰਤ ਦੇ ਪਹਿਲੇ ਮਿਊਜ਼ੀਅਮ ਤੋਂ ਪਰਦਾ ਉਠ ਗਿਆ ਹੈ। ਇਸ ਵਿੱਚ ਆਪਣੇ ਮਨਪਸੰਦ ਦੇਸ਼ੀ-ਵਿਦੇਸ਼ੀ ਹਸਤੀਆਂ ਦੇ ਹੂ-ਬ-ਹੂ ਪੁਤਲੇ ਨੂੰ ਨਿਹਾਰਨ, ਉਸ ਨੂੰ ਛੂਹਣ ਅਤੇ ਸੈਲਫੀ ਲੈਣ ਲਈ ਦਰਸ਼ਕ ਇਕੱਠੇ ਹੋਣੇ ਸ਼ੁਰੂ ਹੋ ਗਏ ਹਨ। ਮਰਲਿਨ ਇੰਟਰਟੇਨਮੈਂਟ ਇੰਡੀਆ ਦੇ ਜਨਰਲ ਮੈਨੇਜਰ ਅਤੇ ਡਾਇਰੈਕਟਰ ਅੰਸ਼ੁਲ ਜੈਨ ਨੇ ਦੱਸਿਆ ਕਿ ਲੋਕਾਂ ਦੀ ਪ੍ਰਤੀਕਿਰਿਆ ਦੇਖਣ ਲਈ ਅਜੇ ਇਸ ਨੂੰ ਹਫਤੇ ਦੇ ਅਖੀਰ ਵਿੱਚ ਖੋਲ੍ਹਿਆ ਜਾ ਰਿਹਾ ਹੈ। ਉਮੀਦ ਹੈ ਕਿ ਦਸੰਬਰ ਤੋਂ ਜਦ ਇਹ ਸਾਰੇ ਦਿਨ ਖੁੱਲ੍ਹਣ ਲੱਗੇਗਾ ਤਾਂ ਦਰਸ਼ਕਾਂ ਦਾ ਭਰਪੂਰ ਪਿਆਰ ਮਿਲੇਗਾ। ਇਸ ਦੀ ਟਿਕਟ ਵੱਡਿਆਂ ਲਈ 960 ਅਤੇ ਬੱਚਿਆਂ ਲਈ ਟਿਕਟ ਦਰ 760 ਰੁਪਏ ਹੈ। ਇਸ ਦੇ ਇਲਾਵਾ ਫੈਮਿਲੀ ਤੇ ਗਰੁੱਪ ਲਈ ਅਲੱਗ ਟਿਕਟ ਦਰ ਹੋਵੇਗੀ। ਰੀਗਲ ਬਿਲਡਿੰਗ ਦੇ ਦੋ ਫਲੋਰ ਵਿੱਚ ਬਣਿਆ ਤੌਸਾਦ ਮਿਊਜ਼ੀਅਮ ਦੇਸ਼ ਦਾ ਪਹਿਲਾ ਮੋਮ ਦਾ ਮਿਊਜ਼ੀਅਮ ਹੈ। ਲੰਡਨ, ਨਿਊਯਾਰਕ ਸਮੇਤ ਹੋਰਨਾਂ ਸ਼ਹਿਰਾਂ ਵਿੱਚ ਮੈਡਮ ਤੌਸਾਦ ਦੇ ਮਿਊਜ਼ੀਅਮ ਹਨ। ਲੰਡਨ ਵਿੱਚ ਮਿਊਜ਼ੀਅਮ ਦੇ ਹਾਲ ਵਿੱਚ 200 ਤੋਂ ਵੱਧ ਪੁਤਲੇ ਹਨ। ਦਿੱਲੀ ਦਾ ਇਹ ਸੰਸਾਰ ਦਾ 23ਵੀਂ ਮਿਊਜ਼ੀਅਮ ਖੁੱਲ੍ਹਿਆ ਹੈ, ਜਿਸ ਵਿੱਚ ਦੇਸ਼-ਵਿਦੇਸ਼ ਦੀਆਂ ਪ੍ਰਸਿੱਧ ਹਸਤੀਆਂ ਦੇ ਪੁਤਲੇ ਹਨ। ਇਸ ਵਿੱਚ ਮਹਾਤਮਾ ਗਾਂਧੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਸਦੀ ਦੇ ਮਹਾਨਾਇਕ ਅਮਿਤਾਭ ਬੱਚਨ, ਕ੍ਰਿਕਟ ਦੇ ਬਾਦਸ਼ਾਹ ਸਚਿਨ ਤੇਂਦੁਲਕਰ, ਪ੍ਰਸਿੱਧ ਕੌਮਾਂਤਰੀ ਫੁੱਟਬਾਲਰ ਡੇਵਿਡ ਬੈਕਹਮ, ਬਾਲੀਵੁੱਡ ਦੇ ਬਾਦਸ਼ਾਹ ਸ਼ਾਹਰੁਖ ਖਾਨ ਸਮੇਤ ਹੋਰਨਾਂ ਦੇ ਪੁਤਲੇ ਹਨ।

## ਡਾ. ਨਵਜੋਤ ਦਾਹੀਆ ਅਮਰੀਕਾ ਫੇਰੀ 'ਤੇ

**ਫਰੀਮਾਂਟ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪੰਜਾਬ ਵਿਚ ਸਿਹਤ ਸੇਵਾਵਾਂ ਦੇ ਖੇਤਰ ਦੇ ਨਾਲ ਨਾਲ ਸਮਾਜਿਕ ਤੇ ਭਾਈਚਾਰਕ ਤੌਰ ਤੇ ਡਾਕਟਰ ਨਵਜੋਤ ਦਾਹੀਆ ਦਾ ਨਾਮ ਬਹੁਤ ਹੀ ਅਦਬ ਅਤੇ ਸਵਤਕਾਰ ਨਾਲ ਵਲਆ ਜਾਂਦਾ ਹੈ।

ਡਾ. ਦਾਹੀਆ ਨਾ ਸਿਰਫ ਪੇਸ਼ੇ ਤੋਂ ਇਕ ਡਾਕਟਰ ਹਨ ਸਗੋਂ ਪੰਜਾਬ ਅੰਦਰ ਸਮਾਜਿਕ ਭਲਾਈ ਕਾਰਜਾਂ ਵਿਚ ਹਮੇਸ਼ਾ ਅੱਗੇ ਹੋ ਕੇ ਉਨਾਂ ਨੇ ਯੋਗਦਾਨ ਪਾਇਆ ਹੈ। ਲਿੰਕ ਰੋਡ ਅਬਾਦਪੁਰਾ ਲਾਜਪਤ ਨਗਰ ਜਲੰਧਰ ਵਿਚ ਸਥਿਤ ਗਲੋਬਲ ਮਲਟੀਸਪੈਵਸ਼ਐਲਟੀ ਹਸਪਤਾਲ ਦੇ ਸੰਚਾਲਕ ਸਰ. ਨਿਜੋਤ



ਦਾਹੀਆ ਹੱਡੀਆਂ, ਗੁਰਦੇ, ਵਨਊਰੋ ਸਰਜਰੀ ਅਤੇ ਅਧੁਵਨਕ ਤਕਨੀਕ ਸਹੂਲਤਾਂ ਸਮਾਜ ਨੂੰ ਪਰਦਾਨ ਕਰ ਰਹੇ ਹਨ। ਰਾਜਨੀਤਕ ਖੇਤਰੰ ਵਿਚ ਡਾ. ਦਾਹੀਆ ਨੂੰ ਬਹੁਤ ਸਤਿਕਾਰ ਭਰੀਆਂ ਨਜ਼ਰਾਂ ਨਾਲ ਦੇਵਖਆ ਜਾਂਦਾ ਹੈ। ਸ੍ਰੀ. ਅਮੋਲਕ ਸਿੰਘ ਗਾਖਲ ਦੀ ਬੇਟੀ ਪਰਭਜੋਤ ਕੌਰ ਗਾਖਲ ਦੇ ਵਿਆਹ ਸਾਮਗਮਾਂ ਵਿਚ ਸ਼ਾਮਲ ਹੋਣ ਲਈ ਉਚੇਚੇ ਤੌਰ 'ਤੇ ਪੁੱਜੇ ਡਾ. ਦਾਹੀਆ ਨੇ ਕਿਹਾ ਵਕ ਇਲਾਜ ਇਕ ਅਲੱਗ ਪ੍ਰਕਿਰਿਆ ਹੈ ਪਰ ਉਹ ਆਪਣੇ ਸੁਭਾਅ ਮੁਤਾਬਕ ਹਸਪਤਾਲ ਆਉਣ ਵਾਲੇ ਮਰੀਜ਼ਾਂ ਨੂੰ ਇਕ ਭਰਾਤਰੀ ਮਹੌਲ ਦੇਣ ਦੀ ਹਮੇਸ਼ਾ ਕੋਸ਼ਿਸ਼ ਕਰਦੇ ਰਹੇ ਹਨ।

# ਪ੍ਰਦੂਸ਼ਣ ਦੇ ਵਿਰੋਧ 'ਚ ਮਹਾਤਮਾ ਗਾਂਧੀ ਦੇ ਬੁੱਤ ਨੂੰ ਮਾਸਕ ਪਹਿਨਾਇਆ

**ਨਵੀਂ ਦਿੱਲੀ** – ਭਾਰਤ ਦੀ ਰਾਜਧਾਨੀ ਦਿੱਲੀ ਦੀ ਹਵਾ ਜਹਰਿਲੀ ਹੁੰਦੀ ਜਾਣ ਨਾਲ ਲੋਕਾਂ ਦਾ ਸਾਹ ਲੈਣਾ ਮੁਸ਼ਕਿਲ ਹੋਇਆ ਪਿਆ ਹੈ। ਇਸ ਤੋਂ ਬਚਣ ਲਈ ਲੋਕ ਸੜਕਾਂ ਉੱਤੇ ਨਿਕਲ ਰਹੇ ਮਾਸਕ ਪਹਿਨੇ ਨਜ਼ਰ ਆ ਰਹੇ ਸਨ। ਹੁਣ ਮਹਾਤਮਾ ਗਾਂਧੀ ਦੇ ਬੁੱਤ ਨੂੰ ਵੀ ਮਾਸਕ ਪਹਿਨਾ ਦਿੱਤਾ ਗਿਆ। ਆਮ ਆਦਮੀ ਪਾਰਟੀ ਦੇ ਸਸਪੈਂਡ ਕੀਤੇ ਹੋਏ ਵਿਧਾਇਕ ਕਪਿਲ ਮਿਸ਼ਰਾ ਤੇ ਭਾਰਤੀ ਜਨਤਾ ਪਾਰਟੀ ਦੀ ਟਿਕਟ ਉੱਤੇ ਜਿੱਤੇ ਹੋਏ ਬਾਦਲ ਅਕਾਲੀ ਦਲ ਦੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ ਬਤਿ ਦਿਨ ਮਹਾਤਮਾ ਗਾਂਧੀ ਨੂੰ ਵੀ ਮਾਸਕ ਪਹਿਨਾ ਦਿੱਤਾ। ਪ੍ਰਦਰਸ਼ਨ ਕਰਦੇ ਦੋਵਾਂ ਨੇਤਾਵਾਂ ਨੇ ਜਦੋਂ ਓਥੇ ਕੁਝ ਮੂਰਤੀਆਂ ਨੂੰ ਮਾਸਕ ਪੁਆਇਆ ਤਾਂ ਦੋਵਾਂ ਨੇਤਾਵਾਂ ਨੂੰ ਚਾਣਕਿਅਪੁਰੀ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ।


33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ
ਹਰ ਉਮਰ 'ਚ ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ ਹਰ ਮੌਸਮ 'ਚ
ਅਮਰ ਕੋਰਸ®
ਹਰ ਉਮਰ 'ਚ ਸੈਕਸ ਕਰੋ, ਜ਼ਵਾਨੀ ਦਾ ਅਨੰਦ ਮਾਣੋ
ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ
Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ
ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।
ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, ਸੁਪਨਦੋਸ਼, ਵੀਰਜ ਪਤਲਾ, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਵੈਦ ਅਮਰਜੀਤ ਅਮਰ
ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।
ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ
ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)



ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲ੍ਹਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।
ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ
ਤੁਰੰਤ ਪੁੱਛਣ ਲਈ +91-98140-29888 +91-98141-29888 +91-98763-39888
ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

ਦੇਸ਼ ਦੁਆਬਾ

## ਐਸ.ਸੀ./ ਐਸ. ਟੀ. ਕੈਟੇਗਰੀ ਵਿਚ ਕ੍ਰੀਮੀ ਲੇਅਰ

ਹਾਲ ਹੀ ਵਿਚ ਭਾਰਤ ਦੀ ਸੁਪਰੀਮ ਕੋਰਟ ਨੇ ਕਿਸੇ ਹੋਰ ਪਟੀਸ਼ਨ ਉਤੇ ਖੁਦ ਹੀ ਨੋਟਿਸ ਲੈਂਦਿਆਂ ਐਸ. ਸੀ./ ਐਸ. ਟੀ. ਰਿਜ਼ਰਵ ਕੈਟੇਗਰੀ ਵਿਚ ਵੀ ਕ੍ਰੀਮੀ ਲੇਅਰ ਕਾਇਮ ਕਰਨ ਦੀ ਪਟੀਸ਼ਨ ਤੇ ਸੁਣਵਾਈ ਆਰੰਭ ਕੀਤੀ ਹੈ। ਇਸ ਤੋਂ ਪਹਿਲਾਂ ਬੀ. ਸੀ. ਸ਼੍ਰੇਣੀ ਦੀ ਰਿਜ਼ਰਵੇਸ਼ਨ ਤੇ ਇਹ ਕ੍ਰੀਮੀ ਲੇਅਰ ਲਾਗੂ ਹੈ, ਜਿਸ ਨੂੰ ਸੁਪਰੀਮ ਕੋਰਟ ਨੇ ਹੀ ਲਗਾਇਆ ਸੀ। ਭਾਰਤ ਵਿਚ ਐਸ. ਸੀ./ ਐਸ. ਟੀ. ਨੂੰ ਮਿਲੀ ਰਿਜ਼ਰਵੇਸ਼ਨ ਪਿੱਛੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦਾ ਕੌਮੀ ਪੱਧਰ ਤੇ ਸਭ ਤੋਂ ਵੱਧ ਯੋਗਦਾਨ ਹੈ। ਬਲਕਿ ਉਹਨਾਂ ਨੇ ਇਕੱਲਿਆਂ ਹੀ ਇਹ ਲੜਾਈ ਲੜੀ ਅਤੇ ਭਾਰਤ ਦੇ ਗਰੀਬ ਅਤੇ ਲਤਾੜੇ/ਨਕਾਰੇ ਵਰਗ ਨੂੰ ਪ੍ਰਸ਼ਾਸਨ ਵਿਚ ਪ੍ਰਤੀਨਿਧਤਾ ਦੇਣ ਦੇ ਨਾਲ ਆਰਥਿਕ ਪੱਖੋਂ ਖੁਸ਼ਹਾਲ ਕਰਨਾ ਉਹਨਾਂ ਦੀ ਲੜਾਈ ਦਾ ਮੁੱਖ ਮਕਸਦ ਸੀ। ਇਸ ਵਕਤ ਸਥਿਤੀਆਂ ਕੁਝ ਹੋਰ ਹਨ। ਅੱਜ ਸਥਿਤੀ ਇਹ ਹੈ ਕਿ ਰਿਜ਼ਰਵੇਸ਼ਨ ਤਾਂ ਨਿਰੰਤਰ ਲਾਗੂ ਹੈ ਪਰ ਇਸ ਦਾ ਫਾਇਦਾ ਜਿਆਦਾਤਰ ਮੁੱਠੀ ਭਰ ਪੜ੍ਹੇ-ਲਿਖੇ ਲੋਕ ਹੀ ਉਠਾ ਰਹੇ ਹਨ, ਜਿਹਨਾਂ ਨੇ ਪਹਿਲਾਂ ਇਸ ਦਾ ਫਾਇਦਾ ਲੈ ਕੇ ਨੌਕਰੀਆਂ ਪ੍ਰਾਪਤ ਕੀਤੀਆਂ ਹਨ ਅਤੇ ਉਚੇ ਤੋਂ ਉਚੇ ਅਹੁਦੇ ਤੱਕ ਪਹੁੰਚੇ ਹਨ। ਦਲਿਤ ਵਰਗ ਦੇ ਆਮ ਗਰੀਬ ਲੋਕਾਂ ਦੇ ਬੱਚਿਆਂ ਨੂੰ ਨਾ ਤਾਂ ਚੰਗੀ ਸਿੱਖਿਆ ਮਿਲਦੀ ਹੈ ਅਤੇ ਨਾ ਹੀ ਉਹਨਾਂ ਨੂੰ ਨੌਕਰੀਆਂ ਦੇ ਮਾਮਲੇ ਵਿਚ ਪੜ੍ਹੇ-ਲਿਖੇ ਲੋਕਾਂ ਦੇ ਬੱਚਿਆਂ ਖੜ੍ਹਨ ਦਾ ਮੌਕਾ ਮਿਲ ਪਾਉਂਦਾ ਹੈ। ਸਿਸਟਮ ਵਿਚ ਕੁਸ਼ਲਤਾ ਲਿਆਉਣ ਦੇ ਨਾਂ ਉਤੇ ਸਰਕਾਰਾਂ ਵੀ ਇਸ ਪਾਸੇ ਧਿਆਨ ਨਹੀਂ ਦਿੰਦੀਆਂ। ਉਹ ਵੀ ਚਾਹੁੰਦੀਆਂ ਹਨ ਕਿ ਰਿਜ਼ਰਵੇਸ਼ਨ ਇਕ ਸੀਮਤ ਵਰਗ ਤੱਕ ਹੀ ਸੀਮਤ ਰਹੇ ਅਤੇ ਬਾਕੀ ਵਰਗ ਜੋ ਗਰੀਬ ਅਤੇ ਲਤਾੜਿਆ ਹੋਇਆ ਹੈ, ਨੂੰ ਵੋਟ ਬੈਂਕ ਵਜੋਂ ਇਸਤੇਮਾਲ ਕੀਤਾ ਜਾਵੇ। ਇਹੀ ਕਾਰਨ ਹੈ ਕਿ ਕੋਈ ਵੀ ਸਰਕਾਰ ਰਿਜ਼ਰਵੇਸ਼ਨ ਵਿਚ ਸੁਧਾਰ ਕਰਨ ਲਈ ਤਿਆਰ ਨਹੀਂ ਹੈ। ਭਾਰਤ ਦੀ 30 ਫੀਸਦੀ ਤੋਂ ਜ਼ਿਆਦਾ ਆਬਾਦੀ ਜੋ ਰਿਜ਼ਰਵੇਸ਼ਨ ਦੀ ਹੱਕਦਾਰ ਹੈ, ਵਿਚੋਂ 1 ਫੀਸਦੀ ਵੀ ਅਜਿਹੇ ਨਹੀਂ ਹਨ, ਜਿਹਨਾਂ ਨੂੰ ਰਿਜ਼ਰਵੇਸ਼ਨ ਦਾ ਫਾਇਦਾ ਮਿਲਿਆ ਹੋਵੇ। ਬਾਬਾ ਸਾਹਿਬ ਦੇ ਰਿਜ਼ਰਵੇਸ਼ਨ ਨੂੰ ਲਾਗੂ ਕਰਨ ਦੇ ਦੋ ਮਕਸਦ ਸਨ, ਇਕ ਤਾਂ ਉਹਨਾਂ ਦਾ ਮਕਸਦ ਸੀ ਸਿਸਟਮ ਵਿਚ ਪ੍ਰਤੀਨਿਧਤਾ ਅਤੇ ਦੂਜਾ ਸੀ ਆਰਥਿਕ ਪੱਖੋਂ ਮਜ਼ਬੂਤੀ। ਅੱਜ ਸਿਸਟਮ ਵਿਚ ਪ੍ਰਤੀਨਿਧਤਾ ਦਾ ਮਸਲਾ ਤਾਂ ਕੁਝ ਹੱਦ ਤੱਕ ਰਿਜ਼ਰਵੇਸ਼ਨ ਪੂਰਾ ਕਰ ਰਹੀ ਹੈ ਪਰ ਆਰਥਿਕ ਪੱਖੋਂ ਮਜ਼ਬੂਤ ਇਕ ਸੀਮਤ ਵਰਗ ਹੀ ਹੋਇਆ ਹੈ ਅਤੇ ਇਹੀ ਵਰਗ ਵਾਰ-ਵਾਰ ਰਿਜ਼ਰਵੇਸ਼ਨ ਦਾ ਫਾਇਦਾ ਲੈ ਰਿਹਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-50

## ਗੁਰਬਾਣੀ ਚਾਨਣ ਵਿੱਚ ਸ਼ਬਦ ਦੀ ਵਿਆਖਿਆ



ਅਵਤਾਰ ਸਿੰਘ ਮਿਸ਼ਨਰੀ
510-432-5827

ਸ਼ਬਦ ਬਾਰੇ ਅਗਿਆਨੀ, ਡੇਰੇਦਾਰ ਅਤੇ ਸੰਪ੍ਰਦਾਈ ਲੋਕਾਂ ਨੇ ਬਹੁਤ ਭੁਲੇਖੇ ਪਾਏ ਹਨ। ਆਪਾਂ ਸ਼ਬਦ ਲਫਜ਼ ਦੀ ਵਿਸਥਾਰ ਨਾਲ ਵਿਆਖਿਆ ਕਰਾਂਗੇ। ਸ਼ਬਦ ਲਫਜ਼ ਕਈ ਅਰਥਾਂ ਤੇ ਰੂਪਾਂ ਵਿੱਚ ਗੁਰੂ ਗ੍ਰੰਥ ਸਾਹਿਬ ਵਿਖੇ ਆਉਂਦਾ ਹੈ। ਪ੍ਰਕਰਣ ਅਨੁਸਾਰ ਇਸ ਦੇ ਵੱਖਰੇ ਵੱਖਰੇ ਅਰਥ ਹਨ। ਮੂਲ ਰੂਪ ਵਿੱਚ ਇਹ ਸ਼ੰਸਕ੍ਰਿਤ ਦਾ ਲਫਜ਼ ਤੇ ਅਰਥ -ਧੁਨਿ, ਅਵਾਜ਼, ਸੁਰ, ਪੰਚ ਸ਼ਬਦ, ਪਦ, ਲਫਜ਼, ਗੁਫਤਗੂ, ਗੁਰਉਪਦੇਸ਼, ਬ੍ਰਹਮ, ਕਰਤਾਰ, ਧਰਮ, ਮਜਹਬ, ਪੈਗਾਮ, ਸੁਨੇਹਾ, ਪਦ ਰਚਨਾ ਅਤੇ ਮਕਦਸ ਆਦਿ ਹਨ।

ਪੰਚ ਸ਼ਬਦ ਅਤੇ ਧੁਨਿ-ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ॥(੭੬੪) ਪੰਚ ਸ਼ਬਦ ਤਾਰ, ਚੰਮ, ਦਾਂਤ, ਘੜੇ ਤੇ ਫੂਕ ਵਾਲੇ ਸਾਜਾਂ ਦੇ, ਅਨਹਦ। ਧੁਨੀ ਅਵਾਜ ਅਤੇ ਅਲਾਪ ਦਾ ਨਾਂ ਹੈ। ਅਵਾਜ ਅਤੇ ਸੁਰ-ਧੁਨਿ, ਸ਼ਬਦ, ਸੱਦ, ਪੁਕਾਰ ਜੋ ਬੋਲ ਕੇ ਸੁਣਾਈ ਜਾਂਦੀ ਹੈ। ਅਵਾਜਾ ਲੈਣਾ ਭਾਵ ਗੁਰੂ ਗ੍ਰੰਥ ਸਾਹਿਬ ਦਾ ਹੁਕਮਨਾਮਾ ਬੋਲ ਕੇ ਉੱਚੀ ਪੜ੍ਹਨਾਂ। ਸੁਰ ਭਾਵ ਨੱਕ ਦੇ ਰਾਹ ਸਵਾਸ ਦਾ ਆਉਣਾ ਜਾਣਾ. ਸੰਗੀਤ ਅਨੁਸਾਰ ਉਹ ਧੁਨਿ ਜੋ ਰਾਗ ਦੀ ਸ਼ਕਲ ਬਣਾਉਣ ਦਾ ਕਾਰਣ ਹੋਵੇ, ਇਸ ਦੇ ਸੱਤ ਸੁਰ ਹੁੰਦੇ ਹਨ। ਪਦ ਤੇ ਪਦ ਰਚਨਾ-ਪੈਰ, ਚਰਨ ਅਤੇ ਕਵਿਤਾ ਲੇਖ ਆਦਿ ਦੇ ਪਦ (ਬੰਧ) ਲਫਜ਼-ਸ਼ਬਦ, ਬੋਲ-ਭਿਸਤ ਪੀਰ ਲਫਜ ਕਮਾਇ ਅੰਦਾਜਾ॥ (੧੦੮੪) ਗੁਫਤਗੂ-ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ॥(੪੩੦) ਗੁਰਉਪਦੇਸ਼-ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰਉਪਦੇਸ ਚਲਾਏ॥ (੪੪੪) ਬ੍ਰਹਮ ਤੇ ਕਰਤਾਰ-ਸ਼ਬਦ ਗੁਰੂ ਸੁਰਤਿ ਧੁਨਿ ਚੇਲਾ॥ (੯੪੩) ਧਰਮ ਤੇ ਮਜਹਬ-ਜੋਗਿ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥ (੪੬੯) ਪੈਗਾਮ ਤੇ ਸੁਨੇਹਾ-ਧਨ ਵਾਂਡੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦ ਪਠਾਈਂ॥ (੧੨੭੩) ਮਕਸਦ-ਨ ਸਬਦ ਬੂਝੈ ਨ ਜਾਣੈ ਬਾਣੀ॥ (੬੬੫)

ਸੋ ਮੋਟੇ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਵਿਖੇ ਸ਼ਬਦ ਦੇ ਅਰਥ ਕਰਤਾਰ, ਸਤਿਗੁਰਾਂ ਦੁਵਾਰਾ ਪ੍ਰਾਪਤ ਕਰਤਾਰ ਦਾ ਹੁਕਮ ਬਾਣੀ, ਧਰਮ, ਗੁਰ ਮੰਤ੍ਰ ਅਤੇ ਗੁਰਬਾਣੀ ਹਨ। ਸਾਰਾ ਗੁਰੂ ਗ੍ਰੰਥ ਸਾਹਿਬ ਹੀ ਸ਼ਬਦਾਂ ਦਾ ਸ਼ੰਗ੍ਰਹਿ ਹੈ ਜੋ ਗਿਆਨ ਰੂਪ ਵਿੱਚ ਸ਼ਬਦ ਗੁਰੂ ਹੈ-ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਗਦੈ ਜਗੁ ਬਉਰਾਨੰ॥ (੬੩੫) ਸ਼ਬਦ ਨੂੰ ਸਿੱਖਣ ਅਤੇ ਜਾਨਣ ਵਾਲਾ ਹੀ ਸਿੱਖ ਹੈ-ਸਿਖਹੁ ਸਬਦੁ ਪਿਆਰਿਹੁ ਜਨਮ ਮਰਨ ਕੀ ਟੇਕ॥(੩੨੦) ਸ਼ਬਦੁ ਨ ਜਾਣਹਿ ਸੇ ਅੰਨ੍ਹੇ ਬੋਲੇਸੇ ਕਿਤ ਆਏ ਸ਼ੰਸਾਰਾ॥ (੬੦੧) ਅਜੋਕੇ ਸਾਧਾਂ ਸੰਤਾਂ, ਡੇਰੇਦਾਰ ਸੰਪ੍ਰਦਾਈਆਂ ਨੇ ਸਬਦ (ਗਿਆਨ) ਨੂੰ ਗਿਣਤੀ ਮਿਣਤੀ ਦਾ ਮੰਤ੍ਰ ਬਣਾ ਦਿੱਤਾ ਹੈ। ਸ਼ਰਧਾਲੂਆਂ ਨੂੰ ਗਿਣਤੀ ਦੇ ਸ਼ਬਦ ਬਾਰ ਬਾਰ ਪੜ੍ਹਨ ਦਾ ਉਪਦੇਸ਼ ਦਿੰਦੇ ਹਨ। ਫਲਾਨਾ ਸ਼ਬਦ ੧੧, ੨੧, ੩੧, ਜਾਂ ੪੦ ਵਾਰ ਮੰਤ੍ਰ ਵਾਂਗ ਬਾਰ ਬਾਰ ਪੜ੍ਹੋ ਤਾਂ ਤੁਹਾਡੇ ਦੁੱਖ ਦੂਰ, ਧੰਨ ਪ੍ਰਾਪਤ, ਆਦਮੀ ਨੂੰ ਔਰਤ ਤੇ ਔਰਤ ਨੂੰ ਆਦਮੀ ਮਿਲੇ, ਔਰਤ ਸੱਤ ਵਲ ਪਾ ਕੇ ਵੀ ਤੁਹਾਡੇ ਮਗਰ ਲੱਗੇ, ਰੋਗ ਦੂਰ ਹੋਵਣ, ਦੁਸ਼ਮਣ ਮਰੇ ਅਤੇ ਹੋਰ ਅਨੇਕ ਪ੍ਰਕਾਰ ਦੀਆਂ ਮੰਨੀਆਂ ਗਈਆਂ ਰਿਧੀਆਂ ਸਿਧੀਆਂ ਪ੍ਰਾਪਤ ਹੋਵਣ। ਸ਼ਬਦ ਦਾ ਜਾਪ ਕਰਕੇ ਟੂਣਾ ਕਰੋ ਦੂਸਰੇ ਦਾ ਨੁਕਸਾਨ ਹੋਵੇ। ਸ਼ਬਦ ਨੂੰ ਮਾਲਾ ਨਾਲ ਜੋੜ ਕੇ ਰਪੀਟ ਕਰਨ ਦਾ ਵੀ ਮੰਤ੍ਰ ਜਾਪ ਇਨ੍ਹਾਂ ਭਦਰਪੁਰਸ਼ਾ ਦੀ ਹੀ ਦੇਣ ਹੈ। ਸ਼ਬਦ ਨੂੰ ਦੇਹਾਂ ਵਾਂਗ ਪੂਜਣਾ ਵੀ ਇਨ੍ਹਾਂ ਦਾ ਅੰਦਵਿਸ਼ਵਾਸ਼ੀ ਸਟੰਟ ਹੈ।

ਹੋਰ ਤਾਂ ਹੋਰ ਇਹ ਲੋਕ ਗੈਬੀ ਸ਼ਬਦ ਦਾ ਪ੍ਰਚਾਰ ਕਰਦੇ ਹਨ ਕਿ ਅਸਲੀ ਸ਼ਬਦ ਤਾਂ ਗੁਰੂ ਗ੍ਰੰਥ ਸਾਹਿਬ ਵੇਖਿ ਵੀ ਨਹੀਂ ਉਹ ਕੇਵਲ ਸੰਤਾਂ ਮਹਾਂਪੁਰਖਾਂ ਅਤੇ ਅਖੌਤੀ ਬ੍ਰਹਮਗਿਆਨੀਆਂ ਕੋਲੋਂ ਹੀ ਮਿਲਦਾ ਹੈ। ਦੇਹਧਾਰੀ ਗੁਰੂ ਬਣ ਕੇ ਗੁਪਤ ਮੰਤ੍ਰ ਦੇਣ ਦੀ ਰੀਤ ਵੀ ਇਨ੍ਹਾਂ ਧਰਮ ਠੱਗਾਂ ਦੀ ਹੀ ਦੇਣ ਹੈ।

ਸੋ ਸਾਨੂੰ ਇਨ੍ਹਾਂ ਵਹਿਮਾਂ ਭਰਮਾਂ ਅਤੇ ਅਖੌਤੀ ਸਾਦਾਂ ਸੰਤਾਂ ਸੰਪ੍ਰਦਾਈਆਂ ਤੋਂ ਧੁਰ ਰਹਿ ਕੇ ਆਪ ਸਿੱਧੇ ਸ਼ਬਦ ਗੁਰੂ ਨਾਲ ਜੁੜਨ ਦੀ ਲੋੜ ਹੈ ਵਰਨਾ ਆਪਣਾ ਕੀਮਤੀ ਮਨੁੱਖਾ ਜਨਮ ਦਾ ਸਮਾ, ਧੰਨ ਦੌਲਤ, ਇਜ਼ਤ ਆਬਰੂ ਅਤੇ ਉੱਚਾ ਸੁੱਚਾ ਜੀਵਨ ਬਰਬਾਦ ਕਰ ਲਵਾਂਗੇ। ਪੰਜਾਬੀ ਦੀ ਵੀ ਕਹਾਵਤ ਹੈ ਕਿ "ਸ਼ਬਦ ਨਾ ਸ਼ਲੋਕ ਬਾਬਾ ਟਿੱਕੀਆਂ ਦਾ ਠੋਕ" ਸੋ ਬਹੁਤੇ ਬਾਬੇ ਸਾਡੀ ਅੰਧਵਿਸ਼ਵਾਸ਼ੀ ਲੁੱਟ ਨਾਲ ਅਮੀਰੀ ਠਾਠ ਬਣਾਈ ਫਿਰਦੇ ਹਨ ਪਰ ਉਨ੍ਹਾਂ ਦੇ ਪੱਲੇ ਅਸਲੀ ਗੁਰੂ ਸ਼ਬਦ ਦਾ ਗਿਅਨ ਨਹੀ ਹੈ।

# ਘਰਾਂ 'ਚੋਂ ਅਲੋਪ ਹੋ ਰਿਹਾ "ਅਟੇਰਨ"





ਤਸਵਿੰਦਰ ਸਿੰਘ ਬੜੈਚ
98763-22677

ਪੁਰਾਣੇ ਸਮਿਆਂ ਵਿਚ ਸਾਰੇ ਲੀੜੇ-ਕੱਪੜੇ ਖੱਦਰ ਦੇ ਪਹਿਨੇ ਜਾਂਦੇ ਸਨ। ਖੱਦਰ ਕਪਾਹ ਤੋਂ ਤਿਆਰ ਕੀਤਾ ਜਾਂਦਾ ਸੀ। ਜ਼ਨਾਨੀਆਂ ਕਪਾਹ ਨੂੰ ਵੇਲਣੇ ਨਾਲ ਵੇਲ੍ਹ ਕੇ ਰੂੰ ਬਣਾਉਂਦੀਆਂ ਸਨ। ਫਿਰ ਇਸ ਰੂੰ ਨੂੰ ਤਾੜੇ ਨਾਲ ਪਿੰਜ ਕੇ ਪੂਣੀਆਂ ਵੱਟੀਆਂ ਜਾਂਦੀਆਂ ਸਨ। ਇਹਨਾਂ ਪੂਣੀਆਂ ਨੂੰ ਚਰਖੇ ਰਾਹੀਂ ਹੱਥੀ ਕੱਤ ਕੇ ਗਲੋਟੇ ਬਣਾਏ ਜਾਂਦੇ ਸਨ। ਗਲੋਟਿਆਂ ਦੇ ਸੂਤ ਦੇ ਧਾਗੇ ਨੂੰ ਲੱਕੜੀ ਦੇ ਬਣੇ ਅਟੇਰਨ ਤੇ ਅਟੇਰਿਆ ਜਾਂਦਾ ਸੀ। ਅਟੇਰਨ ਬਣਾਉਣ ਲਈ 8 ਕੁ ਇੰਚ ਲੰਮੀ ਇਕ ਬਰੀਕ ਗੋਲ ਲੱਕੜੀ ਲਈ ਜਾਂਦੀ ਸੀ, ਇਸ ਬਰੀਕ ਗੋਲ ਲੱਕੜੀ ਨੂੰ ਹੱਥਾ ਕਹਿੰਦੇ ਹਨ। ਜਿਸਦੇ ਦੋਵੇਂ ਸਿਰਿਆਂ ਉੱਤੇ 6-6 ਇੰਚ ਲੰਮੀਆਂ ਬਰੀਕ ਗੋਲ ਜਿਹੀਆਂ ਫੱਟੀਆ ਵਿਚਕਾਰ ਤੋਂ ਠੋਕੀਆਂ ਹੁੰਦੀਆਂ ਸਨ। ਇਹ ਫੱਟੀਆਂ ਥੋੜ੍ਹੀਆਂ ਜਿਹੀਆਂ ਬਾਹਰ ਨੂੰ ਤੇ ਅੰਦਰ ਨੂੰ ਹੁੰਦੀਆਂ ਸਨ। ਉਪਰਲੀ ਫੱਟੀ ਦੇ ਸਿਰਿਆਂ ਤੋਂ ਦੋ ਕੰਨ੍ਹ ਜਿਹੇ ਘੜੇ ਹੁੰਦੇ ਸਨ। ਜਿਹੜੇ ਸੂਤ ਨੂੰ ਏਧਰ-ਓਧਰ ਨਹੀਂ ਜਾਣ ਦਿੰਦੇ ਸਨ। ਬਸ ਇਹ ਹੀ ਅਟੇਰਨ ਦੀ ਬਣਤਰ ਹੁੰਦੀ ਸੀ। ਇਸ ਅਟੇਰਨ ਨੂੰ ਹੀ ਅਟੇਰਨ ਵਾਲੀ ਔਰਤ ਖੱਬੇ ਹੱਥ ਵਿਚ ਫੜਦੀ ਸੀ ਤੇ ਛੱਲੀ ਦਾ ਤੰਦ ਕੱਢ ਕੇ ਅਟੇਰਨ ਦੇ ਇਕ ਸਿਰੇ ਉੱਤੇ ਚਿਪਕਾ ਕੇ ਸੂਤ ਨੂੰ ਦੋ ਜਾਂ ਤਿੰਨ ਧਾਗੇ ਜੋੜ ਕੇ ਦੋ ਲੜਾ, ਤਿੰਨ ਲੜਾ ਆਦਿ ਜਰੂਰਤ ਅਨੁਸਾਰ ਅੱਠ ਦੀ ਸ਼ਕਲ ਵਿਚ ਇਸ ਉੱਤੇ ਵਲੀ ਜਾਂਦੀ ਸੀ। ਲਾਹੁਣ ਵੇਲੇ ਧਿਆਨ ਰੱਖਿਆ ਜਾਂਦਾ ਸੀ ਕਿ ਸੂਤ ਵਿਚਲਾ ਆਠਾ ਉਲਝੇ ਨਾ। ਅਟੇਰਨ ਉੱਤੋਂ ਲੱਥੇ ਇਸ ਗੁੱਛੇ ਨੂੰ ਲੱਛਾ ਕਿਹਾ ਜਾਂਦਾ ਸੀ। ਗਲੋਟੇ ਅਟੇਰਨ ਦਾ ਕੰਮ ਆਮ ਤੌਰ 'ਤੇ ਬਜ਼ੁਰਗ ਔਰਤਾਂ ਕਰਦੀਆਂ ਹੁੰਦੀਆਂ ਸਨ। ਫਿਰ ਇਨ੍ਹਾਂ ਲੱਛਿਆ ਨੂੰ ਗੁੱਛੀਆਂ ਦਾ ਰੂਪ ਦਿੱਤਾ ਜਾਂਦਾ ਸੀ। ਇਨ੍ਹਾਂ ਗੁੱਛੀਆਂ ਤੋਂ ਹੀ ਖੱਡੀ ਰਾਹੀਂ ਘਰਾਂ ਵਿਚ ਵਰਤਣ, ਪਹਿਨਣ, ਵਿਆਹ-ਸ਼ਾਦੀ, ਖੁਸ਼ੀ-ਗਮੀ, ਪੁੰਨਦਾਨ ਆਦਿ ਲਈ ਹੱਥੀ ਕੱਪੜਾ (ਖੱਦਰ) ਤਿਆਰ ਕੀਤਾ ਜਾਂਦਾ ਸੀ। ਬਹੁਤ ਘੱਟ ਬਾਜ਼ਾਰੂ ਕੱਪੜੇ ਦੀ ਖਰੀਦ ਕੀਤੀ ਜਾਂਦੀ ਸੀ। ਹੁਣ ਤਾਂ ਪੰਜਾਬ 'ਚ ਟਾਂਵਾਂ ਵਿਰਲਾ ਘਰ ਵੀ ਸ਼ਾਇਦ ਹੀ ਅਟੇਰਨ ਨਾਲ ਅਟੇਰਦਾ ਹੋਵੇ। ਹੁਣ ਮਸ਼ੀਨੀ ਯੁੱਗ ਹੈ। ਇਹ ਕੰਮ ਵੀ ਹੁਣ ਮਸ਼ੀਨਾਂ ਨੂੰ ਦੇ ਦਿੱਤਾ ਹੈ। ਹੋਰਨਾਂ ਪੁਰਾਤਨ ਚੀਜਾਂ ਵਾਂਗ ਅਟੇਰਨ ਵੀ ਹੁਣ ਅਜਾਇਬ ਘਰਾਂ ਦਾ ਸ਼ਿੰਗਾਰ ਬਣ ਕੇ ਰਹਿ ਗਏ ਹਨ।

# 'ਕਿਸਾਨ ਸੰਸਦ' ਵਿੱਚ ਕਰਜ਼ੇ ਉੱਤੇ ਲੀਕ ਫੇਰਨ ਦਾ 'ਬਿੱਲ' ਪਾਸ

ਨਵੀਂ ਦਿੱਲੀ - ਸਾਰੇ ਭਾਰਤ ਵਿੱਚੋਂ ਏਥੇ ਆਏ ਹਜ਼ਾਰਾਂ ਕਿਸਾਨਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਇੱਕ ਵਾਰ ਕਿਸਾਨਾਂ ਦੇ ਸਮੁੱਚੇ ਕਰਜ਼ੇ ਉੱਤੇ ਲੀਕ ਫੇਰ ਦਿੱਤੀ ਜਾਵੇ ਅਤੇ ਫਸਲਾਂ ਦੇ ਲਾਹੇਵੰਦ ਭਾਅ ਦਿੱਤੇ ਜਾਣ। ਆਪਣੇ 'ਕਿਸਾਨ ਮੁਕਤੀ ਪਾਰਲੀਮੈਂਟ' ਸਮਾਗਮ ਵਿੱਚ ਕਰਜ਼ਾ ਮੁਆਫ਼ੀ ਤੇ ਫਸਲਾਂ ਦੇ ਲਾਹੇਵੰਦ ਭਾਅ ਬਾਰੇ ਉਨ੍ਹਾਂ ਨੇ ਦੋ 'ਬਿੱਲ' ਪਾਸ ਕੀਤੇ। ਇਹ ਬੈਠਕ ਭਾਰਤ ਦੇ 180 ਕਿਸਾਨ ਸੰਗਠਨਾਂ ਦੀ ਸ਼ਮੂਲੀਅਤ ਵਾਲੀ ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ ਦੇ ਬੈਨਰ ਹੇਠ ਕੀਤੀ ਗਈ ਸੀ।

ਆਪਣੀ ਕਿਸਮ ਦੇ ਇਸ ਪ੍ਰਦਰਸ਼ਨ ਦੇ ਦੌਰਾਨ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਪਾਸ ਕੀਤੇ ਇਹ 'ਬਿੱਲ' ਸਵਾਭਿਮਾਨੀ ਪਕਸ਼ਾ ਦੇ ਲੋਕ ਸਭਾ ਮੈਂਬਰ ਰਾਜੂ ਸ਼ੈਟੀ ਅਤੇ ਸੀ ਪੀ ਆਈ (ਐਮ) ਦੇ ਰਾਜ ਸਭਾ ਮੈਂਬਰ ਕੇ ਕੇ ਰਾਗੇਸ਼ ਵੱਲੋਂ ਪਾਰਲੀਮੈਂਟ ਵਿੱਚ ਪ੍ਰਾਈਵੇਟ ਮੈਂਬਰ ਦੇ ਬਿੱਲ ਵਜੋਂ ਪੇਸ਼ ਕੀਤੇ ਜਾਣਗੇ। ਆਲ ਇੰਡੀਆ ਕਿਸਾਨ ਸਭਾ ਦੇ ਆਗੂ ਅਸ਼ੋਕ ਧਾਵਲੇ ਨੇ ਕਿਹਾ, 'ਪਾਰਲੀਮੈਂਟ ਵਿੱਚ ਇਨ੍ਹਾਂ ਪ੍ਰਾਈਵੇਟ ਬਿੱਲਾਂ ਦਾ ਪਾਸ ਕਰਵਾਏ ਜਾਣਾ ਯਕੀਨੀ ਬਣਾਉਣ ਲਈ ਅਸੀਂ ਹੋਰ ਰਾਜਸੀ ਧਿਰਾਂ ਤੋਂ ਵੀ ਸਮਰਥਨ ਮੰਗਾਂਗੇ।' ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ ਦੇ ਦੱਸਣ ਮੁਤਾਬਕ ਫ਼ਸਲਾਂ ਉੱਤੇ ਤੇਲ, ਕੀਟਨਾਸ਼ਕਾਂ, ਖਾਦਾਂ ਅਤੇ ਇਥੋਂ ਤਕ ਕਿ ਪਾਣੀ ਦੇ ਲਾਗਤ ਖ਼ਰਚ ਵਧਣ ਤੇ ਸਰਕਾਰ ਵੱਲੋਂ ਸਬਸਿਡੀਆਂ ਦੀ ਕਟੌਤੀ ਨਾਲ ਕਿਸਾਨਾਂ ਦੀ ਆਮਦਨ ਤੇ ਖਰਚ ਵਿੱਚ ਵੱਡਾ ਪਾੜਾ ਪੈ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸੱਤਾਧਾਰੀ ਭਾਜਪਾ ਨੇ ਆਪਣੇ ਰਾਜਸੀ ਹਿੱਤਾਂ ਦੀ ਪੂਰਤੀ ਤੋਂ ਸਿਵਾਏ ਕਿਸਾਨਾਂ ਲਈ ਕੁਝ ਨਹੀਂ ਕੀਤਾ। ਪ੍ਰਦਰਸ਼ਨ ਮੌਕੇ ਸੀ ਪੀ ਆਈ ਆਗੂ ਅਤੁਲ ਅਨਜਾਨ ਨੇ ਕਿਹਾ, 'ਪ੍ਰਧਾਨ ਮੰਤਰੀ ਪਹਿਲਾਂ ਕਹਿੰਦੇ ਸਨ ਕਿ ਕੋਈ ਵੀ ਰਾਜ ਸਰਕਾਰ ਘੱਟੋ ਘੱਟ ਸਮਰਥਨ ਮੁੱਲ (ਐਮ ਐਸ ਪੀ) ਉੱਤੇ ਬੋਨਸ ਨਹੀਂ ਦੇਵੇਗਾ ਤੇ ਹੁਣ ਗੁਜਰਾਤ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਪਾਹ ਦੇ ਭਾਅ ਘੱਟ ਵੇਖ ਕੇ ਗੁਜਰਾਤ ਸਰਕਾਰ ਨੇ ਪ੍ਰਤੀ ਗੱਠ 500 ਰੁਪਏ ਬੋਨਸ ਦੇਣ ਦਾ ਐਲਾਨ ਕਰ ਦਿੱਤਾ ਹੈ, ਫਿਰ ਪੰਜਾਬ, ਤਾਮਿਲ ਨਾਡੂ, ਮਹਾਰਾਸ਼ਟਰ ਜਾਂ ਕਰਨਾਟਕ ਦੇ ਕਿਸਾਨਾਂ ਨੇ ਸਰਕਾਰ ਦਾ ਕੀ ਵਿਗਾੜਿਆ ਹੈ? ਸਪੱਸ਼ਟ ਤੌਰ ਉੱਤੇ ਸਰਕਾਰ ਵੱਲੋਂ ਕਿਸਾਨਾਂ ਨੂੰ ਲੁਭਾਇਆ ਤੇ ਹਾਲਾਤ ਨੂੰ ਆਪਣੇ ਰਾਜਸੀ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ।' ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਪੰਜਾਬ ਵਿੱਚ ਹਾਕਮ ਕਾਂਗਰਸ ਵੱਲੋਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਬਾਰੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਦੇ ਸਾਰੇ ਕਰਜ਼ੇ ਮੁਆਫ਼ ਕਰਨ ਥਾਂ ਪੰਜ ਏਕੜ ਤੋਂ ਹੇਠਲੇ ਕਿਸਾਨਾਂ ਦੇ ਸਿਰਫ਼ ਦੋ ਲੱਖ ਰੁਪਏ ਮੁਆਫ਼ ਕਰਨ ਦਾ ਅਖ਼ਬਾਰੀ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸ਼ਾਹੂਕਾਰਾ ਕਰਜ਼ੇ ਦੀ ਗੱਲ ਹੀ ਨਹੀਂ ਕੀਤੀ, ਜੋ 90 ਫ਼ੀਸਦੀ ਹੈ।

ਇਸ ਦੌਰਾਨ ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਰਾਜ ਦੇ ਛੋਟੇ ਤੇ ਸੀਮਾਂਤ ਕਿਸਾਨਾਂ ਨੂੰ ਕਰਜ਼ਾ ਰਾਹਤ ਦੀ ਸਕੀਮ ਲਾਗੂ ਕਰਨ ਬਾਰੇ ਅਜੇ ਵੀ ਸਥਿਤੀ ਸਪੱਸ਼ਟ ਨਹੀਂ। ਸਰਕਾਰ ਨੇ ਸਰਕਾਰੀ ਬੈਂਕਾਂ ਨੂੰ ਕਰਜ਼ਾਈ ਕਿਸਾਨਾਂ ਦੀਆਂ ਸੂਚੀਆਂ ਇਕ ਮਹੀਨੇ ਵਿੱਚ ਦੇਣ ਨੂੰ ਕਿਹਾ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਬਾਬਾ ਸਾਹਿਬ ਡਾ.ਅੰਬੇਦਕਰ ਨੂੰ ਦੀਕਸ਼ਾ ਦੇਣ ਵਾਲੇ ਬੋਧ ਭਿਖਸ਼ੂ ਬਿਮਾਰ









**ਜਾਸ (ਲਖਨਊ)–** ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਨੂੰ ਦੀਕਸ਼ਾ ਦੇਣ ਵਾਲੇ ਸੰਤ ਭਿਖਸ਼ਆਂ ਵਿਚੋਂ ਇਕ ਬੋਧ ਭਿਖਸ਼ੂ ਪ੍ਰਗਿਆਨੰਦ ਮਹਾਥੇਰਾ ਦੀ ਹਾਲਤ ਗੰਭੀਰ ਹੈ। ਉਹਨਾਂ ਨੂੰ ਸਾਹ ਲੈਣ ਵਿਚ ਤਕਲੀਫ ਹੈ। ਉਹਨਾਂ ਦਾ ਕੇ. ਜੀ. ਐਮ. ਯੂ. ਦੇ ਆਈ. ਸੀ. ਯੂ ਵਿਚ ਸ਼ਿਫਟ ਕਰਕੇ ਇਲਾਜ ਕੀਤਾ ਜਾ ਰਿਹਾ ਹੈ।

ਸੇਵਾ ਵਿਚ ਜੁਟੇ ਭੰਤੇ ਪ੍ਰਗਿਆਸਾਰ, ਸੁਮਨ ਰਤਨ ਦੇ ਮੁਤਾਬਕ ਪ੍ਰਗਿਆਨੰਦ ਮਹਾਥੇਰਾ ਪਿਛਲੇ ਕਈ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ। ਐਤਵਾਰ ਨੂੰ ਉਹਨਾਂ ਦੀ ਤਬੀਅਤ ਜ਼ਿਆਦਾ ਵਿਗੜ ਗਈ। ਹਸਪਤਾਲ ਵਿਚ ਭਰਤੀ ਬੋਧ ਭਿਖਸ਼ੂ ਨੂੰ ਦੇਖਣ ਦੇ ਲਈ ਅਧਿਕਾਰੀਆਂ ਤੋਂ ਲੈ ਕੇ ਬਹੁਤ ਸਾਰੇ ਅਨੁਯਾਈ ਆ ਰਹੇ ਹਨ। ਇਸ ਦੌਰਾਨ ਮੁੱਖ ਮੰਤਰੀ ਦਫਤਰ ਵਿਚ ਤਾਇਨਾਤ ਡਿਪਟੀ ਸਕੱਤਰ ਓਮ ਨਰਾਇਣ ਅਹਿਰਵਾਰ ਅਤੇ ਉਪ ਸਕੱਤਰ ਸੈਕਟਰੀਏਟ ਪ੍ਰਸ਼ਾਨ ਆਰ. ਏ. ਸਿੰਘ ਨੇ ਵੀ ਹਾਲ ਚਾਲ ਪੁੱਛਿਆ। ਹਾਲਾਂਕਿ ਡਾਕਟਰਾਂ ਦੇ ਮੁਤਾਬਕ ਪ੍ਰਗਿਆਨੰਦ ਦੀ ਹਾਲਤ ਹਾਲੇ ਗੰਭੀਰ ਹੈ।

**ਸ਼੍ਰੀਲੰਕਾ ਤੋਂ ਆਏ, ਲਖਨਊ ਵਿਚ ਵੱਸੇ**

ਭੰਤੇ ਪ੍ਰਗਿਆਸਾਰ ਦੇ ਮੁਤਾਬਕ ਪ੍ਰਗਿਆਨੰਦ ਦਾ ਜਨਮ 18 ਦਸੰਬਰ 1928 ਨੂੰ ਸ਼੍ਰੀਲੰਕਾ ਦੇ ਗਲਗੇਦਰ ਪਿੰਡ ਵਿਚ ਹੋਇਆ ਸੀ। ਸਾਲ 1941 ਵਿਚ ਲਖਨਊ ਦੇ ਬੁੱਧ ਵਿਹਾਰ ਰਿਸਾਲਦਾਰ ਪਾਰਕ ਲਾਲ ਕੂਆ ਦੇ ਸੰਸਥਾਪਕ ਬੋਧਾਨੰਦ ਦੇ ਸੱਦੇ ਤੇ ਉਹ ਕਲਕੱਤਾ ਹੁੰਦੇ ਹੋਏ ਭਾਰਤ ਆਏ। ਸਾਲ 1942 ਵਿਚ ਬੋਧ ਭਿਖਸ਼ੂ ਬਣੇ।

ਇਸ ਦੌਰਾਨ 1948 ਅਤੇ 1951 ਵਿਚ ਦੋ ਵਾਰ ਡਾ. ਭੀਮ ਰਾਓ ਅੰਬੇਦਕਰ ਲਖਨਊ ਆ ਕੇ ਉਹਨਾਂ ਨੂੰ ਮਿਲੇ। ਸਾਲ 1956 ਵਿਚ 14 ਅਕਤੂਬਰ ਨੂੰ ਸੱਤ ਭੰਤਿਆਂ ਦੀ ਮੌਜੂਦਗੀ ਵਿਚ ਬਾਬਾ ਸਾਹਿਬ ਨੇ ਲੱਖ ਸਮਰਥਕਾਂ ਦੇ ਨਾਲ ਬੁੱਧ ਧਰਮ ਦੀ ਦੀਕਸ਼ਾ ਗ੍ਰਹਿਣ ਕੀਤੀ।

# ਲ਼ਾਲ ਸਿੰਘ ਦਾ ਕਹਾਣੀ ਸੰਗ੍ਰਹਿ 'ਸੰਸਾਰ' ਲੋਕ-ਅਰਪਣ

**ਹੁਸ਼ਿਆਰਪੁਰ–** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਇੱਕ ਵਿਸ਼ੇਸ਼ ਮੀਟਿੰਗ ਡਾ. ਕਰਮਜੀਤ ਸਿੰਘ ਅਤੇ ਪ੍ਰਿੰ. ਡਾ. ਪਰਮਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਪ੍ਰੋ. ਬਲਦੇਵ ਸਿੰਘ ਬੱਲੀ ਉਚੇਚੇ ਤੌਰ ਤੇ ਸ਼ਾਮਿਲ ਹੋਏ। ਮੀਟਿੰਗ ਵਿਚ ਕਹਾਣੀਕਾਰ ਲਾਲ ਸਿੰਘ ਦਾ ਸੱਤਵਾਂ ਕਹਾਣੀ ਸੰਗ੍ਰਹਿ 'ਸੰਸਾਰ' ਲੋਕ–ਅਰਪਣ ਕੀਤਾ ਗਿਆ।ਲਾਲ ਸਿੰਘ ਦੀ ਕਹਾਣੀ ਬਾਰੇ ਗੱਲ ਕਰਦਿਆਂ ਡਾ. ਕਰਮਜੀਤ ਸਿੰਘ ਨੇ ਕਿਹਾ ਲਾਲ ਸਿੰਘ ਆਪਣੀ ਕਹਾਣੀ ਵਿਚ ਮਾਨਵਵਾਦੀ ਚੇਤਨਾ ਨੂੰ ਦੁਆਬੀ ਭਾਸ਼ਾ ਵਿਚ ਗੁੰਨ੍ਹ ਕੇ ਪੇਸ਼ ਕਰਨ ਵਾਲਾ, ਜੁਗਾੜਬੰਦੀ ਤੋਂ ਕੋਹਾਂ ਦੂਰੀ ਰਹਿਣ ਵਾਲਾ ਕਹਾਣੀਕਾਰ ਹੈ। ਡਾ. ਪਰਮਜੀਤ ਸਿੰਘ ਨੇ ਉਸਨੂੰ ਮਾਰਕਸਵਾਦੀ ਵਿਚਾਰਧਾਰਾ ਨਾਲ ਜੁੜਿਆ ਤੇ ਬੁਨਿਆਦੀ ਤੌਰ ਉੱਤੇ ਵਿਚਾਰਧਾਰਕ ਪ੍ਰਤੀਬੱਧਤਾ ਵਾਲਾ ਕਥਾਕਾਰ ਕਿਹਾ। ਉਸਦੀ ਕਹਾਣੀ ਦੀ ਬਣਤਰ ਨੂੰ ਸਮਝਣਾ ਉਨ੍ਹਾਂ ਸਥਿਤੀਆਂ ਨੂੰ ਵੀ ਸਮਝਣਾ ਹੈ ਜਿਨ੍ਹਾਂ ਕਾਰਨ ਇਹ ਪੈਦਾ ਹੋਈ ਹੈ। ਪ੍ਰੋ. ਬੱਲੀ ਅਤੇ ਮਦਨ ਵੀਰਾ ਨੇ ਲਾਲ ਸਿੰਘ ਨੂੰ ਪੰਜਾਬ ਦੇ ਸਭਿਆਚਾਰਕ ਵਰਤਾਰੇ ਵਿਚੋਂ ਆਮ ਲੋਕਾਂ ਦੇ ਆਰਥਿਕ,




ਰਾਜਨੀਤਕ, ਸਮਾਜਿਕ, ਵਿਦਿਅਕ, ਸਾਹਿਤਕ, ਮਨੋਵਿਗਿਆਨਕ ਸਮੱਸਿਆ ਗ੍ਰਸਤ ਪਹਿਲੂਆਂ ਨੂੰ ਦਰਸਾਉਣ ਵਾਲਾ ਅਤੇ ਇਨ੍ਹਾਂ ਨਾਲ ਸਬੰਧਿਤ ਢਾਂਚਿਆਂ ਉੱਤੇ ਵਿਅੰਗਆਤਮਕ ਸੱਟ ਮਾਰਨ ਵਾਲਾ ਕਹਾਣੀਕਾਰ ਕਿਹਾ। ਡਾ. ਮਨਮੋਹਨ ਸਿੰਘ ਤੀਰ ਨੇ ਲਾਲ ਸਿੰਘ ਦੀ ਕਹਾਣੀ ਨੂੰ ਸਮਕਾਲੀ ਪੰਜਾਬੀ ਕਹਾਣੀ ਦੀ ਨਿਵੇਕਲੀ ਪਛਾਣ ਕਿਹਾ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਨਿਭਾਈ।ਇਸ ਮੌਕੇ ਸ਼ਾਇਰ ਜਸਬੀਰ ਸਿੰਘ ਧੀਮਾਨ, ਤ੍ਰਿਪਤਾ ਕੇ. ਸਿੰਘ, ਪ੍ਰਿੰ. ਸਤਵੰਤ ਕਲੋਟੀ, ਸਤੀਸ਼ ਕੁਮਾਰ, ਅਮਰਜੀਤ ਸਿੰਘ, ਆਯੂਸ਼ ਸ਼ਰਮਾ, ਸੰਦੀਪ ਕੁਮਾਰ, ਗੁਰਪ੍ਰੀਤ ਕੌਰ, ਸੁਰਿੰਦਰ ਕੰਗਵੀ, ਲਖਵਿੰਦਰ ਰਾਮ, ਡਾ. ਪਰਮਜੀਤ ਕੌਰ, ਡਾ. ਸੁਖਦੀਪ ਕੌਰ, ਡਾ. ਰਵਿੰਦਰ ਕੌਰ, ਡਾ. ਧਰਮਪਾਲ ਸਾਹਿਲ, ਪ੍ਰੀਤ ਨੀਤ ਪੁਰ, ਕਰਨੈਲ ਸਿੰਘ ਨੇਕਨਾਮਾ, ਸੁਰਿੰਦਰ ਸਿੰਘ ਨੇਕੀ, ਡਾ. ਭੁਪਿੰਦਰ ਕੌਰ, ਹਰਵਿੰਦਰ ਸਾਹਬੀ, ਸੋਮਦੱਤ ਦਿਲਗੀਰ, ਗੌਰਵ ਕਾਲੀਆ ਅਤੇ ਸਾਹਿਤ ਪ੍ਰੇਮੀ ਹਾਜ਼ਰ ਸਨ।

**ਰਿਪੋਰਟ: ਡਾ. ਜਸਵੰਤ ਰਾਏ (9815825999)**

# ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ ਹੋਇਆ





**ਮੋਗਾ–** ਜ਼ਿਲ੍ਹੇ ਦੇ ਇਤਿਹਾਸਕ ਨਗਰ ਡਰੌਲੀ ਭਾਈ ਕੇ ਗੁਰਦੁਆਰਾ ਸਿਮਰਨਸਰ ਸਾਹਿਬ ਪਾ: ਨੌਵੀਂ, ਸੱਤਵੀਂ ਵਿਖੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਗੁਰਮਤਿ ਸਮਾਗਮ ਹੋਇਆ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਛਤਰ ਛਾਇਆ ਅਤੇ ਡਾ. ਸੰਤ ਬਾਬਾ ਗੁਰਨਾਮ ਸਿੰਘ ਡਰੌਲੀ ਭਾਈ ਕਾਰ ਸੇਵਾ ਵਾਲੇ ਤੇ ਸੇਵਾਦਾਰਾਂ ਦੀ ਦੇਖ–ਰੇਖ ਹੇਠ ਸਜੇ ਗੁਰਮਤਿ ਸਮਾਗਮ ਵਿਚ ਭਾਈ ਮੇਹਰ ਸਿੰਘ, ਭਾਈ ਜਗਰੂਪ ਸਿੰਘ ਦੇ ਜਥਿਆਂ ਵੱਲੋਂ ਰਾਗ ਆਧਾਰਿਤ ਗੁਰ ਸ਼ਬਦ ਕੀਰਤਨ, ਭਾਈ ਪਿਆਰਾ ਸਿੰਘ ਡਰੌਲੀ ਭਾਈ, ਗਿਆਨੀ ਜਸਵੰਤ ਸਿੰਘ ਅੰਮ੍ਰਿਤਸਰ ਵੱਲੋਂ ਸੰਗਤਾਂ ਨੇ ਗੁਰ ਇਤਿਹਾਸ, ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਉਪਰੰਤ ਪੰਥ ਪ੍ਰਸਿੱਧ ਵਿਦਵਾਨਾਂ ਗਿਆਨੀ ਹਰਪਾਲ ਸਿੰਘ ਢੰਡ, ਗਿਆਨੀ ਕੁਲਵੰਤ ਸਿੰਘ ਪੰਡੋਰੀ ਆਦਿ ਦੇ ਢਾਡੀ ਜਥਿਆਂ ਵੱਲੋਂ ਸ਼ਹੀਦੀ ਪ੍ਰਸੰਗ ਪਾਤਸ਼ਾਹੀ ਨੌਵੀਂ, ਇਤਿਹਾਸਕ ਵਿਚਾਰਾਂ ਤੇ ਢਾਡੀ ਵਾਰਾਂ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਅਖੀਰ ਵਿਚ ਡਾ. ਸੰਤ ਬਾਬਾ ਗੁਰਨਾਮ ਸਿੰਘ ਜੀ ਵੱਲੋਂ ਉਕਤ ਵਿਦ–ਵਾਨਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਇਹ ਜਾਣਕਾਰੀ ਦਿੰਦਿਆਂ ਡਾ. ਸੰਤ ਬਾਬਾ ਗੁਰਨਾਮ ਸਿੰਘ ਜੀ ਨੇ ਦੱਸਿਆ ਕਿ ਕੌਮੀ ਸ਼ਹੀਦ ਸੰਤ ਬਾਬਾ ਚਰਨ ਸਿੰਘ ਜੀ ਦੀ ਯਾਦ ਵਿਚ ਸ਼ਹੀਦੀ ਸਮਾਗਮ 3 ਦਸੰਬਰ (ਐਤਵਾਰ) ਨੂੰ ਗੁਰਦੁਆਰਾ ਸਿਮਰਨਸਰ ਸਾਹਿਬ ਡਰੌਲੀ ਭਈ ਵਿਖੇ ਹੋਵੇਗਾ।

**– ਰਿਪੋਰਟ– ਡਾ. ਬਲਰਾਜ ਸਿੰਘ (ਘੱਲ ਕਲਾਂ)**

# ਮੈਂ ਵੀ ਰਾਜਪੂਤ ਹਾਂ



**ਨਵੀਂ ਦਿੱਲੀ–** ''ਜਦੋਂ ਰਾਜਪੂਤ ਲੜਕੀਆਂ ਦਾ ਦਮਨ ਹੁੰਦਾ ਹੈ, ਉਹਨਾਂ ਨੂੰ ਪੜ੍ਹਨ ਨਹੀਂ ਦਿੱਤਾ ਜਾਂਦਾ, ਘੱਟ ਉਮਰ ਵਿਚ ਵਿਆਹ ਕਰਵਾ ਦਿੱਤਾ ਜਾਂਦਾ ਹੈ, ਤਾਂ ਇਹ ਸਮਾਜ ਦੇ ਠੇਕੇਦਾਰ ਕਿੱਥੇ ਚਲੇ ਜਾਂਦੇ ਹਨ, ਕਿਉਂ ਇਹਨਾਂ ਦੀ ਆਵਾਜ਼ ਨਹੀਂ ਨਿਕਲਦੀ। ਇਕ ਫਿਲਮ ਕੀ ਆ ਗਈ, ਅਸਮਾਨ ਸਿਰ ਤੇ ਚੁੱਕ ਰੱਖਿਆ ਹੈ।''

ਇਹ ਕਹਿਣਾ ਹੈ ਪੱਤਰਕਾਰ ਸ਼ੇਸ ਨਰਾਇਣ ਸਿੰਘ ਦਾ। ਯੂ–ਟਿਊਬ ਤੇ ਚੱਲ ਰਹੇ ਵੀਡੀਓ ਵਿਚ ਉਹਨਾਂ ਨੇ ਕਿਹਾ ਕਿ ਮੈਂ ਖੁਦ ਰਾਜਪੂਤ ਸਮਾਜ ਤੋਂ ਹਾਂ ਪਰ ਇਹ ਮੇਰੀ ਬਦਕਿਸਮਤੀ ਹੈ। ਮੇਰੀ ਭੈਣ ਨੂੰ ਪੰਜਵੀਂ ਤੋਂ ਅੱਗੇ ਪੜ੍ਹਨ ਨਹੀਂ ਦਿੱਤਾ ਗਿਆ। 14 ਸਾਲ ਦੀ ਉਮਰ ਸੀ, ਜਦੋਂ ਉਸਦਾ ਵਿਆਹ ਕਰਵਾ ਦਿੱਤਾ। 18 ਸਾਲ ਦੀ ਉਮਰ ਵਿਚ ਉਹ ਵਿਧਵਾ ਹੋ ਗਈ। ਜਿਹਨਾਂ ਸਮਾਜ ਵਾਲਿਆਂ ਨੇ ਇਹ ਸਭ ਕਰਵਾਇਆ ਸੀ, ਉਹ ਹਾਲ ਪੁੱਛਣ ਵੀ ਨਹੀਂ ਆਏ।ਕਿਹੜੀ ਰਾਜਪੂਤਨੀ ਰਵਾਇਤ ਦੀ ਗੱਲ ਕਰ ਰਹੇ ਹਨ ਇਹ ਲੋਕ। ਰਾਜਪੂਤ ਤਾਂ ਉਹ ਹੁੰਦਾ ਹੈ ਜੋ ਔਰਤ ਦੀ ਹਿਫਾਜ਼ਤ ਦੇ ਲਈ ਜਾਨ ਦੇ ਦਿੰਦਾ ਹੈ। ਪਹਿਲਾਂ ਤਾਂ ਇਹ ਇਸ ਗੱਲ ਦਾ ਜਵਾਬ ਦੇਣ ਕਿ ਅਜਿਹੀ ਕੀ ਨੌਬਤ ਆ ਗਈ ਸੀ, ਜੋ ਹਜ਼ਾਰਾਂ ਔਰਤਾਂ ਨੂੰ ਜਿੰਦਾ ਸਾੜਨਾ (ਜੌਹਰ ਕਰਨਾ) ਪਿਆ। ਖਿਲਜੀ ਨੂੰ ਬੁਲਾ ਕੇ ਲਿਆਉਣ ਵਾਲਾ ਵੀ ਰਾਪੂਤ ਸੀ ਅਤੇ ਉਹ ਵੀ ਰਾਜਪੂਛ ਹੀ ਸੀ, ਜੋ ਅਕਬਰ ਦਾ ਸੰਦੇਸ਼ ਆਉਣ ਤੇ ਆਪਣੀਆਂ ਲੜਕੀਆਂ ਦਾ ਵਿਆਹ ਕਰਨ ਪਹੁੰਚ ਜਾਂਦੇ ਸਨ। ਮੁਹੰਮਦ ਗੌਰੀ ਦੇ ਵਕਤ ਰਾਜਪੂਤ ਇਕ ਵੀ ਲੜਾਈ ਨਹੀਂ ਜਿੱਤ ਸਕੇ। ਉਦੋਂ ਇਹਨਾਂ ਦੀਆਂ ਤਲਵਾਰਾਂ ਵਿਚ ਜੰਗਾਲ ਲੱਗ ਗਿਆ ਸੀ। ਅੱਜ ਇਕ ਲੜਕੀ ਦੀ ਨੱਕ ਕੱਟਣ 'ਤੇ ਦਸ ਕਰੋੜ ਇਨਾਮ ਰੱਖ ਰਹੇ ਹਨ। ਮੇਰੇ ਵਰਗੇ ਲੋਕ ਸਵਾਲ ਪੁੱਛਦੇ ਹਨ ਤਾਂ ਬੋਲਣ ਦੀ ਆਜ਼ਾਦੀ ਦਾ ਬਹਾਨਾ ਕਰਦੇ ਹਨ। ਉਹ ਤਾਂ ਮੰਨ ਵੀ ਸਕਦੇ ਹਨ ਪਰ ਕਿਸੇ ਨੂੰ ਸਾੜਨ ਦਾ ਹੱਕ ਇਹਨਾਂ ਨੂੰ ਕਿਸਨੇ ਦਿੱਤਾ ਹੈ।

ਅਸਲੀ ਰਾਜਪੂਤ ਹੋਣ ਤਾਂ ਇਯੇ ਦਸ ਕਰੋੜਰੁਪਏ ਨਾਲ ਲੜਕੀਆਂ ਦੇ ਲਈ ਸਕੂਲ ਖੋਲ੍ਹਣ। ਉਹਨਾਂ ਗਰੀਬ ਰਾਜਪੂਤ ਬੱਚਿਆਂ ਦੇ ਖਾਣੇ ਦਾ ਇੰਤਜ਼ਾਮ ਕਰਵਾਉਣ ਜੋ ਗਰੀਬੀ ਦੀ ਜ਼ਿੰਦਗੀ ਜਿਉਂ ਰਹੇ ਹਨ। ਕਈ ਨਾਬਾਲਗ ਲੜਕੇ ਸ਼ਰਾਬ ਪੀ ਰਹੇ ਹਨ। ਉਹਨਾਂ ਨੂੰ ਕਿਉਂ ਨਹੀਂ ਰੋਕਦੇ। ਕੁਝ ਹੋਰ ਨਹੀਂ ਸੁੱਝਿਆ ਤਾਂ ਫਿਲਮ ਵਾਲਿਆਂ ਦੇ ਪਿੱਛੇ ਪੈ ਗਏ। ਮੈਨੂੰ ਇਹਨਾਂ ਤੇ ਸ਼ਰਮ ਆਉਂਦੀ ਹੈ।



ਰਿਜ਼ਰਵ ਸੀਟ ਤੋਂ ਟਿਕਟ ਦੇਣਾ ਭਾਜਪਾ ਦੀ ਮਜਬੂਰੀ ਹੈ। ਇਹ ਜਗਮੋਹਨ ਬਾਲਮੀਕੀ ਹਨ, ਜੋ ਰਾਧਾਕੁੰਡ (ਉਤਰ ਪ੍ਰਦੇਸ਼) ਤੋਂ ਨਗਰ ਪੰਚਾਇਤ ਦੇ ਲਈ ਭਾਜਪਾ ਉਮੀਦਵਾਰ ਹਨ, ਜਮੀਨ ਤੇ ਬਿਠਾ ਰੱਖਿਆ ਹੈ। ਔਕਾਤ ਦੱਸਣ ਦੇ ਲਈ। ਬਾਕੀ ਸਭ ਵਰਕਰ ਮੰਜਿਆਂ ਅਤੇ ਕੁਰਸੀਆਂ 'ਤੇ ਬੈਠੇ ਹਨ। ਦੂਜੀਆਂ ਪਾਰਟੀਆਂ ਵਿਚ ਦਲਿਤ ਸਮਾਜ ਦੇ ਲੀਡਰਾਂ ਦੀ ਇਹ ਵੀ ਇਕ ਨਮੂਨਾ ਹੈ।

# ਐਸ.ਸੀ. ਐਸ.ਟੀ.ਅਤੇ ਔਰਤ ਜੱਜ ਘੱਟ ਹੋਣਾ ਚਿੰਤਾਜਨਕ : ਰਾਸ਼ਟਰਪਤੀ

## 17 ਹਜ਼ਾਰ ਜੱਜਾਂ ਵਿਚੋਂ ਸਿਰਫ 4700 ਔਰਤਾਂ, ਯਾਨਿ ਚਾਰ ਜੱਜਾਂ ਵਿਚੋਂ ਇਕ



**ਨਵੀਂ ਦਿੱਲੀ–** ਭਾਰਤ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਅਦਾਲਤਾਂ ਵਿਚ ਔਰਤਾਂ, ਐਸ. ਸੀ., ਐਸ. ਟੀ. ਅਤੇ ਓ. ਬੀ.ਸੀ. ਜੱਜਾਂ ਦੀ ਘੱਟ ਗਿਣਤੀ ’ਤੇ ਚਿੰਤਾ ਪ੍ਰਗਟਾਈ ਹੈ। ਨੈਸ਼ਨਲ ਲਾਅ ਡੇਅ ’ਤੇ ਨੀਤੀ ਆਯੋਗ ਅਤੇ ਕਾਨੂੰਨ ਕਮਿਸ਼ਨ ਵੱਲੋਂ ਆਯੋਜਿਤ ਸੰਮੇਲਨ ਵਿਚ ਉਹਨਾਂ ਨੇ ਕਿਹਾ ਕਿ ’ਲੋਅਰ ਕੋਰਟਾਂ, ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਕੁੱਲ 17 ਹਜ਼ਾਰ ਜੱਜ ਹਨ। ਇਹਨਾਂ ਵਿਚੋਂਔਰਤਾਂ ਸਿਰਫ 4700 ਹਨ। ਯਾਨਿ ਚਾਰ ਵਿਚੋਂ ਇਕ। ਹਾਲਾਤ ਸੁਧਾਰਨ ਦੀ ਦਿਸ਼ਾ ਵਿਚ ਫੌਰਨ ਕਦਮ ਚੁੱਕਣ ਦੀ ਸਲਾਹ ਦਿੱਤੀ ਗਈ। ਉਹਨਾਂ ਕਿਹਾ ਕਿ ਅਦਾਲਤਾਂ ਵਿਚ ਵੀ ਦੇਸ਼ ਅਤੇ ਸਮਾਜ ਦੀ ਵਿਭਿੰਨਤਾ ਝਲਕਣੀ ਚਾਹੀਦੀ ਹੈ। ਇਸ ਦੇ ਲਈ ਜ਼ਿਲ੍ਹਾ ਅਤੇ ਸੈਸ਼ਨ ਜੱਜਾਂ ਦੀ ਕੁਸ਼ਲਤਾ ਨੂੰ ਵਧਾਉਣਾ ਹੋਵੇਗਾ ਤਾਂ ਜੋ ਜ਼ਿਆਦਾ ਲੋਕਾਂ ਨੂੰ ਹਾਈਕੋਰਟਾਂ ਵਿਚ ਪ੍ਰਮੋਟ ਕੀਤਾ ਜਾ ਸਕੇ। ਹਾਲਾਂਕਿ ਉਹਨਾਂ ਨੇ ਨਿਯੁਕਤੀਆਂ ਦੀ ਕੁਆਲਟੀ ਨਾਲ ਸਮਝੌਤਾ ਨਾ ਕਰਨ ਦੀ ਵੀ ਸਲਾਹ ਦਿੱਤੀ।

# ਬਾਬਾ ਸਾਹਿਬ ਨੂੰ ਸਮਰਪਿਤ ਗੀਤ ਮੂਲ ਨਿਵਾਸੀ ਦੀ ਸ਼ੂਟਿੰਗ ਪੂਰੀ, ਜਲਦ ਹੋਵੇਗੀ ਰਿਲੀਜ਼



ਸਾਊਂਡ ਵੇਵਜ਼ ਮਿਊਜ਼ਿਕ ਕੰਪਨੀ ਦੇ ਡਾਇਰੈਕਟਰ ਅਮਨ ਕੁਮਾਰ ਅਤੇ ਰਾਜਵਿੰਦਰ ਕੌਰ ਨੇ ਦੱਸਿਆ ਕਿ ਕੰਪਨੀ ਵੱਲੋਂ ਗੁਰੂ ਰਵਿਦਾਸ ਮਹਾਰਾਜਜੀ ਦੇ ਗੁਰਪੁਰਬ ’ਤੇ ਉਹਨਾਂ ਦੀ ਕੰਪਨੀ ਵੱਲੋਂ 8 ਗੀਤਾਂ ਦੀ ਡੀ. ਵੀ. ਡੀ. ਰਿਲੀਜ਼ ਕੀਤੀ ਜਾ ਰਹੀ ਹੈ। ਵੱਖ-ਵੱਖ ਗੀਤਾਂ ਦੀ ਸ਼ੂਟਿੰਗ ਦੇਸ਼ ਅਤੇ ਵਿਦੇਸ਼ ਵਿਚ ਚੱਲ ਰਹੀ ਹੈ। ਜਿਸ ਨੂੰ ਗਾਇਆ ਹੈ ਕ੍ਰਾਂਤੀਕਾਰੀ ਆਵਾਜ਼ ਮਲਕੀਤਬੰਬੇਲੀ ਨੇ। ਡੀ. ਵੀ. ਡੀ. ਦੇ ਪ੍ਰੋਡਿਊਸਰ ਰਣਜੀਤ ਕੁਮਾਰ, ਗੀਤਕਾਰ ਲਾਡੀ ਜੱਸਲ, ਰਜ ਘੇਰਾ, ਸੋਨੂੰ ਮੁਸਾਪੁਰੀਆ, ਗੋਰਾ ਬੰਬੇਲੀ। ਮੂਲ ਨਿਵਾਸੀ ਗੀਤ ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ ਜਿਸ ਨੂੰ ਜਲਦ ਹੀ ਰਿਲੀਜ਼ ਕੀਤਾ ਜਾਵੇਗਾ। ਇਸ ਡੀ. ਵੀ. ਡੀ. ਦੇ ਡਾਇਰੈਕਟਰ ਹਨ ਤਰਸੇਮ ਬੱਧਣ ਅਤੇ ਇਸ ਨੂੰ ਦੇਸ਼ ਵਿਦੇਸ਼ ਵਿਚ ਰਿਲੀਜ਼ ਕੀਤਾ ਜਾਵੇਗਾ।

A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431

649 W. Elkhorn Blvd. Suite B2

Rio Linda, CA 95673

Amarjit Sandhu

# ਗੁਰੂ ਤੇਗ ਬਹਾਦਰ ਜੀ ਦੀ ਸਹੀਦੀ ਨੂੰ ਸਮਰਪਿਤ ਕਵੀ ਦਰਬਾਰ ਆਯੋਜਿਤ

**ਬਟਾਲਾ (ਨਰਿੰਦਰ ਬਰਨਾਲ)–** ਸ੍ਰੀ ਸੁਖਮਨੀ ਸਾਹਿਬ ਸੇਵਾ ਸੂਸਾਇਟੀ ਅੰਤਰਰਾਸਟਰੀ ਸੰਸਥਾ ਬਟਾਲਾ ਵੱਲੋ ਨਾਮ ਸਿਮਰਨ ਕੇਦਰ (ਰਜਿ) ਸੁਮਮਨੀ ਕਲੌਨੀ ਬਟਾਲਾ ਵੱਲੋ ਨੌਵੀ ਪਾਤਸਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਹੀਦੀ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ। ਇਸ ਮਹਾਨ ਕਵੀ ਦਰਬਾਰ ਵਿੱਚ ਨਾਮ ਵਰ ਕਵੀ ਨੇ ਗੁਰੂ ਜੀ ਦੇ ਜੀਵਨ ਨਾਲ ਸਬੰਧਿਤ ਕਵਿਤਾਵਾਂ ਪੜੀਆਂ। ਸੂਰਮਿਆਂ ਤੇ ਯੋਧਿਆ ਦੀਆਂ ਕਵਿਤਾਵਾਂ ਵਿੱਚ ਕਵੀ ਮਲਕੀਤ ਸਿੰਘ, ਨਰਿੰਦਰ ਸੰਧੂ ਬਟਾਲਵੀ, ਗਿਆਨੀ ਸੁਰਿੰਦਰ ਸਿੰਘ ਨਿਮਾਣਾ, ਬਲਵਿੰਦਰ ਸਿੰਘ ਗੰਭੀਰ, ਨਰਿੰਦਰ ਸਿੰਘ ਸੰਘਾ, ਚੰਨ ਬੋਲੇਵਾਲੀਆ, ਬੀਬਾ ਮੌਕਸਦੀਪ ਕੌਰ ਲੁਧਿਆਣਾ, ਡਾ ਰਮਨਦੀਪ ਸਿੰਘ, ਦੀਪ ਨੇ ਹਾਜਰੀ ਭਰੀ ਇਸ ਮੌਕੇ ਨਾਮ ਸਿਮਰਨ ਕੇਦਰ ਦੇ ਚੇਅਰਮੈਨ ਗੁਰਬਚਨ ਸਿੰਘ , ਗਿਆਨੀ ਭੁਪਿੰਦਰ ਸਿੰਘ, ਦਲੀਪ ਸਿੰਘ, ਰਵਿੰਦਰਪਾਲ ਸਿੰਘ, , ਲਖਵਿੰਦਰ ਸਿੰਘ , ਸੁੱਖਾ ਸਿੰਘ, ਬੀਬੀ ਕਮਲਜੀਤ ਕੌਰ, ਬਲਬੀਰ ਕੌਰ, ਪਰਵਿੰਦਰ ਕੌਰ, ਅਰਸਦੀਪ ਸਿੰਘ , ਜਰਨੈਲ ਸਿੰਘ, ਦਵਿੰਦਰ ਸਿੰਘ ਖਾਲਸਾ, ਰਛਪਾਲ ਸਿੰਘ, ਦਵਿੰਦਰ ਸਿੰਘ ਏ ਐਸ ਆਈ, ਰਜਿੰਦਰ ਸਿੰਘ ਪਾਰੋਵਾਲ ਆਦਿ ਮੈਬਰ ਤੇ ਸੰਗਤਾ ਹਾਜਰ ਸਨ।

# ਸ਼ੈਫ ਨੂੰ ਛੁੱਟੀ ’ਤੇ ਗਏ ਹੋਣ ਬਾਅਦ ਨੌਕਰੀ ਤੋਂ ਕੱਢਣਾ ਮਾਲਕ ਨੂੰ ਪਿਆ ਮਹਿੰਗਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਕਹਿੰਦੇ ਨੇ ਕਿਸੇ ਦਾ ਹੱਕ ਮਾਰ ਲੈਣ ਵਾਲੇ ਜਾਂ ਖੋਹ ਲੈਣ ਵਾਲੇ ਨਾਲੋਂ ਉਸਦਾ ਹੱਕ ਦਿਵਾਉਣ ਵਾਲਾ ਬੱਲਵਾਨ ਹੁੰਦਾ ਹੈ। ਇਕ ਅਜਿਹੀ ਹੀ ਘਟਨਾ ਇਥੇ ਚਲਦੇ ਇਕ ਭਾਰਤੀ ਰੈਸਟੋਰੈਂਟ ’ਸੱਤਿਆ’ ਦੇ ਸ਼ੈਫ ਨਾਲ ਹੋਈ ਹੈ। ਇੰਪਲਾਇਮੈਂਟ ਰਿਲੇਸ਼ਨਜ਼ ਅਥਾਰਟੀ ਨੇ ਬਾਬੂ ਪੰਡਤ ਨਾਂਅ ਦੇ ਇਕ ਸ਼ੈਫ ਨੂੰ ਉਸਦਾ ਹੱਕ ਦਿਵਾ ਦਿੱਤਾ ਹੈ। ਇਹ ਸ਼ੈਫ ਆਪਣੀ ਛੁੱਟੀ ਉਤੇ ਸੀ ਅਤੇ ਦੇਸ਼ ਤੋਂ ਬਾਹਰ ਸੀ ਇਸ ਦਰਮਿਆਨ ਇਸਦੇ ਰੁਜ਼ਗਾਰ ਦਾਤਾ ਨੇ ਜਿੱਥੇ ਉਸਨੂੰ ਗੈਰ ਕਾਨੂੰਨੀ ਤਰੀਕੇ ਨਾਲ ਨੌਕਰੀ ਤੋਂ ਪਰ੍ਹਾਂ ਕਰ ਦਿੱਤਾ ਉਥੇ ਉਸਦਾ ਵਰਕ ਵੀਜ਼ਾ ਵੀ ਕੈਂਸਲ ਕਰਵਾ ਦਿੱਤਾ। ਰੈਸਟੋਰੈਂਟ ਦੇ ਮਾਲਕ ਸਵੈਮੀ ਨੇ ਬਾਬੂ ਪੰਡਤ ਨੂੰ ਹੈਦਰਾਬਾਦ ਤੋਂ ਵਿਸ਼ੇਸ਼ ਤੌਰ ’ਤੇ 2012 ਦੇ ਵਿਚ ਬੁਲਾਇਆ ਸੀ। ਪੰਡਤ ਨੇ ਅਪ੍ਰੈਲ 2013 ਤੋਂ ਸਤੰਬਰ 2016 ਤੱਕ ਇਸ ਮਾਲਕ ਕੋਲ ਕੰਮ ਕੀਤਾ ਅਤੇ ਤਿੰਨ ਵਾਰ ਵਰਕ ਵੀਜ਼ਾ ਲਿਆ। ਇਹ ਸ਼ੈਫ ਸਲਾਨਾ 26152 ਡਾਲਰ ਕਮਾਉਂਦਾ ਸੀ। ਸੋ ਪਿਛਲੇ ਸਾਲ ਸਤੰਬਰ ਮਹੀਨੇ ਇਹ ਸ਼ੈਫ ਇੰਡੀਆ ਕੁਝ ਵੱਧ ਸਮੇਂ ਲਈ ਸਕੀਮ ਨਾਲ ਗਿਆ ਤਾਂ ਕਿ ਆਪਣੀ ਪਤਨੀ ਅਤੇ ਬੱਚਿਆਂ ਨੂੰ ਵੀ ਲਿਆ ਸਕੇ ਪਰ ਇਹ ਸਕੀਮ ਸਿਰੇ ਨਾ ਚੜ੍ਹੀ। ਇਸਦੇ ਰੁਜ਼ਗਾਰ ਦਾਤਾ ਨੇ ਦੋ ਈਮੇਲਾਂ ਅਤੇ ਇਕ ਪੱਤਰ ਇਮੀਗ੍ਰੇਸ਼ਨ ਨੂੰ ਲਿਖਿਆ ਅਤੇ ਉਸਦੇ ਅਧਾਰ ਉਤੇ ਨਵੰਬਰ ਮਹੀਨੇ ਇਸਦਾ ਵੀਜ਼ਾ ਕੈਂਸਲ ਇਮੀਗ੍ਰੇਸ਼ਨ ਨੇ ਕੈਂਸਲ ਕਰ ਦਿੱਤਾ। ਇਸਨੇ ਪੱਤਰ ਵਿਚ ਇਹ ਵੀ ਲਿਖਿਆ ਕਿ ਪੰਡਤ ਨੂੰ ਸ਼ੂਗਰ ਦੀ ਬਿਮਾਰੀ ਹੈ ਅਤੇ ਉਸਨੇ ਪਿਛਲੇ ਵੀਜ਼ੇ ਦੌਰਾਨ ਦਵਾਈਆਂ ਆਦਿ ਦੇ ਸਹਾਰੇ ਉਸਨੂੰ ਕੰਟਰਲੋ ਕਰਨ ਦੀ ਕੋਸ਼ਿਸ ਕੀਤੀ। ਉਸਨੇ ਲਿਖ ਦਿੱਤਾ ਕਿ ਉਹ ਅੱਗੇ ਤੋਂ ਉਸਨੂੰ ਆਪਣੇ ਕੰਮ ’ਤੇ ਨਹੀਂ ਰੱਖਣਗੇ ਇਸ ਕਰਕੇ ਉਸਦਾ ਵੀਜ਼ਾ ਕੈਂਸਲ ਕਰ ਦਿਓ। ਉਸਨੇ ਕਿਹਾ ਕਿ ਉਸਦੀ ਈਮੇਲ ਗੁੰਮਨਾਮ ਰੱਖੀ ਜਾਵੇ ਅਤੇ ਐਕਸ਼ਨ ਲੈਣ ਬਾਰੇ ਉਸਨੂੰ ਦੱਸਿਆ ਜਾਵੇ। ਉਸਨੇ ਇਕ ਵੱਖਰੀ ਈਮੇਲ ਵਿਚ ਲਿਖਿਆ ਕਿ ਉਸਦੀ ਨੌਕਰੀ ਹੁਣ ਖਤਮ ਕਰ ਦਿੱਤੀ ਗਈ ਹੈ। ਇਸ ਦਰਮਿਆਨ ਜਦੋਂ ਇੰਪਲਾਇਮੈਂਟ ਰਿਲੇਸ਼ਨ ਨੇ ਸਾਰੀ ਕਹਾਣੀ ਸੁਣੀ ਤਾਂ ਪਤਾ ਚੱਲਿਆ ਕਿ ਰੁਜ਼ਗਾਰ ਦਾਤਾ ਨੇ ਜਿਸ ਤਰੀਕੇ ਨਾਲ ਨੌਕਰੀ ਤੋਂ ਕੱਢਿਆ ਹੈ ਉਹ ਚੰਗਾ ਤਰੀਕਾ ਨਹੀ ਸੀ। ਸ਼ੂਗਰ ਦੀ ਬਿਮਾਰੀ ਦੀ ਕਹਾਣੀ ਦੇ ਵਿਚ ਵੀ ਕਈ ਗੱਲਾਂ ਪਾਈਆਂ ਗਈਆਂ। ਅੰਤ ਇੰਪਲਾਇਮੈਂਟ ਰਿਲੇਸ਼ਨ ਵਾਲਿਆਂ ਨੇ ਰੈਸਟੋਰੈਂਟ ਮਾਲਕ ਨੂੰ 33,465 ਡਾਲਰ ਦੀ ਭਰਪਾਈ ਕਰਨ ਲਈ ਕਹਿ ਦਿੱਤਾ ਹੈ।

# ਪਹਿਲਾ ਕੇਸਾਧਾਰੀ ਸਿੱਖ ਹਾਕੀ (ਅੰਡਰ-19) ਟੂਰਨਾਮੈਂਟ 2 ਦਸੰਬਰ ਤੋਂ ਜਰਖੜ ਸਟੇਡੀਅਮ ਵਿਖੇ

**ਜਰਖੜ (ਪੰਜਾਬ)–** ਅੰਤਰ-ਰਾਸ਼ਟਰੀ ਸਿੱਖ ਸਪੋਰਟਸ ਕਾਉਂਸਿਲ ਵੱਲੋਂ ਮਾਤਾ ਸਾਹਿਬ ਕੌਰ ਹਾਕੀ ਅਕਾਦਮੀ ਜਰਖੜ ਦੇ ਸਹਿਯੋਗ ਨਾਲ ਸਿੱਖ ਨੌਜਵਾਨ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਅਤੇ ਹਾਕੀ ਪ੍ਰਤੀ ਪ੍ਰੇਰਿਤ ਕਰਨ ਦੇ ਉਪਰਾਲਿਆਂ ਨਾਲ ਸ਼ੁਰੂ ਕੀਤਾ ਜਾ ਰਿਹਾ ਪਹਿਲਾ ਕੇਸਾਧਾਰੀ ਸਿੱਖ ਅੰਡਰ-19 ਸਕੂਲਜ਼ ਅਕਾਦਮੀਆਂ ਦਾ ਹਾਕੀ ਟੂਰਨਾਮੈਂਟ 2 ਤੋਂ 6 ਦਿਸੰਬਰ ਤੱਕ ਨੀਲੇ ਰੰਗ ਦੀ ਨਵੀਂ ਐਸਟਰੋਟਰਫ ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਜਰਖੜ ਵਿਖੇ ਕਰਵਾਇਆ ਜਾ ਰਿਹਾ ਹੈ।ਅੰਤਰ-ਰਾਸ਼ਟਰੀ ਸਿੱਖ ਸਪੋਰਟਸ ਕਾਉਂਸਿਲ ਦੇ ਪ੍ਰਧਾਨ ਜਸਵੀਰ ਸਿੰਘ ਮੁਹਾਲੀ, ਡਾਇਰੈਕਟਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਟੂਰਨਾਮੈਂਟ ਦਾ ਮੁੱਖ ਮਕਸਦ ਬੱਚਿਆਂ ਨੂੰ ਸਿੱਖੀ ਪ੍ਰਤੀ ਜੋੜਨ ਅਤੇ ਕੌਮੀ ਖੇਡ ਹਾਕੀ ਨੂੰ ਪ੍ਰਫੁੱਲਤ ਕਰਨ ਦਾ ਹੈ।ਇਸ ਟੂਰਨਾਮੈਂਟ ਵਿੱਚ ਉੱਤਰ ਬਾਰਤ ਦੀਆਂ ਨਾਮੀ 8 ਅਕਾਦਮੀਆਂ ਭਾਗ ਲੈਣਗੀਆਂ। ਜਿਹਨਾਂ ਵਿੱਚ ਓਲੰਪੀਅਨ ਸੁਰਜੀਤ ਅਕਾਦਮੀ ਜਲੰਧਰ, ਚੰਡੀਗੜ੍ਹ ਅਕਾਦਮੀ 42 ਸੈਕਟਰ, ਪੀ.ਆਈ.ਐਸ ਅਕਾਦਮੀ ਮੁਹਾਲੀ, ਬਾਬਾ ਉੱਤਮ ਸਿੰਘ ਅਕਾਦਮੀ ਖਡੂਰ ਸਾਹਿਬ, ਗਰੇਵਾਲ ਅਕਾਦਮੀ ਕਿਲ੍ਹਾ ਰਾਏਪੁਰ, ਮਾਤਾ ਸਾਹਿਬ ਕੌਰ ਹਾਕੀ ਅਕਾਦਮੀ ਜਰਖੜ, ਧਿਆਨ ਸਿੰਘ ਅਕਾਦਮੀ ਜੰਮੂ ਕਸ਼ਮੀਰ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਾਕੀ ਅਕਾਦਮੀ ਅੰਮ੍ਰਿਤਸਰ ਹਿੱਸਾ ਲੈਣਗੀਆਂ। ਸਿੱਖ ਕਾਉਂਸਿਲ ਦੇ ਜਨਰਲ ਸਕੱਤਰ ਮਹਾਂਵੀਰ ਸਿੰਘ ਅਤੇ ਸੀਨੀਅਰ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਨੂੰ 1 ਲੱਖ ਰੁਪਏ ਦੀ ਇਨਾਮੀ ਰਾਸ਼ੀ ਤੋਂ ਇਲਾਵਾ ਸਰਵੋਤਮ ਖਿਡਾਰੀਆਂ ਨੂੰ ਵਧੀਆ ਅਵਾਰਡ ਅਤੇ ਇਨਾਮੀ ਰਾਸ਼ੀ ਨਾਲ ਸਨਮਾਨਿਆ ਜਾਵੇਗਾ। ਜਿਸ ਵਿੱਚ ਚੈਂਪੀਅਨ ਟੀਮ ਨੂੰ 51,000 ਰੁਪਏ, ਉਪ-ਜੇਤੂ ਨੂੰ 31,000 ਰੁਪਏ, ਜਦਕਿ ਤੀਸਰੇ ਸਥਾਨ ਉੱਤੇ ਰਹਿਣ ਵਾਲੀ ਟੀਮ ਨੂੰ 21,000 ਰੁਪਏ ਦੀ ਇਨਾਮੀ ਰਾਸ਼ੀ ਅਤੇ ਯਾਦਗਾਰੀ ਟਰਾਫੀਆਂ ਦਿੱਤੀਆਂ ਜਾਣਗੀਆਂ। ਇਹ ਟੂਰਨਾਮੈਂਟ ਲੀਗ ਕਮ ਨਾਕ-ਆਉਟ ਪ੍ਰਣਾਲੀ ਦੇ ਅਧਾਰਿਤ ਖੇਡਿਆ ਜਾਵੇਗਾ। ਉਕਤ 8 ਟੀਮਾਂ ਨੂੰ ਵੱਖ-ਵੱਖ 2-2 ਪੂਲਾਂ ਵਿੱਚ ਵੰਡਿਆ ਜਾਵੇਗਾ। ਹਰ ਪੂਲ ਵਿੱਚੋਂ 2 ਸਰਵੋਤਮ ਟੀਮਾਂ ਸੈਮੀਫਾਇਨਲ ਲਈ ਕੁਆਲੀਫਾਈ ਕਰਨਗੀਆਂ। ਉਹਨਾਂ ਦੱਸਿਆ ਕਿ ਇਸ ਟੂਰਨਾਮੈਂਟ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਗੁਰਦੁਆਰਾ ਮੰਜੀ ਸਾਹਿਬ ਜਰਖੜ ਦੀ ਪ੍ਰਬੰਧਕ ਕਮੇਟੀ ਵੱਲੋਂ ਸਾਰੀਆਂ ਟੀਮਾਂ ਵਾਸਤੇ ਲੰਗਰ ਦੀ ਸੇਵਾ ਜਦਕਿ ਜਰਖੜ ਸਟੇਡੀਅਮ ਵਿਖੇ ਸਾਰੀਆਂ ਟੀਮਾਂ ਨੂੰ ਵਧੀਆ ਰਿਹਾਇਸ਼ ਮੁਹੱਈਆ ਕੀਤੀ ਜਾਵੇਗੀ।



ਜਰਖੜ ਹਾਕੀ ਅਕਾਦਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਇਸ ਟੂਰਨਾਮੈਂਟ ਦੇ ਹਰ ਰੋਜ਼ 4 ਮੈਚ ਹੋਇਆ ਕਰਨਗੇ। ਜਿੰਨ੍ਹਾਂ ਵਿੱਚ 2 ਮੈਚ ਸੂਰਜ ਦੀ ਰੌਸ਼ਨੀ ਵਿੱਚ ਅਤੇ ਦੋ ਮੈਚ ਫਲੱਡ ਲਾਈਟਾਂ ਦੀ ਰੌਸ਼ਨੀ ਵਿੱਚ ਖੇਡੇ ਜਾਣਗੇ।ਇਹ ਮੈਚ ਦੁਪਹਿਰ 2 ਵਜੇ ਤੋਂ ਰਾਤ 8 ਵਜੇ ਤੱਕ ਚੱਲਿਆ ਕਰਨਗੇ। ਸਿੱਖ ਸਪੋਰਟਸ ਕਾਉਂਸਿਲ ਦੇ ਸਕੱਤਰ ਮਨਮੋਹਣ ਸਿੰਘ ਅਤੇ ਗੁਰਮੀਤ ਸਿੰਘ ਨੇ ਦੱਸਿਆ ਕਿ 2 ਦਿਸੰਬਰ ਨੂੰ ਟੂਰਨਾਮੈਂਟ ਦਾ ਉਦਘਾਟਨੀ ਸਮਾਰੋਹ ਦੁਪਿਹਰ 1 ਵਜੇ ਹੋਵੇਗਾ। ਇਸ ਦੌਰਾਨ ਵੱਖ-ਵੱਖ ਟੀਮਾ ਦਾ ਮਾਰਚ ਪਾਸਟ ਤੋਂ ਇਲਾਵਾ ਗੱਤਕਾ ਅਤੇ ਹੋਰ ਸਿੱਖ ਸੱਭਿਆਚਾਰਕ ਵੰਨਗੀਆਂ ਖਿੱਚ ਦਾ ਕੇਂਦਰ ਹੋਣਗੀਆਂ। ਇਸ ਟੂਰਨਾਮੈਂਟ ਦਾ ਉਦਘਾਟਨ ਉੱਘੀਆਂ ਸਿੱਖ ਸਖਸ਼ੀਅਤਾਂ ਵੱਲੋਂ ਕੀਤਾ ਜਾਵੇਗਾ। 6 ਦਸੰਬਰ ਨੂੰ ਹੋਣ ਵਾਲੇ ਫਾਇਨਲ ਮੈਚ ਅਤੇ ਪੰਜ ਦਸੰਬਰ ਨੂੰ ਖੇਡੇ ਜਾਣ ਵਾਲੇ ਸੈਮੀਫਾਇਨਲ ਮੈਚਾਂ ਦਾ ਅਕਾਲ ਚੈਨਲ ਯੂ.ਕੇ. ਤੋਂ ਸਿੱਧਾ ਪ੍ਰਸਾਰਣ ਹੋਵੇਗਾ।

ਇਸ ਟੂਰਨਾਮੈਂਟ ਦੀਆਂ ਤਿਆਰੀਆਂ ਸਿੱਖ ਸਪੋਰਟਸ ਕਾਉਂਸਿਲ ਵੱਲੋਂ ਜ਼ੋਰਾਂ ਨਾਲ ਚਲਾਈਆਂ ਜਾ ਰਹੀਆਂ ਹਨ। ਇਸ ਮੌਕੇ ਉਹਨਾਂ ਨੇ ਸਾਰੇ ਹਾਕੀ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਇਸ ਟੂਰਨਾਮੈਂਟ ਦੀ ਕਾਮਯਾਬੀ ਵਿੱਚ ਉਹ ਆਪਣਾ ਤਨ ਮਨ ਦਾ ਸਹਿਯੋਗ ਦੇਣ। ਟੂਰਨਾਮੈਂਟ ਦੇ ਫਾਇਨਲ ਸਮਾਰੋਹ ’ਤੇ ਸਾਬਤ ਸੂਰਤ ਸਾਬਕਾ ਸਿੱਖ ਓਲੰਪੀਅਨ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਿਤ ਕੀਤਾ ਜਾਵੇਗਾ। ਟੂਰਨਾਮੈਂਟ ਸੰਬੰਧੀ ਸਿੱਖ ਸਪੋਰਟਸ ਕਾਉਂਸਿਲ ਦੀ ਮੀਟਿੰਗ 30 ਨਵੰਬਰ ਨੂੰ ਹਾਕੀ ਖੇਡ ਸਟੇਡੀਅਮ ਜਰਖੜ ਵਿਖੇ ਹੋਵੇਗੀ।

# ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਕਰਵਾਇਆ -50 ਪ੍ਰਾਣੀ ਅੰਮ੍ਰਿਤ ਪਾਨ ਕਰਕੇ ਗੁਰੂ ਵਾਲੇ ਬਣੇ

**ਭਿੱਖੀਵਿੰਡ (ਭੁਪਿੰਦਰ ਸਿੰਘ)–** ਜਥੇ: ਕਿਰਪਾਲ ਸਿੰਘ ਬੰਡੂਗਰ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇ:, ਜਥੇ: ਖੁਸ਼ਵਿੰਦਰ ਸਿੰਘ ਭਾਟੀਆ ਪੱਟੀ, ਬੀਬੀ ਹਰਜਿੰਦਰ ਕੌਰ (ਦੋਵੇਂ ਮੈਂਬਰ ਸ਼੍ਰੋ ਗੁ ਪ੍ਰ ਕ) ਸਹਿਯੋਗ ਅਤੇ ਜਥੇ: ਸੁਖਦੇਵ ਸਿੰਘ ਭੂਰਾ ਐਡੀ: ਸਕੱਤਰ ਧਰਮ ਪ੍ਰਚਾਰ ਕਮੇਟੀ ਦੀ ਅਗਵਾਈ 'ਚ ਬੀਤੇ ਦਿਨੀ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਪਿੰਡ ਦਿਆਲਪੁਰ ਤਹਿ: ਪੱਟੀ ਜ਼ਿਲ੍ਹਾ ਤਰਨ ਤਾਰਨ ਵਿਖੇ ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਧਰਮ ਪ੍ਰਚਾਰ ਕਮੇਟੀ ( ਸ਼੍ਰੋ ਗੁ ਪ੍ਰ ਕਮੇਟੀ) ਵਲੋਂ ਕਰਵਾਇਆ ਗਿਆ। ਗੁਰਦੁਆਰਾ ਸਾਹਿਬ ਦੇ



ਮੁੱਖ ਸੇਵਾਦਾਰ ਬਾਬਾ ਵੀਰ ਸਿੰਘ, ਗੁਰਚਰਨ ਸਿੰਘ ਭੈਣੀ ਛਾਂ ਵਾਲੀ ਦੇ ਵਿਸ਼ੇਸ ਸਹਿਯੋਗ ਸਦਕਾ ਕਰਵਾਏ ਇਸ ਅੰਮ੍ਰਿਤ ਸੰਚਾਰ ਵਿੱਚ 50 ਪ੍ਰਾਣੀ ਅੰਮ੍ਰਿਤ ਪਾਣ ਕਰਕੇ ਗੁਰੂ ਵਾਲੇ ਬਣੇ। ਇਸ ਮੋਕੇ ਬਾਬਾ ਵੀਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਪ੍ਰਾਣੀਆਂ ਨੂੰ ਅੰਮ੍ਰਿਤ ਦੀ ਦਾਤ ਦੇਣ ਲਈ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਪਿਆਰੇ ਸਾਹਿਬਾਨ ਵਿਸ਼ੇਸ ਤੌਰ 'ਤੇ ਪਹੁੰਚੇ। ਇਸ ਮੋਕੇ ਧਰਮ ਪ੍ਰਚਾਰ ਕਮੇਟੀ ਵਲੋਂ ਅੰਮ੍ਰਿਤ ਪਾਣ ਕਰਨ ਵਾਲੇ ਪ੍ਰਾਣੀਆਂ ਨੂੰ ਕਕਾਰ ਮੁਫਤ ਦਿੱਤੇ ਗਏ।

# ਜੰਮੂ ਵਿਚ ਵੱਸੇ ਪੰਜਾਬੀ ਵਾਲਮੀਕੀ ਭਾਈਚਾਰੇ ਲਈ ਬਾਘਾ ਨੇ ਪ੍ਰਧਾਨ ਮੰਤਰੀ ਨੂੰ ਲਿਖਿਆ ਪੱਤਰ

**ਜੰਮੂ–** ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਰਾਜੇਸ਼ ਬਾਘਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਜੰਮੂ ਕਸ਼ਮੀਰ ਵਿਚ ਧਾਰਾ 35-ਏ ਦੇ ਕਾਰਨ ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਨੂੰ ਨਾਗਰਿਕਤਾ ਸਬੰਧੀ ਪੇਸ਼ ਆ ਰਹੀਆਂ ਮੁਸ਼ਕਿਲਾਂ ਸਬੰਧੀ ਉਹਨਾਂ ਦਾ ਧਿਆਨ ਕੇਂਦਰਿਤ ਕੀਤਾ ਹੈ। ਬਾਘਾ ਨੇ ਇਸ ਪੱਤਰ ਵਿਚ ਸ੍ਰੀ ਜੰਗ ਬਹਾਦਰ ਦੀ ਅਗਵਾਈ ਵਿਚ ਉਹਨਾਂ ਨੂੰ ਮਿਲੇ ਅਨੁਸੂਚਿਤ ਜਾਤੀ ਦੇ ਵਰਗ ਦੇ ਲੋਕਾਂ ਦੇ ਇਕ ਵਫਦ ਦਾ ਹਵਾਲਾ ਦਿੰਦੇ ਹੋਏ ਇਹ ਸਮੱਸਿਆਵਾਂ ਪ੍ਰਧਾਨ ਮੰਤਰੀ ਨਾਲ ਸਾਂਝੀਆਂ ਕੀਤੀਆਂ ਹਨ। ਪੱਤਰ ਵਿਚ ਉਹਨਾਂ ਦੱਸਿਆ ਕਿ ਸਾਲ 1965 ਵਿਚ ਜੰਮੂ-ਕਸ਼ਮੀਰ ਖੇਤਰ ਵਿਚ ਸਫਾਈ ਸੇਵਕਾਂ ਦੀ ਹੜਤਾਲ ਦੇ ਕਾਰਨ ਪ੍ਰਭਾਵਿਤ ਹੋਏ ਕੰਮ ਕਰਕੇ



ਤਤਕਾਲੀ ਜੰਮੂ ਰਿਆਸਤ ਨੇ ਪੰਜਾਬ ਦੇ ਜਲੰਧਰ, ਤਰਨਤਾਰਨ, ਅੰਮ੍ਰਿਤਸਰ ਆਦਿ ਤੋਂ 373 ਪਰਿਵਾਰਾਂ ਨੂੰ ਇਸ ਕੰਮ ਲਈ ਸਮਝੌਤੇ ਦੇ ਤਹਿਤ ਬੁਲਾਇਆ ਸੀ। ਸਮਝੌਤੇ ਦੇ ਮੁਤਾਬਕ ਉਹਨਾਂ ਨੂੰ ਰਿਆਸਤ ਵਿਚ ਨੌਕਰੀ ਦਿੱਤੀ ਗਈ ਸੀ ਪਰ ਬੀਤੇ 60 ਸਾਲਾਂ ਤੋਂ ਇਹਨਾਂਦੀ ਆਬਾਦੀ 4 ਤੋਂ 5 ਲੱਖ ਹੋ ਗਈ ਹੈ। ਇਹ ਸਾਰੇ ਲੋਕ ਅਨੁਸੂਚਿਤ ਜਾਤੀ ਸ਼੍ਰੇਣੀ ਦੇ ਵਾਲਮੀਕ ਵਰਗ ਤੋਂ ਹਨ। ਇਹਨਾਂ ਨੋਕਾਂ ਨੂੰ ਨਾ ਤਾਂ ਲੋਕ ਸਭਾ ਦੀ ਵੋਟ ਪਾਉਣ ਦਾ ਅਧਿਕਾਰ ਹੈ ਅਤੇ ਨਾ ਹੀ ਵਿਧਾਨ ਸਭਾ ਜਾਂ ਸਥਾਨਕ ਸਰਕਾਰ ਦੀਆਂ ਚੋਣਾਂ ਵਿਚ। ਇਹ ਲੋਕ ਜੰਮੂ ਸ਼ਹਿਰ ਅਤੇ ਇਸਦੇ ਆਸ ਪਾਸ ਰਹਿੰਦੇ ਹਨ। ਇਸ ਦਾ ਕਾਰਨ ਸੂਬੇ ਵਿਚ ਲੱਗੀ ਧਾਰਾ 35 ਬੀ. ਹੈ, ਜਿਸ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ।

# ਆਉਦੇ ਪੰਜਾਬ ਵਿਧਾਨ ਸਭਾ ਅਜਲਾਸ ਵਿਚ ਲਾਇਬਰੇਰੀ ਬਿਲ ਪਾਸ ਕੀਤਾ ਜਾਵੇ-ਪਰਕਸ

**ਅੰਮ੍ਰਿਤਸਰ–** ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ ਲਿਮਟਿਡ (ਪਰਕਸ) ਦੇ ਪ੍ਰਧਾਨ ਡਾ ਬਿਕਰਮ ਸਿੰਘ ਘੁੰਮਣ ਤੇ ਡਾਇਰੈਕਟਰ ਡਾ. ਚਰਨ-ਜੀਤ ਸਿੰਘ ਗੁਮਟਾਲਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ,ਖ਼ਜਾਨਾ ਮੰਤਰੀ ਸ.ਮਨਪ੍ਰੀਤ ਸਿੰਘ ਬਾਦਲ , ਸਥਾਨਕ ਸਰਕਾਰ ਮੰਤਰੀ ਸ. ਨਵਜੋਤ ਸਿੰਘ ਸਿੱਧੂ, ਕਾਂਗਰਸ ਪ੍ਰਧਾਨ ਤੇ ਲੋਕ ਸਭਾ ਮੈਂਬਰ ਸ੍ਰੀ ਸੁਨੀਲ ਜਾਖੜ,ਲੋਕ ਸਭਾ ਮੈਂਬਰ ਸ. ਗੁਰਜੀਤ ਸਿੰਘ ਔਜਲਾ,ਕਾਂਗਰਸੀ ਵਿਧਾਇਕ ਸ. ਇੰਦਰਬੀਰ ਸਿੰਘ ਬੁਲਾਰੀਆ, ਵਿਰੋਧੀ ਧਿਰ ਦੇ ਆਗੂ ਸ. ਸੁਖਪਾਲ ਸਿੰਘ ਖਹਿਰਾ, ਆਮ ਪਾਰਟੀ ਦੇ ਵਿਧਾਇਕ ਸ੍ਰੀ ਕੰਵਰ ਸੰਧੂ ਤੇ ਸ੍ਰੀ ਐਚ ਐਸ ਫੂਲਕਾ ਤੇ ਬੈਂਸ ਭਰਾਵਾਂ ਨੂੰ ਲਿਖੇ ਇਕ ਸਾਂਝੇ ਪੱਤਰ ਵਿਚ ਕਿਹਾ ਕਿ ਸਾਰੇ ਸੂਬੇ ਲਾਇਬਰੇਰੀ ਐਕਟ ਪਾਸ ਕਰਕੇ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿਚ ਲਾਇਬਰੇਰੀਆਂ ਦਾ ਜਾਲ ਵਿਛਾ ਚੁੱਕੇ ਹਨ ਪਰ ਪੰਜਾਬ ਹੀ ਇਕੋ ਇਕ ਅਜਿਹਾ ਸੂਬਾ ਹੈ, ਜੋ ਇਸ ਕੰਮ ਵਿਚ ਫ਼ਾਡੀ ਹੈ। ਪੰਜਾਬ ਨੂੰ ਨਸ਼ਾ ਮੁਕਤ ਕਰਨ ਅਤੇ ਪੰਜਾਬੀਆਂ ਵਿਚ ਬੌਧਿਕ ਚੇਤਨਾ ਪੈਦਾ ਕਰਨ ਲਈ ਲਾਇਬਰੇਰੀਆਂ ਵਡਮੁੱਲਾ ਯੋਗਦਾਨ ਪਾ ਸਕਦੀਆਂ। ਮਦਰਾਸ ਸੂਬੇ ਨੇ ਇਸ ਸਬੰਧੀ ਬਿੱਲ 1948 ਵਿਚ ਤੇ ਸਾਡੇ ਗੁਆਂਢੀ ਹਰਿਆਣਾ ਨੇ 1989 ਵਿਚ ਪਾਸ ਕਰਕੇ ਪਿੰਡਾਂ ਤੇ ਸਭ ਸ਼ਹਿਰਾਂ ਵਿਚ ਲਾਇਬਰੇਰੀ ਖੋਲ ਦਿੱਤੀਆਂ।

ਇਸ ਸਬੰਧੀ 2011 ਅਕਾਲੀ-ਭਾਜਪਾ ਸਰਕਾਰ ਵਿਚ ਉਸ ਸਮੇਂ ਦੇ ਸਿੱਖਿਆ ਮੰਤਰੀ ਸ. ਸੇਵਾ ਸਿੰਘ ਸੇਖਵਾਂ ਨੇ ਪਿੰਡ ਪਿੰਡ ਲਾਇਬਰੇਰੀ ਖੋਲਣ ਲਈ 'ਸ਼ਬਦ ਪ੍ਰਕਾਸ਼ ਪੰਜਾਬ ਪਬਲਿਕ ਲਾਇਬਰੇਰੀ ਐਂਡ ਇਨਫਰਮੇਸ਼ਨ ਸਰਵਿਸਜ਼ ਬਿਲ' ਨਾਂ ਹੇਠ ਖ਼ਰੜਾ ਤਿਆਰ ਕਰਵਾਇਆ ਸੀ ਤੇ ਅਕਤੂਬਰ 2011 ਨੂੰ ਉਨ੍ਹਾਂ ਦਾ ਅਖਬਾਰਾਂ ਵਿਚ ਬਿਆਨ ਆਇਆ ਸੀ ਕਿ 2012 ਦੀਆਂ ਚੋਣਾਂ ਤੋਂ ਪਹਿਲਾਂ ਇਸ ਬਿਲ ਨੂੰ ਲਾਗੂ ਕਰਨ ਲਈ ਆਰਡੀਨੈਂਸ ਜਾਰੀ ਕਰ ਦਿੱਤਾ ਜਾਵੇਗਾ ।ਇਸ ਬਿੱਲ ਅਨੁਸਾਰ ਪੰਜਾਬ ਸਰਕਾਰ ਵੱਲੋਂ ਇੱਕ ਕੇਂਦਰੀ ਰਾਜ ਪੱਧਰੀ ਲਾਇਬਰੇਰੀ, 22 ਜਿਲ੍ਹਾ ਲਾਇਬਰੇਰੀਆਂ, 141 ਬਲਾਕ ਪੱਧਰੀ ਲਾਇਬਰੇਰੀਆਂ, 157 ਟਾਊਨ ਲਾਇਬਰੇਰੀਆਂ ਅਤੇ 12,282 ਪਿੰਡ ਪੱਧਰੀ ਲਾਇਬਰੇਰੀਆਂ ਸਥਾਪਤ ਕਰਨ ਲਈ 10 ਸਾਲਾ ਯੋਜਨਾ ਤਿਆਰ ਕੀਤੀ ਗਈ ਸੀ। ਪਰ ਅਫ਼ਸੋਸ ਦੀ ਗੱਲ ਹੈ ਦੂਜੀ ਵਾਰੀ ਅਕਾਲੀ-ਭਾਜਪਾ ਸਰਕਾਰ ਤਾਂ ਬਣ ਗਈ ਪਰ ਪਰਕਸ, ਪੰਜਾਬੀ ਕਾਲਮ ਨਵੀਸ ਮੰਚ ਤੇ ਲੇਖਕਾਂ ਦੀ ਦੂਸਰੀਆਂ ਜਥੇਬੰਦੀਆਂ ਵਲੋਂ ਮੰਗ ਪਤਰ ਦੇਣ ਦੇ ਬਾਵਜੂਦ ਇਸ ਸਰਕਾਰ ਨੇ ਇਹ ਬਿਲ ਪਾਸ ਨਹੀਂ ਕੀਤਾ ਸੀ। ਇਸ ਲਈ ਇਸ ਬਿੱਲ ਨੂੰ ਆਉਂਦੇ ਪੰਜਾਬ ਵਿਧਾਨ ਸਭਾ ਅਜਲਾਸ ਵਿਚ ਪਾਸ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

# ਮਹਾਰਾਜਾ ਦਲੀਪ ਸਿੰਘ ਦੇ ਅਸਥ ਤੇ ਕੋਹੇਨੂਰ ਹੀਰੇ ਦੀ ਭਾਰਤ ਵਾਪਸੀ 'ਚ ਵਾਰਸਾਂ ਦੇ ਅੜਿੱਕੇ

ਅੰਮ੍ਰਿਤਸਰ – ਮਹਾਰਾਜਾ ਰਣਜੀਤ ਸਿੰਘ ਵਾਲੇ ਸਿੱਖ ਰਾਜ ਦੀ ਬਹੁਮੁੱਲੀ ਵਿਰਾਸਤ ਮੰਨੇ ਜਾਂਦੇ ਕੋਹੇਨੂਰ ਹੀਰੇ ਅਤੇ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਭਾਰਤ ਲਿਆਉਣ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਕਥਿਤ ਵਾਰਸਾਂ ਵੱਲੋਂ ਹੀ ਵੱਡੀਆਂ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾਣ ਦੀ ਚਰਚਾ ਚੱਲ ਰਹੀ ਹੈ।

ਵਰਨਣ ਯੋਗ ਹੈ ਕਿ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਇੰਗਲੈਂਡ ਤੋਂ ਮੰਗਵਾ ਕੇ ਸਿੱਖ ਰੀਤਾਂ ਅਨੁਸਾਰ ਸਸਕਾਰ ਅੰਮ੍ਰਿਤਸਰ ਵਿਖੇ ਯਾਦਗਾਰ ਬਣਾਉਣ ਅਤੇ ਸ਼ੇਰ-ਏ-ਪੰਜਾਬ ਦੀਆਂ ਬਹੁਮੁੱਲੀਆਂ ਵਸਤਾਂ ਵਲੈਤ ਤੋਂ ਮੰਗਵਾਉਣ ਦੇ ਯਤਨ ਕਰਨ ਵਾਲੇ ਸੁਖਦੇਵ ਸਿੰਘ ਸੰਧਾਵਾਲੀਆ ਦੇ ਦੱਸਣ ਮੁਤਾਬਕ ਉਨ੍ਹਾਂ ਦੇ ਪਿਤਾ ਬੇਅੰਤ ਸਿੰਘ ਸੰਧਾਵਾਲੀਆ ਦੇ ਪੜਦਾਦਾ ਠਾਕੁਰ ਸਿੰਘ ਸੰਧਾਵਾਲੀਆ ਨੇ ਮਹਾਰਾਜਾ ਦਲੀਪ ਸਿੰਘ ਨੂੰ ਅੰਮ੍ਰਿਤ ਛਕ ਕੇ ਸਿੰਘ ਸੱਜਣ ਲਈ ਪ੍ਰੇਰਤ ਕੀਤਾ ਤਾਂ ਮਹਾਰਾਜੇ ਨੇ 9 ਮਾਰਚ 1866 ਨੂੰ ਪੱਤਰ ਲਿਖ ਕੇ ਖੁਦ ਅੰਮ੍ਰਿਤ ਛਕਣ ਦੀ ਇੱਛਾ ਜ਼ਾਹਰ ਕੀਤੀ ਸੀ। ਉਨ੍ਹਾਂ ਦੱਸਿਆ ਕਿ ਠਾਕੁਰ ਸਿੰਘ ਦੇ ਦਿਹਾਂਤ ਪਿੱਛੋਂ ਉਨ੍ਹਾਂ ਦੇ ਪੁੱਤਰ ਗੁਰਦਿੱਤ ਸਿੰਘ ਨੇ ਵੀ ਮਹਾਰਾਜਾ ਨੂੰ ਪੰਜਾਬ ਲਿਆਉਣ ਦੀ ਮੁਹਿੰਮ ਜਾਰੀ ਰੱਖੀ। ਸੁਖਦੇਵ ਸਿੰਘ ਦੇ ਮੁਤਾਬਕ ਮਹਾਰਾਜਾ ਦਲੀਪ ਸਿੰਘ ਨੇ ਗੁਰਦਿੱਤ ਸਿੰਘ ਨੂੰ ਤੇ ਉਨ੍ਹਾਂ ਦੇ ਦਿਹਾਂਤ ਪਿੱਛੋਂ ਉਨ੍ਹਾਂ ਦੀ ਸ਼ਹਿਜ਼ਾਦੀ ਸੋਫੀਆ ਨੇ ਗੁਰਦਿੱਤ ਸਿੰਘ ਦੇ ਪੁੱਤਰ ਪ੍ਰੀਤਮ ਸਿੰਘ ਸੰਧਾਵਾਲੀਆ ਨੂੰ ਆਪਣਾ ਮੁਤਬੰਨਾ ਬਣਾਇਆ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਪਿਤਾ ਬੇਅੰਤ ਸਿੰਘ ਸੰਧਾਵਾਲੀਆ ਨੇ ਸਾਲ 1997 ਵਿੱਚ ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈਥ ਦੀ ਅੰਮ੍ਰਿਤਸਰ ਫੇਰੀ ਮੌਕੇ ਮੁਲਾਕਾਤ ਕਰਕੇ ਕੋਹੇਨੂਰ ਹੀਰਾ ਤੇ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਭਾਰਤ ਨੂੰ ਸੌਂਪੇ ਜਾਣ ਲਈ ਮੰਗ ਪੱਤਰ ਦਿੱਤਾ ਸੀ। ਸੁਖਦੇਵ ਸਿੰਘ ਸੰਧਾਵਾਲੀਆ ਨੇ ਕਿਹਾ ਕਿ ਜਿਵੇਂ ਗਿਆਨੀ ਜ਼ੈਲ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਰਹਿੰਦਿਆਂ ਕੇਂਦਰ ਸਰਕਾਰ ਦੀ ਮਦਦ ਨਾਲ ਸ਼ਹੀਦ ਊਧਮ ਸਿੰਘ ਤੇ ਮਦਨ ਲਾਲ ਢੀਂਗਰਾ ਦੀਆਂ ਅਸਥੀਆਂ ਇੰਗਲੈਂਡ ਤੋਂ ਭਾਰਤ ਮੰਗਵਾਈਆਂ ਸਨ, ਉਸੇ ਤਰ੍ਹਾਂ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮਹਾਰਾਜਾ ਦਲੀਪ ਸਿੰਘ ਦੀਆਂ ਅਸਥੀਆਂ ਤੇ ਸਿੱਖ ਰਾਜ ਦੀਆਂ ਹੋਰ ਕੀਮਤੀ ਵਸਤਾਂ ਭਾਰਤ ਮੰਗਵਾਉਣੀਆਂ ਚਾਹੀਦੀਆਂ ਹਨ।

# ਭਾਰਤੀ ਫੌਜ ਦੇ ਜਵਾਨ ਸ਼ਹੀਦ ਮਨਦੀਪ ਸਿੰਘ ਦਾ ਸਰਕਾਰੀ ਸਨਮਾਨਾਂ ਨਾਲ ਪਿੰਡ ਚਾਹਲ ਖੁਰਦ ਵਿਖੇ ਅੰਮਿਤ ਸੰਸਕਾਰ

ਬਟਾਲਾ- ਭਾਰਤੀ ਫੌਜ ਦੇ ਜਵਾਨ ਮਨਦੀਪ ਸਿੰਘ ਜੋ ਕਿ ਬੀਤੇ ਕੱਲ ਕਸਮੀਰ ਦੇ ਕੇਰਨ ਸੈਕਟਰ ਵਿੱਚ ਅੱਤਵਾਦੀਆਂ ਨਾਲ ਲੋਹਾ ਲੈਂਦੇ ਸਹਾਦਤ ਦਾ ਜਾਮ ਪੀ ਗਏ ਸਨ ਦਾ ਅੰਤਿਮ ਸੰਸਕਾਰ ਪੂਰੇ ਸਰਕਾਰੀ ਸਨਮਾਨਾਂ ਨਾਲ ਅੱਜ ਉਸਦੇ ਪਿੰਡ ਚਾਹਲ ਖੁਰਦ ਵਿਖੇ ਕਰ ਦਿੱਤਾ ਗਿਆ।

ਨਾਈਨ ਸਿੱਖ ਲਾਈ ਦੇ ਜਵਾਨ ਸਹੀਦ ਮਨਦੀਪ ਸਿੰਘ ਦੀ ਤਿਰੰਗੇ 'ਚ ਲਿਪੇਟੀ ਮ੍ਰਿਤਕ ਦੇਹ ਜਦੋਂ ਬਾਅਦ ਦੁਪਹਿਰ ਪਿੰਡ ਚਾਹਲ ਖੁਰਦ ਪੁਹੰਚੀ ਤਾਂ ਪਰਿਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ ਨੇ ਹੰਝੂਆਂ ਨਾਲ ਭਰੀਆਂ ਅੱਖਾਂ ਨਾਲ ਆਪਣੇ ਨਾਇਕ ਨੂੰ ਅੰਤਿਮ ਵਿਦਾਇਗੀ ਦਿੱਤੀ। ਤਿੱਬੜੀ ਛਾਉਣੀ ਤੋਂ ਆਏ ਨਾਈਨ ਜੈਕ ਰਾਈਫਲ ਦੇ ਜਵਾਨਾਂ ਨੇ ਹਥਿਆਰ ਉਲਟੇ ਕਰਕੇ ਸਹੀਦ ਨੂੰ ਸਰਧਾਂਜਲੀ ਦਿੱਤੀ। ਇਸ ਮੌਕੇ ਸਿੱਖ ਲਾਈ ਰੈਜੀਮੈਂਟ ਦੇ ਫੌਜੀ ਅਧਿਕਾਰੀਆਂ ਅਤੇ ਜਵਾਨਾਂ ਨੇ ਵੀ ਆਪਣੇ ਸ਼ਹੀਦ ਸਾਥੀ ਨੂੰ ਸਲਾਮੀ ਭੇਂਟ ਕੀਤੀ। ਇਸ ਮੌਕੇ ਪੰਜਾਬ ਸਰਕਾਰ ਵਲੋਂ ਵਿਧਾਇਕ ਬਲਵਿੰਦਰ ਸਿੰਘ ਲਾਡੀ, ਜ਼ਿਲਾ ਪ੍ਰਸਾਸਨ ਵੱਲੋਂ ਐਸ.ਡੀ.ਐਮ. ਗੁਰਦਾਸਪੁਰ ਸਕੱਤਰ ਸਿੰਘ ਬੱਲ ਅਤੇ ਬਟਾਲਾ ਦੇ ਵਿਧਾਨਕਾਰ ਲਖਬੀਰ ਸਿੰਘ ਲੋਧੀਨੰਗਲ, ਜ਼ਿਲਾ ਸੈਨਿਕ ਭਲਾਈ ਅਫ਼ਸਰ ਕਰਨਲ ਅਮਰਬੀਰ ਸਿੰਘ ਚਾਹਲ, ਤਹਿਸੀਲਦਾਰ ਬਟਾਲਾ ਲਖਵਿੰਦਰ ਸਿੰਘ, ਡੀ.ਐਸ.ਪੀ. ਸੁੱਚਾ ਸਿੰਘ ਬੱਲ ਵੱਲੋਂ ਸਹੀਦ ਨੂੰ ਸਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਸਹੀਦ ਦੀ ਮ੍ਰਿਤਕ ਦੇਹ ਨੂੰ ਅਗਨੀ ਉਨਾਂ ਦੇ ਪਿਤਾ ਪ੍ਰੇਮ ਸਿੰਘ ਅਤੇ ਪੁੱਤਰ ਅੰਮ੍ਰਿਤ ਸਿੰਘ ਵੱਲੋਂ ਦਿਖਾਈ ਗਈ।



ਸਹੀਦ ਦੇ ਪਿਤਾ ਪ੍ਰੇਮ ਸਿੰਘ ਅਤੇ ਮਾਤਾ ਭਜਨ ਕੌਰ ਨੇ ਕਿਹਾ ਕਿ ਉਨਾਂ ਨੂੰ ਆਪਣੇ ਪੁੱਤਰ ਦੀ ਸਹਾਦਤ 'ਤੇ ਮਾਣ ਹੈ, ਕਿਉਂਕਿ ਉਸਨੇ ਦੇਸ ਦੀ ਏਕਤਾ ਅਤੇ ਅਖੰਡਤਾ ਲਈ ਆਪਣਾ ਆਪਾ ਨਿਛਾਵਰ ਕੀਤਾ ਹੈ। ਸਹੀਦ ਦੀ ਪਤਨੀ ਰਾਜਵਿੰਦਰ ਕੌਰ ਨੇ ਵੀ ਕਿਹਾ ਹੈ ਕਿ ਉਸਨੂੰ ਆਪਣੇ ਸੁਹਾਗ ਦੀ ਕੁਰਬਾਨੀ 'ਤੇ ਬਹੁਤ ਮਾਣ ਹੈ। ਵਿਧਾਇਕ ਸ. ਬਲਵਿੰਦਰ ਸਿੰਘ ਲਾਡੀ ਨੇ ਸ਼ਹੀਦ ਮਨਦੀਪ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਜ਼ਾਹਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਇਸ ਦੁੱਖ ਦੀ ਘੜੀ ਵਿੱਚ ਉਨਾਂ ਦੇ ਨਾਲ ਖੜੀ ਹੈ। ਉਨਾਂ ਕਿਹਾ ਕਿ ਸੂਬਾ ਸਰਕਾਰ ਵਲੋਂ ਸ਼ਹੀਦ ਦੇ ਪਰਿਵਾਰ ਦੀ ਤਰਾਂ ਨਾਲ ਸਹਾਇਤਾ ਕੀਤੀ ਜਾਵੇਗੀ। ਉਨਾਂ ਕਿਹਾ ਕਿ ਸੂਬਾ ਸਰਕਾਰ ਦੀ ਨੀਤੀ ਤਹਿਤ 5 ਲੱਖ ਰੁਪਏ ਸ਼ਹੀਦ ਦੀ ਪਤਨੀ ਨੂੰ ਵਿੱਤੀ ਸਹਾਇਤਾ, 5 ਲੱਖ ਰੁਪਏ ਪਲਾਟ ਲਈ ਰਾਸ਼ੀ ਅਤੇ 2 ਲੱਖ ਰੁਪਏ ਸ਼ਹੀਦ ਦੇ ਮਾਤਾ-ਪਿਤਾ ਨੂੰ ਦਿੱਤਾ ਜਾਵੇਗਾ ਅਤੇ ਸ਼ਹੀਦ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇਗੀ। ਇਸਤੋਂ ਇਲਾਵਾ ਕੇਂਦਰ ਸਰਕਾਰ ਤੇ ਭਾਰਤੀ ਫੌਜ ਵੱਲੋਂ ਵੱਖਰੇ ਤੌਰ 'ਤੇ ਸ਼ਹੀਦ ਪਰਿਵਾਰ ਦੀ ਸਹਾਇਤਾ ਕੀਤੀ ਜਾਵੇਗੀ। ਸਹੀਦ ਮਨਦੀਪ ਸਿੰਘ ਜੋ ਕਿ 2004 ਵਿਚ ਭਾਰਤੀ ਫੌਜ ਵਿੱਚ ਭਰਤੀ ਹੋਇਆ ਸੀ, ਇਸ ਸਮੇਂ ਨਾਈਨ ਸਿੱਖ ਲਾਈ ਵਿਚ ਕਸਮੀਰ ਦੇ ਕੇਰਨ ਸੈਕਟਰ ਵਿਖੇ ਲਾਈਨ ਆਫ ਕੰਟਰੋਲ 'ਤੇ ਆਪਣੀ ਡਿਊਟੀ ਨਿਭਾ ਰਿਹਾ ਸੀ। ਸ਼ਹੀਦ ਆਪਣੇ ਪਿਛੇ ਪਤਨੀ ਰਾਜਵਿੰਦਰ ਕੌਰ, ਦੋ ਛੋਟੇ ਬੇਟੇ ਅੰਮ੍ਰਿਤ ਸਿੰਘ ਤੇ ਗੁਰਕੀਰਤ ਸਿੰਘ, ਪਿਤਾ ਪ੍ਰੇਮ ਸਿੰਘ, ਮਾਤਾ ਭਜਨ ਕੌਰ ਛੱਡ ਗਏ ਹਨ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੰਗੜ ਨੰਗਲ ਚ ਵਿਗਿਆਨ ਮੇਲਾ ਕਰਵਾਇਆ

**ਬਟਾਲਾ (ਨਰਿੰਦਰ ਬਰਨਾਲ)** ਪੜੋ ਪੰਜਾਬ ਪੜਾਓ ਪੰਜਾਬ ਪ੍ਰੋਜੈਕਟ ਤਹਿਤ ਸਿਖਿਆ ਵਿਭਾਗ ਦੀਆਂ ਹਦਾਇਤਾਂ ਨੂੰ ਮੁੱਖ ਰੱਖਦਿਆਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੰਗੜ ਨੰਗਬ ਵਿਚ ਸ੍ਰੀ ਮਤੀ ਕਮਲਦੀਪ ਕੌਰ ਲੈਕਚਰਾਰ ਬਾਇਓ ਸ੍ਰੀ ਰਮਾ ਬਾਲਾ ,ਸ ਗੁਰਦਿਆਲ ਸਿੰਘ ਅਤੇ ਵਰਿੰਦਰ ਸਿੰਘ ਸਾਂਇੰਸ ਮਾਸਟਰ ਦੇ ਅਥਾਹ ਯਤਨਾ ਸਦਕਾ ਸਕੂਚ ਚ ਇਕ ਬਹੁਤ ਹੀ ਪ੍ਰਭਾਵਸਾਲ ਮੇਲਾ ਕਰਵਾਇਆ ਗਿਆ ਸਾਂਇੰਸ ਵ੍ਸਿੇ ਨਾਲ ਸਬੰਧਿਤ ਮੇਲੇ ਚ ਸਕੂਲ ਦੇ ਵਿਦਿਆਰਥੀਆਂ ਨੇ ਸਾਂਇੰਸ ਨਾਲ




ਸਬੰਧਿਤ ਪ੍ਰੋਯੋਗਾਂ ਵਿਚ ਪੂਰੀ ਦਿਲ ਚਸਪੀ ਵਿਖਾਈ। ਮੇਲੇ ਦੀ ਯੋਗਅਗਵਾਈ ਸਕੂਲ ਦੇ ਕਾਰਜਕਾਰੀ ਪ੍ਰਿੰਸੀਪਲ ਗੁਰਮੀਤ ਸਿੰਘ ਭੋਮਾਂ (ਐਜੂਸੈਟ ਤੇ ਲਾਈਵ ਰਾਜਨੀਤੀ ਸਾਸਤਰ ਵਿਸੇ ਦੇ ਮਾਹਿਰ) ਲੈਕਚਰਾਰ ਪੁਸਪਿੰਦਰ ਕੌਰ ਅਤੇ ਸਕੂਲ ਪ੍ਰਬੰਧਕ ਕਮੇਟੀ ਐਸ ਐਮ ਸੀ ਮੈਬਰਾਂ ਨੇ ਸੂਰੂਆਤ ਕੀਤੀ ਰਿਬਨ ਕੱਟ ਕੇ ਕੀਤੀ। ਸਕੂਲ ਚ ਲਗਾਏ ਮੇਲੇ ਦੌਰਾਨ ਵਿਦਿਆਰਥੀਆਂ ਨੇ ਸਾਂਇੰਸ ਵਿਸੇ ਨਾਲ ਸਬੰਧਤ ਮਨੁੱਖੀ ਸਰੀਰ ਦੀ ਬਣਤਰ, ਸਾਹ ਪ੍ਰਣਾਲੀ, ਦਿਲ ਦੀਆਂ ਗਤੀਵਿਧੀਆਂ, ਗੋਡਿਆਂ ਦੇ ਜੌੜਾ ਦਾ ਮਾਸਪ੍ਰੇਸੀਆਂ ਨਾਲ ਆਪਸੀ ਮੇਲ ਜੋਲ, ਮਨੁਖ ਦਾ ਖਾਣ ਪਾਣ ਦਾ ਤਰੀਕਾ ਪ੍ਰਕਾਸ ਸੰਸਲੇਸਨ ਕ੍ਰਿਰਿਆ, ਗੈਸਾਂ ਦੇ ਬ੍ਰਹਿਮੰਤ ਤੇ ਪੈਦੇ ਪ੍ਰਭਾਵ, ਗੁਬਾਰੇ ਦਾ ਉਡਣਾਂ ਤੇ ਫਿਰ ਸੂਈ ਮਾਰ ਕੇ ਦੱਸਣਾ ਕਿ ਗੁਬਾਰੇ ਵਿਚੋ ਕਿਹਾ ਗੈਸ ਨਿਕਲੀ ਗਈ ਤੇ ਗੁਬਾਰਾ ਕਿਸ ਗੈਸ ਨਾਲ ਉਡ ਰਿਹਾ ਸੀ।

ਪਾਣੀ ਦੇ ਬੈਕਟੀਰੀਆਂ ਬਾਰੇ ਵਿਸਥਾਰ ਵਿੱਚ ਅਧਿਆਪਕਾਂ ਤੇ ਬਲਾਕ ਮੈਟਰ ਲੀਡਰਾਂ ਦੇ ਪ੍ਰਸਨਾਂ ਦੇ ਉਤਰਾਂ ਦਾ ਜਵਾਬ ਦਿਤਾ ਗਿਆ। ਇਸ ਮੌਕੇ ਸਕੂਲ ਦੇ ਸਮੁੱਚੇ ਸਟਾਫ ਮੈਬਰਾਂ ਅਰਵਿੰਦਰ ਕੌਰ, ਸਰਨਜੀਤ ਕੌਰ, ਪੁਸਪਿੰਦਰ ਕੌਰ, ਸਰਬਜੀਤ ਕੌਰ, ਸੋਨਮਦੀਪ ਕੌਰ, ਦਰਸਨ ਕੌਰ, ਮੁਕਤਾ ਸਰਮਾ, ਸਰਬਜੀਤ ਸਿੰਘ ਚੱਠਾ, ਬਲਜੀਤ ਕੋਰ, ਜ਼ਗਦੀਪ ਕੁਮਾਰੀ , ਗੌਰਵ ਸਰਮਾ, ਸਵਿੰਦਰ ਸਿੰਘ, ਸ੍ਰੀ ਅਵਿਨਾਸ ਰਾਮਬੀਰ ਸਿੰਘ, ਬਲਜਿੰਦਰ ਸਿੰਘ, ਸ੍ਰੀ ਕੁਲਤਾਰ ਸਿੰਘ, ਤੇਜਿੰਦਰ ਕੌਰ ਅਤੇ ਚੈਚਲ ਸਿੰਘ ਵੱਲ ਪੂਰੀ ਸਹਿਯੋਗ ਦਿਤਾ ਗਿਆ।

# ਰਾਮ ਮੰਦਰ ਦੀ ਉਸਾਰੀ: ਬੰਸੀ ਪਹਾੜਪੁਰ ਦੇ ਗੁਲਾਬੀ ਪੱਥਰ ਜ਼ਿੰਦਗੀ ਵੀ ਅਤੇ ਮੌਤ ਵੀ

**ਵਿਜੇ ਵਿਦਰੋਹੀ**

ਰਾਮ ਮੰਦਰ ਦਾ ਮੁੱਦਾ ਇੱਕ ਵਾਰ ਫਿਰ ਗਰਮਾ ਗਿਆ ਹੈ। ਉੱਤਰ ਪ੍ਰਦੇਸ਼ ਵਿੱਚ ਨਗਰ ਨਿਗਮ ਚੋਣਾਂ ਹੋ ਰਹੀਆਂ ਹਨ ਅਤੇ ਗੁਜਰਾਤ ਵਿੱਚ ਵਿਧਾਨ ਸਭਾ ਚੋਣਾਂ ਦਾ ਪ੍ਰਚਾਰ ਜ਼ੋਰਾਂ 'ਤੇ ਹੈ। ਅਜਿਹੀ ਸਥਿਤੀ ਵਿੱਚ ਸ੍ਰੀ ਰਾਮ ਦਾ ਨਾਂਅ ਫਿਰ ਚੇਤੇ ਆਉਣ ਲੱਗਾ ਹੈ। ਉਂਝ ਪੰਜ ਦਸੰਬਰ ਤੋਂ ਸੁਪਰੀਮ ਕੋਰਟ ਵੀ ਅਯੁੱਧਿਆ ਦੀ ਉਸ 2.77 ਏਕੜ ਜ਼ਮੀਨ ਦੇ ਸੰਬੰਧ ਵਿੱਚ ਸੁਣਵਾਈ ਸ਼ੁਰੂ ਕਰ ਰਹੀ ਹੈ, ਜਿਸ ਨੂੰ ਪੰਜ ਸਾਲ ਪਹਿਲਾਂ ਇਲਾਹਾਬਾਦ ਹਾਈ ਕੋਰਟ ਨੇ ਤਿੰਨ ਬਰਾਬਰ ਹਿੱਸਿਆਂ ਵਿੱਚ ਵੰਡਣ ਦੇ ਹੁਕਮ ਦਿੱਤੇ ਸਨ। ਜ਼ਮੀਨ ਦੀ ਵੰਡ ਸੁੰਨੀ ਵਕਫ ਬੋਰਡ, ਰਾਮਲੱਲਾ ਬਿਰਾਜਮਾਨ ਅਤੇ ਨਿਰਮੋਹੀ ਅਖਾੜੇ ਵਿਚਾਲੇ ਕੀਤੀ ਜਾਣੀ ਸੀ। ਤਾਜ਼ਾ ਕਾਂਡ ਸ੍ਰੀ ਸ੍ਰੀ ਰਵੀਸ਼ੰਕਰ ਦਾ ਹੈ, ਜੋ ਦਾਅਵਾ ਕਰ ਰਹੇ ਹਨ ਕਿ ਉਹ ਆਪਣੇ ਵੱਲੋਂ ਰਾਮ ਮੰਦਰ ਦੀ ਸਮੱਸਿਆ ਦਾ ਹੱਲ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ। ਕੇਂਦਰ ਸਰਕਾਰ ਨੇ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਇਸ ਪਹਿਲ ਦਾ ਸਵਾਗਤ ਕਰਦੀ ਹੈ, ਪਰ ਉਸ ਦਾ ਇਸ ਪਹਿਲ ਨਾਲ ਕੋਈ ਲੈਣਾ-ਦੇਣਾ ਨਹੀਂ, ਉਹ ਆਪਸੀ ਸਹਿਮਤੀ ਨਾਲ ਜਾਂ ਫਿਰ ਅਦਾਲਤੀ ਹੁਕਮ ਨਾਲ ਹੀ ਅਯੁੱਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਕਰਨਾ ਚਾਹੁੰਦੀ ਹੈ।

ਦੂਜੇ ਪਾਸੇ ਭਾਜਪਾ ਦੇ ਬਹੁਤ ਸਾਰੇ ਨੇਤਾ ਅਗਲੇ ਸਾਲ ਰਾਮ ਮੰਦਰ ਦੀ ਉਸਾਰੀ ਸ਼ੁਰੂ ਕਰਨ ਦਾ ਦਾਅਵਾ ਜ਼ੋਰ-ਸ਼ੋਰ ਨਾਲ ਕਰ ਰਹੇ ਹਨ। ਖੁਦ ਯੂ ਪੀ ਦੇ ਮੁੱਖ ਮੰਤਰੀ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਰਕਾਰ ਸੰਕਲਪ ਉੱਤੇ ਅਮਲ ਵੱਲ ਵਧ ਰਹੀ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਵੀ ਅਯੁੱਧਿਆ ਵਿੱਚ ਅਗਲੇ ਸਾਲ ਰਾਮ ਮੰਦਰ ਦੀ ਉਸਾਰੀ ਸ਼ੁਰੂ ਕਰਨ ਦੀਆਂ ਸਭ ਤਿਆਰੀਆਂ ਕਰ ਲਈਆਂ ਹਨ। ਅਗਲੇ 12 ਮਹੀਨਿਆਂ ਵਿੱਚ ਰਾਮ ਮੰਦਰ ਦੀ ਉਸਾਰੀ ਲਈ ਜ਼ਰੂਰੀ ਇੱਕ ਲੱਖ 75 ਹਜ਼ਾਰ ਕਿਊਬਿਕ ਫੁੱਟ ਪੱਥਰ ਅਯੁੱਧਿਆ ਪਹੁੰਚ ਜਾਵੇਗਾ। ਇਹ ਪੱਥਰ ਰਾਜਸਥਾਨ ਦੇ ਭਰਤਪੁਰ ਵਿਚਲੇ ਬੰਸੀ ਪਹਾੜਪੁਰ ਇਲਾਕੇ ਵਿੱਚੋਂ ਭੇਜਿਆ ਜਾ ਰਿਹਾ ਹੈ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ 10,000 ਟਨ ਪੱਥਰ ਦਾ ਨਵਾਂ ਆਰਡਰ ਹੁਣੇ ਜਿਹੇ ਦਿੱਤਾ ਹੈ। ਸੰਤ ਸਮਾਜ ਰਾਮ ਮੰਦਰ ਲਈ ਪਾਰਲੀਮੈਂਟ ਵਿੱਚ ਕਾਨੂੰਨ ਬਣਾਉਣ ਦੀ ਮੰਗ ਕਰ ਰਿਹਾ ਹੈ।

ਭਰਤਪੁਰ ਤੋਂ ਲਗਭਗ ਚਾਲੀ ਕਿਲੋਮੀਟਰ ਦੂਰ ਬੰਸੀ ਪਹਾੜਪੁਰ ਵਿੱਚ ਹਰ ਪਾਸੇ ਪੱਥਰ ਦੀਆਂ ਖਾਨਾਂ ਦਿਖਾਈ ਦਿੰਦੀਆਂ ਹਨ। ਜਿਧਰ ਨਜ਼ਰ ਮਾਰੋ, ਲਾਲ, ਗੁਲਾਬੀ ਅਤੇ ਚਿੱਟਾ ਸੰਗਮਰਮਰ ਨਜ਼ਰ ਆਉਂਦਾ ਹੈ। ਉਥੋਂ ਸਦੀਆਂ ਤੋਂ ਪੱਥਰ ਕੱਢਿਆ ਜਾ ਰਿਹਾ ਹੈ। ਜ਼ਿਕਰ ਯੋਗ ਹੈ ਕਿ ਦਿੱਲੀ ਦਾ ਲਾਲ ਕਿਲ੍ਹਾ ਵੀ ਇਥੋਂ ਦੇ ਪੱਥਰ ਨਾਲ ਹੀ ਬਣਿਆ ਹੋਇਆ ਹੈ ਅਤੇ ਰਾਸ਼ਟਰਪਤੀ ਭਵਨ ਤੇ ਪਾਰਲੀਮੈਂਟ ਭਵਨ ਵੀ। ਸੁਪਰੀਮ ਕੋਰਟ ਦੀ ਇਮਾਰਤ ਵੀ ਉਥੋਂ ਦੇ ਪੱਥਰ ਨਾਲ ਬਣੀ ਹੈ। ਦੇਸ਼ ਭਰ ਵਿੱਚ ਪੁਰਾਣੇ ਜ਼ਮਾਨੇ ਦੇ ਸੈਂਕੜੇ ਕਿਲ੍ਹੇ ਅਤੇ ਨਵੇਂ ਜ਼ਮਾਨੇ ਦੇ ਸੈਂਕੜੇ ਮੰਦਰ ਬੰਸੀ ਪਹਾੜਪੁਰ ਦੇ ਪੱਥਰਾਂ ਨਾਲ ਉਸਾਰੇ ਗਏ ਹਨ। ਸੈਂਡ ਸਟੋਨ ਇਥੋਂ ਦੇ ਲੋਕਾਂ ਦੀ ਜ਼ਿੰਦਗੀ ਵੀ ਹੈ ਅਤੇ ਮੌਤ ਵੀ।

ਇਥੋਂ ਦੇ ਇੱਕ ਪੱਥਰ ਵਪਾਰੀ ਰਾਕੇਸ਼ ਖਟੀਕ ਦਾ ਕਹਿਣਾ ਹੈ ਕਿ ਬੰਸੀ ਪਹਾੜਪੁਰ, ਬਿਆਨਾ, ਰੂਪਵਾਸ ਤੇ ਕਰੌਲੀ ਵਿੱਚ ਦੋ ਤੋਂ ਤਿੰਨ ਲੱਖ ਲੋਕਾਂ ਦੀ ਰੋਜ਼ੀ ਰੋਟੀ ਸਿੱਧੇ-ਅਸਿੱਧੇ ਤੌਰ ਉਤੇ ਉਥੋਂ ਦੇ ਗੁਲਾਬੀ ਪੱਥਰ ਨਾਲ ਜੁੜੀ ਹੋਈ ਹੈ। ਜੇ ਉਥੇ ਪੱਥਰ ਨਹੀਂ ਹੋਵੇਗਾ ਤਾਂ ਇਹ ਲੋਕ ਭੁੱਖੇ ਮਰ ਜਾਣਗੇ। ਉਥੋਂ ਦੇ ਲੋਕਾਂ ਕੋਲ ਦੋ ਹੀ ਕੰਮ ਹਨ; ਪੱਥਰ ਕੱਢਣਾ ਅਤੇ ਖੇਤੀਬਾੜੀ। ਖੇਤੀ ਦੇ ਧੰਦੇ ਵਿੱਚ ਹੁਣ ਜ਼ਿਆਦਾ ਫਾਇਦਾ ਨਹੀਂ ਹੁੰਦਾ, ਇਸ ਲਈ ਪੱਥਰ ਦੀ ਕਟਾਈ ਤੇ ਸੰਗ-ਤਰਾਸ਼ੀ ਹੀ ਮੁੱਖ ਪੇਸ਼ਾ ਬਣ ਕੇ ਰਹਿ ਗਈ ਹੈ। ਰਾਕੇਸ਼ ਦਾ ਕਹਿਣਾ ਹੈ ਕਿ ਯੂ ਪੀ ਵਿੱਚ ਮਾਇਆਵਤੀ ਦੀ ਸਰਕਾਰ ਆਉਂਦੇ ਸਾਰ ਉਥੋਂ ਦੇ ਖਾਨ ਮਾਲਕਾਂ ਦੇ ਚਿਹਰੇ ਖਿੜ ਉਠਦੇ ਹਨ, ਕਿਉਂਕਿ ਜਦੋਂ ਵੀ ਮਾਇਆਵਤੀ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣੀ, ਬੰਸੀ ਪਹਾੜਪਰੁਰ ਦੇ ਲੋਕਾਂ ਦੀ ਜ਼ਿੰਦਗੀ ਵਿੱਚ ਬਹਾਰ ਆ ਗਈ। ਮਾਇਆਵਤੀ ਨੇ ਲਖਨਊ ਵਿੱਚ ਪੱਥਰ ਦੇ ਇੱਕੋ ਕਤਾਰ ਵਿੱਚ ਖੜੇ ਹਾਥੀਆਂ ਦੀਆਂ ਮੂਰਤੀਆਂ ਬਣਵਾਈਆਂ, ਨੋਇਡਾ ਵਿੱਚ ਕਾਂਸ਼ੀ ਰਾਮ, ਮਹਾਤਮਾ ਜਯੋਤਿਬਾ ਫੂਲੇ, ਡਾਕਟਰ ਭੀਮ ਰਾਓ ਅੰਬੇਡਕਰ, ਗੌਤਮ ਬੁੱਧ ਤੇ ਕਈ ਦਲਿਤ ਆਗੂਆਂ ਦੀਆਂ ਵਿਸ਼ਾਲ ਮੂਰਤੀਆਂ ਵੀ ਉਥੋਂ ਦੇ ਪੱਥਰਾਂ ਨਾਲ ਹੀ ਬਣਵਾਈਆਂ। ਇਸ ਤੋਂ ਇਲਾਵਾ ਬਹੁਤ ਸਾਰੇ ਪਾਰਕ ਬਣਾਉਣ ਲਈ ਵੀ ਉਥੋਂ ਦਾ ਪੱਥਰ ਵਰਤਿਆ ਗਿਆ।



ਉਥੋਂ ਦੇ ਖਾਨ ਵਪਾਰੀ ਦੱਸਦੇ ਹਨ ਕਿ ਮਾਇਆਵਤੀ ਰਾਜ ਵਿੱਚ ਬਹੁਤੀ ਸੌਦੇਬਾਜ਼ੀ ਨਹੀਂ ਹੁੰਦੀ ਸੀ ਤੇ ਭੁਗਤਾਨ ਸਮੇਂ ਸਿਰ ਹੁੰਦਾ ਸੀ।

ਅਸਲ ਵਿੱਚ ਬੰਸੀ ਪਹਾੜਪੁਰ ਦਾ ਗੁਲਾਬੀ ਪੱਥਰ ਆਪਣੀ ਖੂਬਸੂਰਤੀ ਜਾਣਿਆ ਜਾਂਦਾ ਹੈ। ਖੁੱਲ੍ਹੀਆਂ ਖਾਨਾਂ ਵਿੱਚ ਇਹ ਲਗਾਤਾਰ ਪਾਣੀ ਦੇ ਸੰਪਰਕ ਵਿੱਚ ਰਹਿੰਦਾ ਹੈ, ਜਿਸ ਨਾਲ ਇਹ ਹੋਰ ਜ਼ਿਆਦਾ ਨਿੱਖਰ ਜਾਂਦਾ ਹੈ। ਦੂਜੀ ਗੱਲ ਇਹ ਕਿ ਇਹ ਜਲਦੀ ਖਰਾਬ ਨਹੀਂ ਹੁੰਦਾ, ਇਸ ਵਿੱਚ ਸਲ੍ਹਾਬ ਨਹੀਂ ਆਉਂਦੀ, ਤਰੇੜਾਂ ਨਹੀਂ ਪੈਂਦੀਆਂ। ਹੋਰ ਤਾਂ ਹੋਰ, ਇਸ ਪੱਥਰ ਉੱਤੇ ਨੱਕਾਸ਼ੀ ਵੀ ਬਹੁਤ ਆਸਾਨੀ ਨਾਲ ਹੋ ਜਾਂਦੀ ਹੈ।

ਅਯੁੱਧਿਆ ਵਿੱਚ ਪ੍ਰਸਤਾਵਿਤ ਰਾਮ ਮੰਦਰ ਕਿਉਂਕਿ ਸਿਰਫ ਪੱਥਰਾਂ ਨਾਲ ਬਣਾਇਆ ਜਾਣਾ ਹੈ, ਉਥੇ ਸੀਮੈਂਟ ਜਾਂ ਚੂਨੇ ਆਦਿ ਦੀ ਵਰਤੋਂ ਨਹੀਂ ਹੋਣੀ, ਇਸ ਲਈ ਰਾਮ ਮੰਦਰ ਦੀ ਉਸਾਰੀ ਵਾਸਤੇ ਬੰਸੀ ਪਹਾੜਪੁਰ ਦੇ ਪੱਥਰ ਤੋਂ ਬਿਹਤਰ ਕੁਝ ਹੋਰ ਹੋ ਨਹੀਂ ਸਕਦਾ।

ਭਰਤਪੁਰ ਦੇ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਬਲਾਕ ਸਰਪ੍ਰਸਤ ਰਾਕੇਸ਼ ਗਰਗ ਕਹਿੰਦੇ ਹਨ ਕਿ ਇਹ ਅਜਿਹਾ ਪੱਥਰ ਹੈ, ਜਿਸ ਵਿੱਚ 500 ਹਜ਼ਾਰ ਸਾਲਾਂ ਬਾਅਦ ਵੀ ਤਰੇੜਾਂ ਨਹੀਂ ਪੈਂਦੀਆਂ, ਸਲ੍ਹਾਬ ਨਹੀਂ ਚੜ੍ਹਦੀ ਅਤੇ ਇਹ ਹਰ ਲਿਹਾਜ਼ ਨਾਲ ਮੰਦਰ ਦੀ ਉਸਾਰੀ ਲਈ ਬਹੁਤ ਵਧੀਆ ਪੱਥਰ ਹੈ। ਉਂਝ ਵੀ ਰਾਮ ਮੰਦਰ ਲਈ 14 ਤੋਂ 16 ਫੁੱਟ ਲੰਮੇ ਅਤੇ ਤਿੰਨ ਤੋਂ ਚਾਰ ਫੁੱਟ ਚੌੜੇ ਪੱਥਰ ਦੀ ਲੋੜ ਹੁੰਦੀ ਹੈ। ਅਜਿਹਾ ਪੱਥਰ ਬੰਸੀ ਪਹਾੜਪੁਰ ਵਿੱਚ ਆਸਾਨੀ ਨਾਲ ਮਿਲ ਜਾਂਦਾ ਹੈ। ਦੱਸਿਆ ਜਾਂਦਾ ਹੈ ਕਿ ਰਾਮ ਮੰਦਰ ਦੀ ਉਸਾਰੀ ਲਈ 1990 ਤੋਂ 2012 ਤੱਕ ਅਯੁੱਧਿਆ ਵਿੱਚ ਪੱਥਰ ਭੇਜਿਆ ਜਾਂਦਾ ਰਿਹਾ, ਪਰ 2012 ਵਿੱਚ ਯੂ ਪੀ ਵਿੱਚ ਅਖਿਲੇਸ਼ ਯਾਦਵ ਦੀ ਸਰਕਾਰ ਬਣਨ ਤੋਂ ਬਾਅਦ ਉਥੋਂ ਦੇ ਮਾਲ ਵਿਭਾਗ ਤੋਂ ਰਾਜਸਥਾਨ ਤੋਂ ਪੱਥਰ ਮੰਗਵਾਉਣ ਦੀ ਆਗਿਆ ਵਾਪਸ ਲੈ ਲਈ ਗਈ। ਜੇ ਕਦੇ ਪੱਥਰ ਭੇਜਿਆ ਵੀ ਜਾਂਦਾ ਤਾਂ ਟਰੱਕ-ਟਰਾਲੇ ਜ਼ਬਤ ਕਰ ਲਏ ਜਾਂਦੇ ਸਨ। ਹੁਣ ਲੋਕ ਖੁਸ਼ ਹਨ, ਕਿਉਂਕਿ ਯੋਗੀ ਆਦਿ-ੱਤਿਆਨਾਥ ਦੀ ਸਰਕਾਰ ਬਣਨ ਦੇ ਨਾਲ ਬਿਨਾਂ ਕਿਸੇ ਰੋਕ ਟੋਕ ਦੇ ਪੱਥਰ ਸਿੱਧਾ ਅਯੁੱਧਿਆ ਭੇਜਿਆ ਜਾ ਰਿਹਾ ਹੈ।

ਅਯੁੱਧਆ ਵਿੱਚ 30 ਅਗਸਤ 1990 ਨੂੰ ਕਾਰਸੇਵਕਪੁਰਮ 'ਚ ਪੱਥਰ ਤਰਾਸ਼ਣ ਦਾ ਕੰਮ ਸ਼ੁਰੂ ਹੋਇਆ ਸੀ। ਇਸ ਦੇ ਨਾਲ ਰਾਜਸਥਾਨ ਦੇ ਸਿਰੋਹੀ ਜ਼ਿਲ੍ਹੇ ਦੇ ਪਿੰਡ ਵਾਰਾ ਵਿੱਚ ਤਿੰਨ ਵਰਕਸ਼ਾਪਾਂ ਵੀ ਸ਼ੁਰੂ ਹੋਈਆਂ ਸਨ। ਉਸ ਮੌਕੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਓਦੋਂ ਦੇ ਪ੍ਰਧਾਨ ਅਸ਼ੋਕ ਸਿੰਘਲ ਖੁਦ ਪਿੰਡ ਵਾਰਾ ਗਏ ਸਨ।

ਅਸਲ ਵਿੱਚ ਮੰਦਰ ਲਈ ਪੱਥਰਾਂ ਉੱਤੇ ਬਰੀਕ ਨੱਕਾਸ਼ੀ ਕਰਨ ਵਾਲੇ ਸਭ ਤੋਂ ਵਧੀਆ ਕਾਰੀਗਰ ਸਿਰੋਹੀ ਜ਼ਿਲ੍ਹੇ ਵਿੱਚ ਮਿਲਦੇ ਹਨ। ਉਦੋਂ ਪੱਥਰ ਬੰਸੀ ਪਹਾੜਪੁਰ ਤੋਂ ਪਿੰਡ ਵਾਰਾ ਭੇਜਿਆ ਜਾਂਦਾ ਸੀ, ਜਿੱਥੇ ਪੱਥਰ ਤਰਾਸ਼ਣ ਦਾ ਕੰਮ ਹੁੰਦਾ ਤੇ ਉਥੋਂ ਤਰਾਸ਼ਿਆ ਹੋਇਆ ਪੱਥਰ ਅਯੁੱਧਿਆ ਭੇਜਿਆ ਜਾਂਦਾ ਸੀ। ਕਾਰੀਗਰ ਪੱਥਰਾਂ 'ਤੇ ਨੱਕਾਸ਼ੀ ਕਰਨ ਦਾ ਕੰਮ ਅੱਜ ਤੱਕ ਵੀ ਕਰਦੇ ਹਨ। ਪ੍ਰਸਤਾਵਤ ਰਾਮ ਮੰਦਰ ਦੇ ਗਰਭ ਗ੍ਰਹਿ, ਸਿੰਘ ਦੁਆਰ, ਨ੍ਰਿਤ ਮੰਡਪ (ਨਾਚ ਪੰਡਾਲ), ਰੰਗ ਮੰਡਪ ਅਤੇ ਕੋਲੀ ਗਰਭ ਗ੍ਰਹਿ ਲਈ ਪੱਥਰ ਤਰਾਸ਼ਣ ਦਾ ਕੰਮ ਪਿੰਡ ਵਾਰਾ ਵਿੱਚ ਹੀ ਪੂਰਾ ਹੋਇਆ ਹੈ। ਹੁਣ ਪਹਿਲੀ ਤੇ ਦੂਜੀ ਮੰਜ਼ਿਲ ਦੇ ਪਿੱਲਰਾਂ ਲਈ ਪੱਥਰ ਬੰਸੀ ਪਹਾੜਪੁਰ ਤੋਂ ਭੇਜੇ ਜਾ ਰਹੇ ਹਨ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਭਰਤਪੁਰ ਜ਼ਿਲ੍ਹੇ ਦੇ ਕਾਰਜਕਾਰੀ ਪ੍ਰਧਾਨ ਚੰਦਰ ਪ੍ਰਕਾਸ਼ ਦੱਸਦੇ ਹਨ ਕਿ ਸੱਤਰ ਪਿੱਲਰਾਂ ਅਤੇ ਕੰਧਾਂ ਲਈ ਫਿਲਹਾਲ 10 ਹਜ਼ਾਰ ਟਨ ਪੱਥਰ ਦਾ ਆਰਡਰ ਦਿੱਤਾ ਗਿਆ ਹੈ। 10 ਟਰੱਕ ਪੱਥਰ ਹਰ ਮਹੀਨੇ ਭੇਜੇ ਜਾ ਰਹੇ ਹਨ ਅਤੇ ਇੱਕ ਟਰੱਕ ਵਿੱਚ ਤੀਹ ਟਨ ਪੱਥਰ ਆਉਂਦਾ ਹੈ। ਜ਼ਿਕਰ ਯੋਗ ਹੈ ਕਿ ਰਾਮ ਮੰਦਰ ਵਿੱਚ ਕੁੱਲ 212 ਖੰਭੇ ਹੋਣਗੇ ਤੇ ਇਨ੍ਹਾਂ ਖੰਭਿਆਂ ਲਈ ਇੱਕੋ ਖਾਨ 'ਚੋਂ ਪੱਥਰ ਲਿਆ ਜਾ ਰਿਹਾ ਹੈ ਤਾਂ ਕਿ ਗੁਣਵੱਤਾ ਬਣੀ ਰਹੇ ਅਤੇ ਪੱਥਰ ਇਕਸਾਰ ਨਜ਼ਰ ਆਉਣ।

ਸੂਤਰਾਂ ਮੁਤਾਬਕ 2018 ਤੱਕ ਸਾਰਾ ਪੱਥਰ ਅਯੁੱਧਿਆ ਭੇਜ ਦਿੱਤਾ ਜਾਵੇਗਾ। ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨਾਲ ਨਾਲ ਬਿਆਨਾ ਦੇ ਪੱਥਰ ਵਪਾਰੀ ਵੀ ਰਾਮ ਮੰਦਰ ਲਈ ਪੱਥਰ ਭੇਜਣ ਵਿੱਚ ਮਾਣ ਮਹਿਸੂਸ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਕੰਮ ਵਿੱਚ ਉਹ ਮੁਨਾਫੇ ਦੀ ਚਿੰਤਾ ਨਹੀਂ ਕਰਦੇ, ਬੱਸ ਮਜ਼ਦੂਰੀ ਅਤੇ ਹੋਰ ਖਰਚੇ ਨਿਕਲ ਆਉਣੇ ਚਾਹੀਦੇ ਹਨ। ਉਂਝ ਇਹ ਵੀ ਦਿਲਚਸਪ ਗੱਲ ਹੈ ਕਿ ਇਸ ਸਮੇਂ ਕੇਂਦਰ ਦੇ ਨਾਲ-ਨਾਲ ਰਾਜਸਥਨ ਅਤੇ ਯੂ ਪੀ ਵਿੱਚ ਵੀ ਭਾਜਪਾ ਦੀਆਂ ਸਰਕਾਰਾਂ ਹਨ।

ਉਂਝ ਇਸ ਕਹਾਣੀ ਦਾ ਇੱਕ ਹੋਰ ਪਹਿਲੂ ਹੈ। ਰਾਮ ਮੰਦਰ ਲਈ ਪੱਥਰ ਕੱਟਣ ਵਾਲੇ ਲੋਕਾਂ ਦੀ ਹਾਲਤ ਬਹੁਤ ਖਰਾਬ ਹੈ। ਲਗਾਤਾਰ ਧੂੜ ਵਿੱਚ ਕੰਮ ਕਰਨ ਕਰ ਕੇ ਉਨ੍ਹਾਂ ਦੇ ਫੇਫੜੇ ਖਰਾਬ ਹੋ ਜਾਂਦੇ ਹਨ। ਡਾਕਟਰਾਂ ਦਾ ਕਹਿਣਾ ਹੈ ਕਿ ਲਗਾਤਾਰ ਖਾਨਾਂ ਵਿੱਚ ਕੰਮ ਕਰ ਕੇ 'ਸਿਲਕੋਸਿਸ' ਵਰਗੀ ਫੇਫੜਿਆਂ ਦੀ ਬਿਮਾਰੀ ਹੋ ਜਾਂਦੀ ਹੈ, ਜੋ ਅੱਗੇ ਚੱਲ ਕੇ ਕੈਂਸਰ ਬਣ ਜਾਂਦੀ ਹੈ ਤੇ ਘੱਟ ਉਮਰ ਵਿੱਚ ਹੀ ਖਾਨ ਮਜ਼ਦੂਰਾਂ ਦੀ ਮੌਤ ਹੋ ਜਾਂਦੀ ਹੈ।

ਦੂਜੇ ਪਾਸੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਖਾਨ ਮਜ਼ਦੂਰਾਂ ਦੀ ਭਲਾਈ ਲਈ 99 ਲੱਖ ਰੁਪਏ ਦਾ ਇੱਕ ਫੰਡ ਬਣਾਉਣ ਦਾ ਦਾਅਵਾ ਕੀਤਾ ਹੈ, ਜੋ ਸਵੈ ਸੇਵੀ ਸੰਗਠਨਾਂ ਦੀ ਮਦਦ ਨਾਲ ਚਲਾਇਆ ਜਾ ਰਿਹਾ ਹੈ।

ਕੁੱਲ ਮਿਲਾ ਕੇ ਬੰਸੀ ਪਹਾੜਪੁਰ ਵਿੱਚ ਗੁਲਾਬੀ ਪੱਥਰ ਜ਼ਿੰਦਗੀ ਵੀ ਹਨ ਅਤੇ ਮੌਤ ਵੀ।

# ਚੀਨ ਨੇ ਪੂਰੀ ਦੁਨੀਆ ਵਿੱਚ ਮਾਰ ਕਰਨ ਵਾਲੀ ਮਿਜ਼ਾਈਲ ਬਣਾਈ

**ਬੀਜਿੰਗ –** ਚੀਨ ਸੰਨ 2018 ਵਿੱਚ ਅਗਲੀ ਪੀੜ੍ਹੀ ਦੀ ਲੰਬੀ ਦੂਰੀ ਤੱਕ ਮਾਰ ਕਰ ਸਕਣ ਵਾਲੀ ਆਧੁਨਿਕ ਮਿਜ਼ਾਈਲ ਨੂੰ ਆਪਣੀ ਫੌਜ ਦੇ ਹਥਿਆਰ ਭੰਡਾਰ ਵਿੱਚ ਸ਼ਾਮਲ ਕਰ ਲਵੇਗਾ। ਇਹ ਮਿਜ਼ਾਈਲ ਮੈਕ 10 (ਕਰੀਬ 12 ਹਜ਼ਾਰ ਕਿਲੋਮੀਟਰ ਪ੍ਰਤੀ ਘੰਟਾ) ਦੀ ਰਫਤਾਰ ਨਾਲ 12 ਹਜ਼ਾਰ ਕਿਲੋਮੀਟਰ ਦੀ ਦੂਰ ਤੱਕ ਮਾਰ ਕਰਨ 'ਚ ਸਮਰੱਥ ਹੋਵੇਗੀ। ਡੋਂਗਫੇਂਗ-10 ਨਾਂ ਦੀ ਇਹ ਮਿਜ਼ਾਈਲ ਇਕੱਠੇ ਦਸ ਐਟਮ ਬੰਬ ਲਿਜਾਣ ਦੇ ਸਮਰੱਥ ਹੋਵੇਗੀ, ਜੋ ਵੱਖ-ਵੱਖ ਟਿਕਾਣਿਆਂ ਉੱਤੇ ਸੁੱਟੇ ਜਾ ਸਕਣਗੇ।

ਚੀਨ ਦੇ ਸਰਕਾਰੀ ਅਖਬਾਰ ਗਲੋਬਲ ਟਾਈਮਜ਼ ਵਿੱਚ ਛਪੀ ਖਬਰ ਮੁਤਾਬਕ 2012 ਵਿੱਚ ਮਿਜ਼ਾਈਲ ਬਣਾਉਣ ਦਾ ਐਲਾਨ ਕਰਕੇ ਹਾਲੇ ਤੱਕ ਅੱਠ ਟੈਸਟ ਹੋ ਚੁੱਕੇ ਹਨ, ਜਿਨ੍ਹਾਂ ਵਿੱਚ ਜ਼ਿਆਦਾ ਸਫਲ ਰਹੇ ਹਨ। ਇਸ ਲਈ ਹੁਣ ਇਸ ਨੂੰ 2018 ਦੇ ਮੱਧ ਤੱਕ ਪੀਪਲਜ਼ ਲਿਬਰੇਸ਼ਨ ਆਰਮੀ ਵਿੱਚ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਬਣ ਗਈ ਹੈ।

ਅਖਬਾਰ ਨੇ ਇਹ ਗੱਲ ਹਥਿਆਰਾਂ ਦੇ ਮਾਮਲੇ ਵਿੱਚ ਫੌਜ ਦੇ ਸਲਾਹਕਾਰ ਸ਼ੂ ਗੁਆਂਗਯੂ ਦੇ ਹਵਾਲੇ ਨਾਲ ਕਹੀ ਹੈ। ਇਹ ਚੀਨੀ ਧਰਤੀ ਤੋਂ ਦੁਨੀਆ ਦੇ ਕਿਸੇ ਵੀ ਦੇਸ਼ ਨੂੰ ਨਿਸ਼ਾਨਾ ਬਣਾ ਸਕੇਗੀ।

ਸਾਊਥ ਚਾਈਨਾ ਮਾਰਨਿੰਗ ਪੋਸਟ ਅਖਬਾਰ ਮੁਤਾਬਕ ਚੀਨ ਨੇ ਨਵੰਬਰ ਦੇ ਸ਼ੁਰੂ 'ਚ ਨਵੀਂ ਬੈਲਿਸਟਿਕ ਮਿਜ਼ਾਈਲ ਦਾ ਪ੍ਰੀਖਣ ਕਰ ਲਿਆ ਸੀ, ਪਰ ਇਸ ਬਾਰੇ ਜਾਣਕਾਰੀ ਜਨਤਕ ਨਹੀਂ ਕੀਤੀ। ਅਮਰੀਕੀ ਸੈਟੇਲਾਈਟ ਟਰੈਕਿੰਗ ਸਿਸਟਮ ਨੇ ਅਪ੍ਰੈਲ 2016 ਵਿੱਚ ਮਿਜ਼ਾਈਲ ਦਾ ਪ੍ਰੀਖਣ ਹੁੰਦਾ ਕੈਚ ਕਰ ਲਿਆ ਹੈ, ਪਰ ਇਸ ਦੀ ਜਾਣਕਾਰੀ ਜਨਤਕ ਨਹੀਂ ਸੀ ਕੀਤੀ। ਫੀਨਿਕਸ ਟੀ ਵੀ ਦੇ ਟਿੱਪਣੀਕਾਰ ਅਤੇ ਚੀਨੀ ਫੌਜ ਦੇ ਤੋਪਖਾਨਾ ਦਸਤੇ ਵਿੱਚ ਰਹੇ ਜੋਂਗਪਿੰਗ ਦਾ ਦਾਅਵਾ ਹੈ ਕਿ ਡੋਂਗਫੇਂਗ-41 ਨੂੰ ਚੀਨੀ ਫੌਜ ਵਿੱਚ ਸ਼ਾਮਲ ਕੀਤਾ ਜਾ ਚੁੱਕਾ ਹੈ। ਇਸੇ ਗੁਣਵੱਤਾ ਵਧਾਉਣ ਲਈ ਤਾਜ਼ਾ ਪ੍ਰੀਖਣ ਕੀਤੇ ਜਾ ਰਹੇ ਹਨ। ਰੂਸੀ ਰੱਖਿਆ ਮਾਹਰਾਂ ਦਾ ਮੰਨਣਾ ਹੈ ਕਿ ਨਵੀਂ ਮਿਜ਼ਾਈਲ ਦਾ ਨਿਸ਼ਾਨਾ ਮੁੱਖ ਤੌਰ ਉੱਤੇ ਅਮਰੀਕੀ ਸ਼ਹਿਰ ਤੇ ਯੂਰਪ ਹਨ। ਇਸ ਨਾਲ ਚੀਨ ਅਮਰੀਕਾ 'ਤੇ ਰਣਨੀਤਕ ਦਬਾਅ ਬਣਾਉਣ 'ਚ ਕਾਮਯਾਬ ਹੋਵੇਗਾ।

# ਏਲੀਅਨਜ਼ ਨੂੰ ਸੰਦੇਸ਼ ਭੇਜਿਆ, 25 ਸਾਲਾਂ ਬਾਅਦ ਜਵਾਬ ਮਿਲੇਗਾ

**ਨਿਊਯਾਰਕ** - ਵਿਗਿਆਨਕਾਂ ਦੇ ਇਕ ਗਰੁੱਪ ਨੇ ਏਲੀਅਨਸ ਨਾਲ ਸੰਬੰਧ ਸਥਾਪਤ ਕਰਨ ਦੀ ਆਸ ਨਾਲ ਧਰਤੀ ਨੇੜਲੇ ਗ੍ਰਹਿ 'ਤੇ ਇਕ ਵਿਸਥਾਰਤ ਸੰਦੇਸ਼ ਭੇ-ਜਆ ਹੈ ਤੇ ਛੇਤੀ ਹੀ ਹੋਰ ਭੇਜਣਗੇ। ਜੇ ਅਸਲ ਵਿੱਚ ਏਲੀਅਨਸ ਦੀ ਹੋਂਦ ਹੈ ਤਾਂ ਇਨ੍ਹਾਂ ਸੰਦੇਸ਼ਾਂ ਦਾ ਜਵਾਬ ਮਿਲਣ ਵਿੱਚ ਘੱਟੋ-ਘੱਟ 25 ਸਾਲ ਲੱਗਣਗੇ। ਇਸ ਪ੍ਰਾਜੈਕਟ ਦੀ ਅਗਵਾਈ ਸੋਨਾਰ ਆਰਗੇਨਾਈਜ਼ੇਸ਼ਨ ਕਰ ਰਿਹਾ ਹੈ। ਪ੍ਰਾਜੈਕਟ ਦਾ ਨਾਂ 'ਸੋਨਾਰ ਕਾਲਿੰਗ ਜੀ ਜੇ 273 ਬੀ' ਹੈ। ਇਸ ਆਰਗੇਨਾਈਜ਼ੇਸ਼ਨ ਨੇ ਇਸ ਪ੍ਰਾਜੈਕਟ ਵਿੱਚ ਐਮ ਈ ਟੀ ਆਈ ਇੰਟਰਨੈਸ਼ਨਲ ਅਤੇ ਦਿ ਇੰਸਟੀਚਿਊਟ ਆਫ ਸਪੇਨ ਸਟਡੀਜ਼ ਆਫ ਕੈਟ-ਲੋਨੀਆ (ਆਈ ਈ ਈ ਸੀ) ਦੀ ਵੀ ਮਦਦ ਲਈ ਹੈ। ਇਸ ਸਾਲ 16, 17 ਅਤੇ 18 ਅਕਤੂਬਰ ਨੂੰ ਵਿ-ਗਆਨਕਾਂ ਦੇ ਗਰੁੱਪ ਨੇ ਨਾਰਵੇ ਤੋਂ ਈ ਆਈ ਐਸ ਸੀ ਏ ਟੀ ਐਂਟੀਨਾ ਰਾਹੀਂ ਸੰਦੇਸ਼ ਟਰਾਂਸਮਿਟ ਕੀਤਾ ਸੀ। ਇਹ ਸੰਦੇਸ਼ ਐਕਸੋਪਲੈਨੇਟ ਜੀ ਜੇ 273 ਬੀ ਨੂੰ ਭੇਜੇ ਗਏ ਸਨ, ਜਿਸ ਦਾ ਆਕਾਰ ਧਰਤੀ ਤੋਂ 2.9 ਗੁਣਾ ਵੱਡਾ ਹੈ ਤੇ ਜੋ ਲੁਟਿਅਨਸ ਸਟਾਰ ਦੇ ਨੇੜੇ ਹੈ। ਲੁਟਿਅਨਸ ਸਟਾਰ ਧਰਤੀ ਤੋਂ 25 ਹਜ਼ਾਰ ਪ੍ਰਕਾਸ਼ ਸਾਲ ਦੂਰ ਹੈ। ਏਲੀਅਨਸ ਇਹ ਸੰਦੇਸ਼ 12 ਸਾਲ ਬਾਅਦ ਸੁਣਨਗੇ ਅਤੇ ਉਨ੍ਹਾਂ ਦਾ ਜਵਾਬ ਅਗਲੇ 12 ਸਾਲਾਂ ਵਿੱਚ ਧਰਤੀ ਤੱਕ ਪਹੁੰਚੇਗਾ। ਇਹ ਸੰਦੇਸ਼ 2018 ਸਪੇਨ ਦੇ ਸੋਨਾਰ ਫੈਸਟੀਵਲ ਦਾ ਹਿੱਸਾ ਹੈ। ਕਿਸੇ ਵੀ ਗ੍ਰਹਿ ਤੋਂ ਜਵਾਬ ਆਉਣ ਵਿੱਚ ਘੱਟੋ ਘੱਟ 50 ਹਜ਼ਾਰ ਸਾਲ ਲੱਗੇ ਹਨ, ਇਸ ਲਈ ਇਸ ਨਵੀਂ ਪਹਿਲ ਨਾਲ ਵਿਗਿਆਨਕਾਂ ਨੂੰ ਸੰਦੇਸ਼ ਦੇ ਆਦਾਨ ਪ੍ਰਦਾਨ 'ਚ ਤੇਜ਼ੀ ਆਉਣ ਦੀ ਵੀ ਉਮੀਦ ਹੈ।

# 'ਫੇਕ ਨਿਊਜ਼' ਦੇ ਖਿਲਾਫ ਫੇਸਬੁੱਕ ਤੇ ਗੂਗਲ ਇਕੱਠੇ ਹੋਏ

**ਸਾਨ ਫਰਾਂਸਿਸਕੋ –** ਸੋਸ਼ਲ ਮੀਡੀਆ ਤੇ ਸਰਚ ਇੰਜਣ ਉੱਤੇ ਫੈਲਾਈਆਂ ਜਾ ਰਹੀਆਂ 'ਫੇਕ ਨਿਊਜ਼' (ਫਰਜ਼ੀ ਖਬਰਾਂ) ਦੇ ਖਿਲਾਫ ਜੰਗ ਵਿੱਚ ਸਰਚ ਇੰਜਣ ਗੂਗਲ, ਫੇਸਬੁੱਕ ਅਤੇ ਟਵਿੱਟਰ ਸਮੇਤ ਹੋਰ ਵੈਬਸ-ਾਈਟਾਂ ਮਿਲ ਕੰਮ ਕਰਨਗੇ। ਇਹ ਸਾਰੇ ਫੇਕ ਨਿਊਜ਼ ਦੇ ਖਿਲਾਫ ਸ਼ੁਰੂ ਕੀਤੀ ਮੁਹਿੰਮ 'ਦ ਟਰੱਸਟ ਪ੍ਰਾਜੈਕਟ' ਦਾ ਹਿੱਸਾ ਬਣਨਗੇ। ਇਸ ਦੇ ਜ਼ਰੀਏ ਪਾਠਕ ਖਬਰ ਦੇ ਵਸੀਲੇ ਦੇ ਬਾਰੇ ਜਾਣ ਸਕਣਗੇ। ਇਹ ਮੁਹਿੰਮ ਸਾਂਟਾ ਕਲਾਰਾ ਯੂਨੀਵਰਸਿਟੀ ਦੇ ਮਾਰਕਕੁਲਾ ਸੈਂਟਰ ਫਾਰ ਅਪਲਾਈਡ ਦੇ ਡਾਇਰੈਕਟਰ ਅਤੇ ਪੱਤਰਕਾਰ ਸੈਲੀ ਲੇਹਮਨ ਵੱਲੋਂ ਸ਼ੁਰੂ ਕੀਤਾ ਗਿਆ ਹੈ। ਫੇਸਬੁੱਕ ਦੇ ਇਸ ਨਾਲ ਜੁੜਨ ਪਿੱਛੋਂ ਉਸ ਉਤੇ ਆਉਣ ਵਾਲੀ ਹਰ ਖਬਰ ਜਾਂ ਲੇਖ ਦੇ ਨਾਲ ਇਕ ਆਈਕਨ ਦਿੱਸੇਗਾ। ਇਸ ਆਈਕਨ ਨੂੰ ਕਲਿੱਕ ਕਰਦੇ ਸਾਰ ਯੂਜ਼ਰ ਨੂੰ ਖਬਰ ਜਾਂ ਲੇਖ ਦੇ ਵਸੀਲੇ ਅਤੇ ਲੇਖਕ ਦੇ ਕੰਮ ਕਰਨ ਦਾ ਤਰੀਕਾ ਵੀ ਪਤਾ ਲੱਗੇਗਾ। ਇਸ ਟਰੱਸਟ ਇੰਡੀਕੇਟਰ ਆਈਕਨ 'ਚ ਯੂਜ਼ਰ ਇਹ ਵੀ ਦੇਖ ਸਕਣਗੇ ਕਿ ਉਹ ਜੋ ਪੜ੍ਹ ਰਹੇ ਹਨ, ਉਹ ਇਸ਼ਤਿਹਾਰ ਹੈ ਜਾਂ ਲੇਖਕ ਦੀ ਆਪਣੀ ਰਾਇ। ਛੇਤੀ ਹੀ 'ਦ ਇਕੋਨਾਮਿਸਟ', 'ਵਾਸ਼ਿੰਗਟਨ ਪੋਸਟ' ਅਤੇ ਜਰਮਨ ਪ੍ਰੈਸ ਏਜੰਸੀ ਸਮੇਤ ਕਈ ਮੀਡੀਆ ਕੰਪਨੀਆਂ ਇਸ ਟਰੱਸਟ ਇੰਡੀਕੇਟਰ ਦੀ ਵਰਤੋਂ ਸ਼ੁਰੂ ਕਰ ਦੇਣਗੀਆਂ। ਸੈਲੀ ਲੇਹਮਨ ਨੇ ਕਿਹਾ ਕਿ 'ਇੰਡੀਕੇਟਰ' ਦੇ ਵਰਤਣ ਨਾਲ ਖਬਰ ਹੀ ਨਹੀਂ, ਬਲਕਿ ਲੇਖਕ ਦੀ ਜਵਾਬਦੇਹੀ ਵੀ ਵੱਧ ਜਾਵੇਗੀ।

# ਬਾਸਕਟਬਾਲ ਖਿਡਾਰੀਆਂ ਨੂੰ ਚੀਨੀ ਜੇਲ੍ਹਾਂ 'ਚ ਛੱਡ ਦੇਣਾ ਚਾਹੀਦਾ ਸੀ - ਟਰੰਪ

**ਵਾਸ਼ਿੰਗਟਨ –** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਚੋਰੀ ਦੇ ਦੋਸ਼ਾਂ ਵਿੱਚ ਫੜੇ ਗਏ ਤਿੰਨ ਅਮਰੀਕੀ ਬਾਸਕਟਬਾਲ ਖਿਡਾਰੀਆਂ ਨੂੰ ਚੀਨ ਦੀਆਂ ਜੇਲ੍ਹਾਂ ਵਿੱਚ ਛੱਡ ਦੇਣਾ ਚਾਹੀਦਾ ਸੀ। ਉਨ੍ਹਾਂ ਨੇ ਅਜਿਹਾ ਇੱਕ ਖਿਡਾਰੀ ਦੇ ਪਿਤਾ ਵੱਲੋਂ ਸ਼ੁਕਰ ਗੁਜ਼ਾਰ ਹੋਣ ਕਾਰਨ ਕਿਹਾ।

ਖਿਡਾਰੀਆਂ ਦੇ ਫੜੇ ਜਾਣ ਸਮੇਂ ਟਰੰਪ ਏਸ਼ੀਆ ਦੇ ਦੌਰੇ 'ਤੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਖੁਦ ਇਸ ਕੇਸ ਨੂੰ ਖਤਮ ਕਰਨ ਵਿੱਚ ਮਦਦ ਕਰਨ ਲਈ ਕਿਹਾ ਸੀ।

ਟਰੰਪ ਨੇ ਟਵਿੱਟਰ ਉਤੇ ਕਿਹਾ, ਹੁਣ ਤਿੰਨੋਂ ਬਾਸਕਟਬਾਲ ਖਿਡਾਰੀ ਚੀਨ ਤੋਂ ਬਾਹਰ ਹਨ ਤੇ ਜੇਲ੍ਹ ਤੋਂ ਬਚ ਗਏ ਹਨ। ਇੱਕ ਖਿਡਾਰੀ ਲੀ ਏਂਜੇਲੋ ਦੇ ਪਿਤਾ ਲਾਵਾਰ ਬਾਲ ਇਸ ਗੱਲ ਨੂੰ ਮੰਨ ਨਹੀਂ ਰਹੇ ਕਿ ਉਨ੍ਹਾਂ ਦੇ ਬੇਟੇ ਲਈ ਕੀ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਚੋਰੀ ਕੋਈ ਵੱਡੀ ਗੱਲ ਨਹੀਂ ਹੈ। ਇਸ 'ਤੇ ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਜੇਲ੍ਹ ਵਿੱਚ ਛੱਡ ਦੇਣਾ ਚਾਹੀਦਾ ਸੀ। ਉਨ੍ਹਾਂ ਲਿਖਿਆ, ਚੀਨ ਵਿੱਚ ਚੋਰੀ ਬਹੁਤ ਵੱਡਾ ਅਪਰਾਧ ਹੈ ਤੇ ਇਸ ਦੀ 5-10 ਸਾਲ ਦੀ ਜੇਲ੍ਹ ਹੁੰਦੀ ਹੈ। ਲਾਵਾਰ ਨੂੰ ਅਜਿਹਾ ਨਹੀਂ ਲੱਗਾ। ਮੈਨੂੰ ਚੀਨ ਦੇ ਅਗਲੇ ਦੌਰੇ 'ਤੇ ਹੀ ਉਨ੍ਹਾਂ ਦੇ ਬੇਟੇ ਨੂੰ ਛੁਡਾਉਣਾ ਚਾਹੀਦਾ ਸੀ। ਅਹਿਸਾਨ-ਫਰਾਮੋਸ਼।

# ਬ੍ਰਿਟੇਨ ਸਰਕਾਰ ਗੈਰ ਯੂਰਪੀ ਦੇਸ਼ਾਂ ਦੇ ਲੋਕਾਂ ਦੇ ਵੀਜ਼ੇ ਵਧਾਉਣ ਲੱਗੀ

**ਲੰਡਨ –** ਬ੍ਰਿਟੇਨ ਸਰਕਾਰ ਨੇ ਯੂਰਪੀ ਯੂਨੀਅਨ ਵਿਚ ਸ਼ਾਮਲ ਦੇਸ਼ਾਂ ਤੋਂ ਇਲਾਵਾ ਹੋਰ ਦੇਸ਼ਾਂ ਦੇ ਨਾਗਰਿਕਾਂ ਨੂੰ ਜਾਰੀ ਕੀਤੇ ਜਾਣ ਵਾਲੇ ਵੀਜ਼ੇ ਦੀ ਗਿਣਤੀ ਦੁਗਣੀ ਕਰਨ ਦਾ ਐਲਾਨ ਕੀਤਾ ਹੈ। ਇਹ ਵੀਜ਼ਾ ਉਨ੍ਹਾਂ ਲੋਕਾਂ ਨੂੰ ਜਾਰੀ ਕੀਤੇ ਜਾਣਗੇ, ਜੋ ਤਕਨੀਕ, ਵਿਗਿਆਨ, ਕਲਾ ਤੇ ਹੋਰ ਰਚਨਾਤਮਕ ਕੰਮਾਂ ਦਾ ਹੁਨਰ ਦਿਖਾਉਣਗੇ। ਯੂਰਪੀ ਯੂਨੀਅਨ ਤੋਂ ਵੱਖ ਹੋਣ (ਬ੍ਰੈਕਜ਼ਿਟ) ਦੇ ਬਾਅਦੰ ਬ੍ਰਿਟੇਨ ਨੂੰ ਗਲੋਬਲ ਯੋਗਤਾਵਾਂ ਲਈ ਇੱਕ ਖੁੱਲ੍ਹੀ ਅਰਥ ਵਿਵਸਥਾ ਦਿਖਾਉਣ ਦੀ ਰਣਨੀਤੀ ਵਜੋਂ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ।

ਬ੍ਰਿਟੇਨ ਸਰਕਾਰ ਨੇ ਕਿਹਾ ਕਿ ਦੁਨੀਆ ਭਰ ਦੇ 'ਸਭ ਤੋਂ ਵਧੀਆ ਯੋਗਤਾ' ਵਾਲੇ ਲੋਕਾਂ ਨੂੰ ਖਿਚ ਪਾਉਣ ਲਈ ਟੀ ਅਰ-1 ਵੀਜ਼ਾ ਦੀ ਗਿਣਤੀ 1,000 ਤੋਂ ਵਧਾ ਕੇ ਹਰ ਸਾਲ 2,000 ਕੀਤੀ ਜਾਵੇਗੀ। ਇਹ ਵੀਜ਼ਾ ਅਸਧਾਰਨ ਪ੍ਰਤਿਭਾ ਵਾਲੇ ਲੋਕਾਂ ਨੂੰ ਦਿੱਤਾ ਜਾਂਦਾ ਹੈ। ਪ੍ਰਧਾਨ ਮੰਤਰੀ ਥੈਰੇਸਾ ਮੇਅ ਦਾ ਕਹਿਣਾ ਹੈ ਕਿ ਵੀਜ਼ਾ ਦੀ ਗਿਣਤੀ ਵਿਚ ਵਾਧਾ ਡਿਜ਼ੀਟਲ ਤਕਨੀਕ ਖੇਤਰ ਨੂੰ ਨਿਰਦੇਸ਼ਿਤ ਕਰਨ ਵਾਲੇ ਉਪਾਆਂ ਦਾ ਹਿੱਸਾ ਹੈ।

# ਉਪਲ ਪਰਿਵਾਰ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ









**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 23 ਨਵੰਬਰ ਦਿਨ ਵੀਰਵਾਰ ਨੂੰ ਗੁਰੂ ਘਰ ਦੇ ਬੜੇ ਹੀ ਸ਼ਰਧਾਲੂ ਪਰਿਵਾਰ ਸ. ਮੇਜਰ ਸਿੰਘ ਉਪਲ, ਜਸਵਿੰਦਰ ਸਿੰਘ ਉਪਲ ਪਰਿਵਾਰ ਵੱਲੋਂ ਪਰਿਵਾਰ ਦੀ ਚੜ੍ਹਦੀ ਕਲਾ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ ਗਏ, ਜਿਸ ਵਿਚ ਮਿਤੀ 23 ਨਵੰਬਰ ਦਿਨ ਵੀਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕ ਤੇ ਸ. ਮੇਜਰ ਸਿੰਘ ਉਪਲ, ਸ. ਜਸਵਿੰਦਰ ਸਿੰਘ ਉਪਲ ਪਰਿਵਾਰ ਵੱਲੋਂ ਗੁਰੂ ਘਰ ਲਈ ਇਕ ਬਹੁਤ ਹੀ ਸੁੰਦਰ ਚੰਦੋਆ ਸਾਹਿਬ ਗੁਰੂ ਘਰ ਨੂੰ ਭੇਂਟ ਕੀਤਾ ਗਿਆ।

ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ. ਮੇਜਰ ਸਿੰਘ ਉਪਲ, ਸ. ਜਸਵਿੰਦਰ ਸਿੰਘ ਉਪਲ, ਕਾਕਾ ਹਰਸੰਗ ਸਿੰਘ ਉਪਲ ਜੀ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸਾਹਿਬ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।



# ਧੰਨ ਧੰਨ ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਗੁਰਤਾ ਗੱਦੀ ਦਿਵਸ ਮਨਾਇਆ





**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 24, 25, 26 ਨਵੰਬਰ ਦਿਨ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਨੂੰ ਧੰਨ ਧੰਨ ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਗੁਰਤਾ ਗੱਦੀ ਦਿਵਸ ਮਨਾਇਆ ਗਿਆ, ਜਿਸ ਵਿਚ ਮਿਤੀ 24 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਮਹਾਨ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 26 ਨਵੰਬਰ ਦਿਨ ਐਤਵਾਰ ਨੂੰ ਪਾਏ ਗਏ।

ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਬੀਬੀ ਲੋਚਨਾ ਰਾਏ ਜੀ, ਭਾਈ ਸਾਹਿਬ ਹੀਰਾ ਸਿੰਘ ਜੀ ਨੇ ਇਲਾਹੀ ਕੀਰਤਨ ਦੁਆਰਾ ਆਪਣੀ ਹਾਜ਼ਰੀ ਲਗਵਾਈ।

ਸ੍ਰੀ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀਆਂ ਸਿੱਖਿਆਵਾਂ ਬਾਰੇ ਬੜੇ ਵਿਸਥਾਰ ਨਾਲ ਸੰਗਤਾਂ ਨੂੰ ਦੱਸਿਆ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।





**ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਧੰਨ ਧੰਨ ਸਤਿਗੁਰੂ ਸੈਣ ਜੀ ਮਹਾਰਾਜ ਦਾ ਪ੍ਰਕਾਸ਼ ਉਤਸਵ ਮਿਤੀ 1, 2, 3 ਦਸੰਬਰ ਦਿਨ ਸ਼ੁੱਕਰਵਾਰ, ਸ਼ਨੀਵਾਰ, ਐਤਵਾਰ ਨੂੰ ਬੜੀ ਹੀ ਧੂੰਮ ਧਾਮ ਨਾਲ ਮਨਾਇਆ ਜਾ ਰਿਹਾ ਹੈ।**

1 ਦਸੰਬਰ 2017 ਦਿਨ ਸ਼ੁੱਕਰਵਾਰ ਨੂੰ ਆਰੰਭ ਸ੍ਰੀ ਅਖੰਡ ਪਾਠ ਸਾਹਿਬ
3 ਦਸੰਬਰ 2017 ਦਿਨ ਐਤਵਾਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ
ਭੋਗ ਉਪਰੰਤ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ
ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ




**ਗੁਰੂ ਘਰ ਦੀ ਕਮੇਟੀ ਵੱਲੋਂ ਆਪ ਸਭ ਨੂੰ ਸਨਿਮਰ ਬੇਨਤੀ ਹੈ ਕਿ ਇਸ ਸ਼ੁਭ ਮੌਕੇ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।**

**ਵੱਲੋਂ: ਸਮੂਹ ਪ੍ਰਬੰਧਕ ਕਮੇਟੀ**

**ਗੁਰੂ ਘਰ ਦਾ ਫੋਨ ਨੰਬਰ - 530-674-2564**

**SHRI GURU RAVIDASS TEMPLE 1480 HAYNE AVENUE, YUBA CITY, CA 95993**

# ਨਤੋਮਸ ’ਚ ਕੁਲਦੀਪ ਸਿੰਘ ਨਿੱਜਰ ਦੇ ਗ੍ਰਹਿ ਵਿਖੇ ਮਨਾਇਆ ਥੈਂਕਸ ਗਿਵਿੰਗ ਡੇਅ










**ਨਤੋਮਸ (ਡੀ ਡੀ ਬੀ)–** ਥੈਂਕਸ ਗਿਵਿੰਗ ਡੇਅ ਨਾਰਥ ਅਮਰੀਕਾ ਖਾਸ ਕਰਕੇ ਅਮਰੀਕਾ ’ ਹਰ ਕੋਈ ਆਪਣੇ ਨਜ਼ਦੀਕੀ ਨੂੰ ਕੋਲ ਬੁਲਾ ਕੇ ਜਾਂ ਉਹਨਾਂ ਕੋਲ ਜਾ ਕੇ ਜਾਂ ਫਿਰ ਇਕੱਠੇ ਹੋ ਕੇ ਇਕ ਜਗ੍ਹਾ ਖਾਣ–ਪੀਣ ਦੇ ਨਾਲ–ਨਾਲ ਖੁਦਾ ਦਾ ਸ਼ੁਕਰੀਆ ਅਦਾ ਕਰਦੇ ਹੋਏ ਖੁਸ਼ੀਆਂ ਸਾਂਝੀਆਂ ਕਰਦੇ ਹਨ। ਇਸ ਦੀ ਰਾਸ਼ਟਰੀ ਸਰਕਾਰੀ ਛੁੱਟੀ ਵੀ ਹੁੰਦੀ ਹੈ।

ਯੂਨਾਈਟਿਡ ਸਟੇਟਸ ਆਫ ਅਮਰੀਕਾ ਦਾ ਪ੍ਰੈਜ਼ੀਡੈਂਟ ਵੀ ਵਾਈਟ ਹਾਊਸ ’ਚ ਥੈਂਕਸ ਗਿਵਿੰਗ ਡੇਅ ਮਨਾਉਂਦੇ ਹਨ। ਇਸ ਦਿਨ ਅਮਰੀਕਾ ’ਚ ਸਭ ਤੋਂ ਵੱਧ ਟਰਕੀ ਦਾ ਪਕਵਾਨ ਹੁੰਦਾ ਹੈ। ਇਸ ਦਿਨ ਹੋਰਨਾਂ ਮੁਲਕਾਂ ਤੋਂ ਆਏ ਨਾਗਰਿਕ ਵੀ ਵੱਡੀ ਗਿਣਤੀ ’ਚ ਸ਼ਾਮਲ ਹੁੰਦੇ ਹਨ। ਭਾਰਤ ਆਦਿ ਮੁਲਕਾਂ ਤੋਂ ਆਏ ਕੁਝ ਨਾਗਰਿਕ ਅਜਿਹੇ ਵੀ ਹੁੰਦੇ ਹਨ ਜੋ ਮੀਟ ਦਾ ਸੇਵਨ ਨਹੀਂ ਕਰਦੇ। ਉਹ ਵੀ ਇਸ ਦਿਨ ਆਪਣੇ ਸਕੇ–ਸਬੰਧੀਆਂ, ਯਾਰਾਂ ਦੋਸਤਾਂ ਨਾਲ ਥੈਂਕਸ ਗਿਵਿੰਗ ਡੇਅ ਮੌਕੇ ਵੈਜ਼ੀਟੇਰੀਅਨ ਲੰਚ/ਡਿਨਰ ਕਰਦੇ ਹਨ।

ਇਸੇ ਤਰ੍ਹਾਂ ਨਤੋਮਸ (ਸੈਕਰਾਮੈਂਟੋ) ’ਚ ਪੰਜਾਬੀ ਭਾਈਚਾਰੇ ਦੇ ਕੁਝ ਪੰਜਾਬੀ ਪਰਿਵਾਰਾਂ ਨੇ ਸ੍ਰੀ ਕੁਲਦੀਪ ਸਿੰਘ ਨਿੱਜਰ ਦੇ ਗ੍ਰਹਿ ਵਿਖੇ ਇਕ ਧਾਰਮਿਕ ਸਮਾਗਮ (ਸਤਿਸੰਗ) ’ਚ ਇਕੱਠੇ ਹੋਏ। ਇਸ ਮੌਕੇ ਨਾਮ ਭਜਨ ਦੇ ਰਸੀਏ ਸ੍ਰੀ ਪ੍ਰੇਮ ਪਾਲ ਜੀ ਨੇ ਬਹੁਤ ਹੀ ਸਰਲ ਤਰੀਕੇ ਨਾਲ ਧੰਨ ਧੰਨ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ’ਚ ਤੀਜੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਸ਼ਬਦ:

ਰਾਗ ਮਾਝ ਅਸਟਪਦੀਆ ਮਹਲਾ 3 ਘਰੁ 1
ਇਸੁ ਗੁਫਾ ਮਹਿ ਅਖੁਟ ਭੰਡਾਰਾ।। ਤਿਸੁ ਵਿਚਿ ਵਸੈ ਹਰਿ ਅਲਖ ਅਪਾਰਾ।।
ਆਪੇ ਗੁਪਤੁ ਪਰਗਟੁ ਹੈ ਆਪੇ ਗੁਰ ਸਬਦੀ ਆਪੁ ਵੰਞਾਵਣਿਆ।।1।।
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਨਾਮੁ ਮੰਨਿ ਵਸਾਵਣਿਆ।।
ਅੰਮ੍ਰਿਤ ਨਾਮੁ ਮਹਾ ਰਸੁ ਮੀਠਾ ਗੁਰਮਤੀ ਅੰਮ੍ਰਿਤੁ ਪੀ–ਆਵਣਿਆ।।1।। ਰਹਾਉ।।

ਸ਼ਬਦ ਦੀ ਵਿਆਖਿਆ ਸ੍ਰੀ ਪ੍ਰੇਮ ਪਾਲ ਜੀ ਨੇ ਲੱਗਭੱਗ 1 ਘੰਟਾ ਕੀਤੀ ਅਤੇ ਸ਼ਬਦ ਸ੍ਰੀ ਰਾਮ ਲੁਭਾਇਆ ਦੁਆਰਾ ਪੜ੍ਹਿਆ ਗਿਆ। ਇਸ ਉਪਰੰਤ ਪ੍ਰੀਤੀ ਭੋਜਨ ਛਕਾਇਆ ਗਿਆ। ਇਸ ਮੌਕੇ ਸ੍ਰੀ ਕੁਲਦੀਪ ਸਿੰਘ ਨਿੱਜਰ ਪਰਿਵਾਰ ਤੋਂ ਇਲਾਵਾ ਪ੍ਰੇਮ ਪਾਲ, ਮਾਸਟਰ ਪ੍ਰੇਮ ਦਾਸ ਕਲੇਰ, ਗੁਰਮੇਲ ਸਿੰਘ, ਕੇਵਲ ਬੋਲੀਨਾ, ਦਰਸ਼ਨ ਸੁੰਮਨ, ਰਾਮ ਲੁਭਾਇਆ, ਰਾਜ ਝੰਮਟ, ਦਰਸ਼ਨ ਦਾਸ, ਦਿਲਪ੍ਰੀਤ, ਹਰਮਨ ਦੀਪ, ਹਰਮਨ, ਸੁਰਿੰਦਰ ਕੌਰ, ਬਲਜੀਤ ਕੌਰ, ਹਰਦੀਪ ਕੌਰ ਅਤੇ ਅਤੇ ਰਾਣੋ ਆਦਿ ਸ਼ਾਮਲ ਸਨ।

# ਫਰਿਜ਼ਨੋ ’ਚ ਸੰਤ ਰਸੀਲਾ ਰਾਮ ਜੀ ਸਤਿਸੰਗ ਘਰ ਵਿਖੇ ਸ਼ਬਦ ਦੀ ਮਹਿਮਾ











**ਫਰਿਜ਼ਨੋ (ਡੀ. ਡੀ. ਬੀ.)–** ਸੰਤ ਰਸੀਲਾ ਰਾਮ ਜੀ ਸੈਦਪੁਰ (ਅੰਮ੍ਰਿਤਸਰ) ਦੇ ਨਾਂ ਤੇ ਸਥਾਪਤ ਸੰਤ ਰਸੀਲਾ ਰਾਮ ਜੀ ਸਤਿਸੰਗ ਘਰ ਫਰਿਜ਼ਨੋ ਵਿਖੇ ਹਰ ਮਹੀਨੇ ਦੇ ਆਖਰੀ ਐਤਵਾਰ ਵਾਲੇ ਦਿਨ ਸਤਿਸੰਗ ਸਮਾਗਮ ਕਰਵਾਇਆ ਜਾਂਦਾ ਹੈ, ਜਿੱਥੇ ਜ਼ਿਆਦਾਤਰ ਸਤਿਸੰਗੀ ਪਰਿਵਾਰ ਇਕੱਠੇ ਹੁੰਦੇ ਹਨ ਤੇ ਉਹਨਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਹੋਰ ਵੀ ਭੈਣ–ਭਰਾਵਾਂ ਨੂੰ ਸਤਿਸੰਗ ਵਿਚ ਸ਼ਾਮਲ ਕੀਤਾ ਜਾਵੇ। ਅਜਿਹੇ ਸਤਿਸੰਗ ਮੌਕੇ ਸ੍ਰੀ ਪ੍ਰੇਮ ਮੱਲ ਅਤੇ ਸ੍ਰੀ ਪ੍ਰਮਜੀਤ ਭੁੱਟਾ ਹੀ ਜ਼ਿਆਦਾਤਰ ਸਤਿਸੰਗ ਸਮਾਗਮ ਦੌਰਾਨ ਪੜ੍ਹੇ ਜਾਂਦੇ ਸ਼ਬਦਾਂ ਦੀ ਵਿਆਖਿਆ ਕਰਦੇ ਹਨ।

ਸਤਿਸੰਗ ਘਰ ਨਾਲ ਸੰਗਤ ਬੇਸ਼ੱਕ ਅਜੇ ਘੱਟ ਹੈ ਪਰ ਜਿਉਂ ਜਿਉਂ ਸਮਾਂ ਬੀਤਦਾ ਜਾ ਰਿਹਾ ਹੈ ਤੇ ਸ਼ਰਧਾਲੂਆਂ ਦੁਆਰਾ ਹੀ ਇਕ ਦੂਜੇ ਤੱਕ ਸਤਿਸੰਗ ਦੀ ਕੀਤੀ ਜਾ ਰਹੀ ਚਰਚਾ, ਸਤਿਸੰਗ ਘਰ ਵੱਲ ਖਿੱਚ ਪਾਉਂਦੀ ਨਜ਼ਰ ਆਉਂਦੀ ਹੈ।

ਇਸ ਐਤਵਾਰ (26 ਨਵੰਬਰ) ਨੂੰ ਨਾਮ ਭਜਨ ਦੀ ਮਹਿਮਾ ਨਾਲ ਗ੍ਰਹਿਸਤ ਸ੍ਰੀ ਪ੍ਰੇਮ ਮੱਲ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਮੁੱਖ ਰੱਖਦਿਆਂ ਉਹਨਾਂ ਦੀ ਸ਼ਹਾਦਤ ਤੇ ਗੁਰਬਾਣੀ ਨੂੰ ਨਤਮਸਤਕ ਹੁੰਦੇ ਹੋਏ ਰਾਗ ਬਿਲਾਵਲੁ ਮਹੱਲਾ 9

ਜਾ ਮੈ ਭਜਨੁ ਰਾਮ ਕੋ ਨਾਹੀ।।
ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ।।1।। ਰਹਾਉ।।

ਸ਼ਬਦ ਦੀ ਵਿਆਖਿਆ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸ਼ਬਦ ਸ੍ਰੀ ਰਾਮ ਲੁਭਾਇਆ ਜੀ ਨੇ ਪੜਿਆ। ਅੱਜ ਦੇ ਇਸ ਸਮਾਗਮ ਦੌਰਾਨ ਸਤਿਸੰਗ ਘਰ ਵਿਖੇ ਉਘੇ ਬਿਜਨਸਮੈਨ ਤੇ ਸਮਾਜ ਸੇਵੀ ਸ੍ਰੀ ਰਾਮ ਮੂਰਤੀ ਸਰੋਏ ਜੀ ਨੇ ਵੀ ਪਰਿਵਾਰ ਸਮੇਤ ਹਾਜ਼ਰੀਆਂ ਭਰੀਆਂ।

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜਨੋ ਵਿਖੇ ਮਾਤਾ ਨਰੰਜਨ ਕੌਰ ਅਤੇ ਸ. ਪਿਆਰਾ ਸਿੰਘ ਚੌਹਾਨ ਨੂੰ ਯਾਦ ਕੀਤਾ ਗਿਆ

## ਭਾਰਤ ਦਾ ਸੰਵਿਧਾਨ ਭਾਰਤ ਦੀ ਸ਼ਾਨ ਤੇ ਵਿਸ਼ਵ ’ਚ ਪਹਿਚਾਣ- ਦੜੌਚ












**ਫਰਿਜਨੋ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜਨੋ (ਕੈਲੇਫੋਰਨੀਆ) ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਹਰ ਐਤਵਾਰ ਕੋਈ ਨਾ ਕੋਈ ਧਾਰਮਿਕ ਸਮਾਗਮ ਕੀਤੇ ਜਾਂਦੇ ਹਨ। ਬੀਤੇ ਐਤਵਾਰ 26 ਨਵੰਬਰ ਨੂੰ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਕੇਵਲ ਚੌਹਾਨ ਜੀ ਦੇ ਸਵਰਗਵਾਸੀ ਮਾਤਾ ਨਰੰਜਨ ਕੌਰ ਅਤੇ ਸਵਰਗਵਾਸੀ ਪਿਤਾ ਸ. ਪਿਆਰਾ ਸਿੰਘ ਚੌਹਾਨ ਜੀ ਦੀ ਪੰਜਵੀਂ ਬਰਸੀ ਨੂੰ ਮੁੱਖ ਰੱਖਦਿਆਂ ਚੌਹਾਨ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ ਗਏ। ਇਸ ਮੌਕੇ ਭੋਗ ਪਾਏ ਜਾਣ ਉਪਰੰਤ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਜੀ ਤੋਂ ਇਲਾਵਾ ਭਾਈ ਸੂਰਤ ਸਿੰਘ ਅਤੇ ਭਾਈ ਸੁੰਦਰ ਸਿੰਘ ਗੁਰਦੁਆਰਾ ਸਾਹਿਬ ਨਾਨਕਸਰ ਫਰਿਜਨੋ ਵਾਲੇ ਅਤੇ ਭਾਈ ਹਰਬਿਲਾਸ ਸਿੰਘ ਝਿੰਗੜ ਆਦਿ ਨੇ ਸ਼ਬਦ ਗਾਇਨ ਕੀਤਾ ਅਤੇ ਇਸ ਦੇ ਨਾਲ ਹੀ ਭਾਈ ਇੰਦਰਜੀਤ ਸਿੰਘ ਤੇ ਅਮਰਜੋਤ ਸਿੰਘ ਨੇ ਵੀ ਮਾਤਾ ਨਰੰਜਨ ਕੌਰ ਅਤੇ ਸ. ਪਿਆਰਾ ਸਿੰਘ ਚੌਹਾਨ ਦੀ ਆਤਮਕ ਸ਼ਾਂਤੀ ਲਈ ਸ਼ਬਦ ਗਾਇਨ ਕੀਤਾ ਅਤੇ ਭਾਈ ਸਾਹਿਬ ਭਾਈ ਰਾਮ ਸਿੰਘ ਜੀ ਨੇ ਵਿਛੜੀਆਂ ਰੂਹਾਂ ਦੀ ਆਤਮਕ ਸ਼ਾਂਤੀ ਅਤੇ ਮਗਰੋਂ ਚੌਹਾਨ ਪਰਿਵਾਰ ਦੀ ਚੜ੍ਹਦੀ ਕਲਾ ਲਈ ਪ੍ਰਵਰਦਗਾਰ ਅੱਗੇ ਬੇਨਤੀ/ਅਰਦਾਸ ਕੀਤੀ। ਇਸ ਉਪਰੰਤ ਚੌਹਾਨ ਪਰਿਵਾਰ ਵੱਲੋਂ ਲੰਗਰ ਦੀ ਸੇਵਾ ਵੀ ਕੀਤੀ ਗਈ।

ਅੱਜ ਦੇ ਪ੍ਰੋਗਰਾਮ ਦੀ ਸਟੇਜ ਸੇਵਾ ਨਿਭਾਉਂਦਿਆਂ ਸਟੇਜ ਸਕੱਤਰ ਸ੍ਰੀ ਅਮਰ ਦੜੌਚ ਨੇ ਚੌਹਾਨ ਪਰਿਵਾਰ ਵੱਲੋਂ ਅਤੇ ਕਮੇਟੀ ਵੱਲੋਂ ਸਭ ਸੰਗਤ ਦਾ ਪਹੁੰਚਣ ‘ਤੇ ਹਾਰਦਿਕ ਧੰਨਵਾਦ ਕੀਤਾ। ਇਸ ਦੇ ਨਾਲ ਹੀ ਉਹਨਾਂ ਕਿਹਾ ਕਿ ਅੱਜ ਦਾ ਦਿਨ ਜਿੱਥੇ ਭਾਰਤ ਦੇ ਇਤਿਹਾਸ ਵਿਚ ਬੜਾ ਇਤਿਹਾਸਕ ਦਿਨ ਹੈ, ਉਥੇ ਸਾਡੇ ਲਈ ਵੀ ਖਾਸ ਕਰਕੇ ਸਮੂਹ ਬਹੁਜਨ ਸਮਾਜ ਦੇ ਲੋਕਾਂ ਲਈ ਵੀ ਬੜਾ ਗੌਰਵਮਈ ਇਤਿਹਾਸਕ ਦਿਨ ਸੀ, ਜਿਸ ਦਿਨ ਭਾਵ 26 ਨਵੰਬਰ 1949 ਨੂੰ, ਜਿਸ ਸਮਾਜ ਨੂੰ ਇਨਸਾਨ ਹੀ ਨਹੀਂ ਸਮਝਿਆ ਜਾਂਦਾ ਸੀ, ਉਸ ਸਮਾਜ ’ਚ ਪੈਦਾ ਹੋਈ ਮਹਾਨ ਸ਼ਖਸੀਅਤ ਬਾਬਾ ਸਾਹਿਬ ਡਾ. ਭੀਮ ਰਾਓ ਰਾਮਜੀ ਅੰਬੇਦਕਰ ਨੇ ਭਾਰਤ ਦਾ ਸੰਵਿਧਾਨ ਤਿਆਰ ਕੀਤਾ ਅਤੇ 26 ਜਨਵਰੀ 1950 ਨੂੰ ਲਾਗੂ ਹੋ ਗਿਆ।

ਇਸ ਲਈ ਸਾਨੂੰ ਇਹ ਮਾਣ ਕਰਨਾ ਚਾਹੀਦਾ ਹੈ ਕਿ ਭਾਰਤ ਦਾ ਸੰਵਿਧਾਨ ਭਾਰਤ ਦੀ ਸ਼ਾਨ ਅਤੇ ਵਿਸ਼ਵ ’ਚ ਪਹਿਚਾਣ ਹੈ।

# ਲੋੜਵੰਦ ਪਰਿਵਾਰਾਂ ਨੂੰ ਕੰਬਲ ਤੇ ਜਰਸੀਆਂ ਵੰਡੀਆਂ ਗਈਆਂ







**ਲੋਹੀਆ ਖਾਸ–** ਬੀਤੇ ਐਤਵਾਰ ਲੋਹੀਆ ਖਾਸ ਨਿਵਾਸੀ ਐਨ. ਆਰ. ਆਈ ਮਾਸਟਰ ਸੰਤੋਖ ਸਿੰਘ ਗਿੱਲ ਤੇ ਪਰਿਵਾਰ ਵੱਲੋਂ ਸਰਦੀਆਂ ਦੇ ਮੌਸਮ ਨੂੰ ਧਿਆਨ ਵਿਚ ਰੱਖਦਿਆਂ ਲੋਹੀਆਂ ਦੇ ਵੱਖ-ਵੱਖ ਵਾਰਡਾਂ ਵਿਚ ਲੋੜਵੰਦ ਪਰਿਵਾਰਾਂ ਨੂੰ 30 ਕੰਬਲ ਅਤੇ ਬੱਚਿਆਂ ਨੂੰ ਜਰਸੀਆਂ ਭਗਵਾਨ ਵਾਲਮੀਕ ਮੰਦਰ ਲੋਹੀਆਂ ਖਾਸ ਵਿਚ ਵੰਡੀਆਂ ਗਈਆਂ ਕੰਬਲਾਂ ਤੇ ਜਰਸੀਆਂ ਦੀ ਵੰਡ ਮਾਸਟਰ ਸੰਤੋਖ ਸਿੰਘ ਦੇ ਮਾਮਾ ਜੀ ਸੁੱਚਾ ਸਿੰਘ ਜੀ ਵੱਲੋਂ ਕੀਤੀ ਗਈ। ਲੋੜਵੰਦ ਪਰਿਵਾਰ ਦੀ ਸ਼ਨਾਖਤ ਕਰਨ ਦਾ ਕਾਰਜ ਮਾਸਟਰ ਦਿਲਬਾਗ ਸਿੰਘ, ਸੁਭਾਸ਼ ਸ਼ਰਮਾ ਤੇ ਮਨਜੀਤ ਸਿੰਘ ਵੱਲੋਂ ਇਕੱਠੇ ਹੋ ਕੇ ਕੀਤਾ।

ਵੰਡ ਕਰਦੇ ਸਮੇਂ ਉਕਤ ਸੱਜਣਾਂ ਤੋਂ ਇਲਾਵਾ ਹੀਰਾ ਲਾਲ ਐਮ. ਸੀ., ਗੋਬਿੰਦ ਲਾਲ ਐਮ. ਸੀ., ਇੰਦਰਾ ਰਾਣੀ ਸੋਸ਼ਲ ਵਰਕਰ, ਊਸ਼ਾ ਰਾਣੀ, ਪ੍ਰਵੀਨ ਲਤਾ ਤੇ ਗੁਰਦੀਪ ਸਿੰਘ ਪੱਤਰਕਾਰ ਵੀ ਹਾਜ਼ਰ ਸਨ। ਜੋ ਪਰਿਵਾਰ ਮੰਦਰ ਪਹੁੰਚਣ ਦੀ ਸਮਰੱਥਾ ਨਹੀਂ ਰੱਖਦੇ ਸਨ, ਉਹਨਾਂ ਨੂੰ ਮਾਸਟਰ ਸੁਭਾਸ਼ ਸ਼ਰਮਾ, ਮਾਸਟਰ ਦਿਲਬਾਗ ਸਿੰਘ ਤੇ ਮਨਜੀਤ ਸਿੰਘ ਵਾਰਡ ਨੰ: 12 ਨੇ ਘਰ-ਘਰ ਜਾ ਕੇ ਪਹੁੰਚਾਏ।

ਇਸ ਵੰਡ ਦੌਰਾਨ ਹੋਰ ਵੀ ਕਈ ਲੋੜਵੰਦ ਪਰਿਵਾਰ ਸਾਹਮਣੇ ਆਏ। ਇਹ ਗੱਲ ਐਨ. ਆਰ. ਆਈ. ਮਾਸਟਰ ਸੰਤੋਖ ਸਿੰਘ ਗਿੱਲ ਨੇ ਫੋਨ ਤੇ ਦਿੱਤੀ। ਉਹਨਾਂ ਕਿਹਾ ਕਿ ਜਲਦੀ ਹੀ ਉਹਨਾਂ ਪਰਿਵਾਰਾਂ ਦੀ ਲੋੜ ਪੂਰੀ ਕੀਤੀ ਜਾਵੇਗੀ, ਜੋ ਹੋਰ ਲੋੜਵੰਦ ਪਾਏ ਗਏ ਹਨ।

# ਪਿਟਸਬਰਗ 'ਚ ਬਸਪਾ ਸਮਰਥਕਾਂ ਦੀ ਮੀਟਿੰਗ ਵਿਚ ਹੋਈਆਂ ਖੁੱਲ੍ਹ ਕੇ ਵਿਚਾਰਾਂ
































**ਪਿਟਸਬਰਗ (ਡੀ. ਡੀ. ਬੀ.)–** ਬਸਪਾ ਪੰਜਾਬ ਦੇ ਪ੍ਰਧਾਨ ਸ੍ਰੀ ਰਸ਼ਪਾਲ ਸਿੰਘ ਰਾਜੂ ਦੀ ਪ੍ਰਧਾਨਗੀ ਹੇਠ ਹੋਈ ਬਸਪਾ ਸਮਰਥਕਾਂ ਦੀ ਇਕ ਵਿਸ਼ੇਸ਼ ਮੀਟਿੰਗ, ਜੋ ਮਹਿਰਾਨ ਰੈਸਟੋਰੈਂਟ ਪਿਟਸਬਰਗ (ਕੈਲੇਫੋਰਨੀਆ) 'ਚ 19 ਨਵੰਬਰ ਨੂੰ ਹੋਈ, 'ਚ ਬੋਲਦਿਆਂ ਕਿਹਾ ਕਿ ਬਸਪਾ 2019 ਵਿਚ ਆਉਣ ਵਾਲੀਆਂ ਚੋਣਾਂ ਲਈ ਹੁਣ ਤੋਂ ਹੀ ਤਿਆਰੀਆਂ ਵਿਚ ਹੈ ਤੇ ਪਿੰਡ-ਪਿੰਡ ਜਾ ਕੇ ਕਾਡਰ ਕੈਂਪ ਲਗਾ ਕੇ ਬਹੁਜਨ ਸਮਾਜ 'ਚ ਜਾਗਰੂਕਤਾ ਲਿਆਵੇਗੀ।

ਉਹਨਾਂ ਬਸਪਾ ਦੀ ਰਾਸ਼ਟਰੀ ਪ੍ਰਧਾਨ ਭੈਣ ਮਾਇਆਵਤੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹਨਾਂ ਇਹ ਫੈਸਲਾ ਕਰ ਲਿਆ ਹੈ ਕਿ ਭਾਜਪਾ ਨੂੰ ਮੁੜ ਕੇਂਦਰ 'ਚ ਰੋਕਣ ਲਈ ਹਮ ਖਿਆਲੀ ਰਾਜਨੀਤਿਕ ਪਾਰਟੀਆਂ ਨਾਲ ਚੋਣ ਸਮਝੌਤੇ ਵੀ ਕਰੇਗੀ ਅਤੇ ਉਤਰ ਪ੍ਰਦੇਸ਼ ਅੰਦਰ ਮੁੜ ਬਸਪਾ ਦੀ ਸਰਕਾਰ ਬਣਾਵਾਂਗੇ।

ਇਸ ਦੇ ਨਾਲ ਹੀ ਪੰਜਾਬ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਇੱਥੇ ਵੀ ਸਮੇਂ ਮੁਤਾਬਕ ਆਪਣੀ ਸਰਕਾਰ ਬਣਾਉਣ ਲਈ ਹੋਰਨਾਂ ਪਾਰਟੀਆਂ ਨਾਲ ਰਾਜਨੀਤਿਕ ਤਾਲਮੇਲ ਨਾਲ ਚੋਣਾਂ ਲੜਾਂਗੇ। ਆਪਣੇ ਭਾਸ਼ਣ ਉਪਰੰਤ ਉਹਨਾਂ ਕਿਹਾ ਕਿ ਕੋਈ ਵੀ ਆਪਣੇ ਵਿਚਾਰ ਰੱਖ ਸਕਦਾ ਹੈ ਅਤੇ ਸਵਾਲ ਵੀ ਕਰ ਸਕਦਾਹੈ। ਸਟੇਜ ਦੀ ਸੇਵਾ ਸੰਭਾਲਦਿਆਂ ਸ੍ਰੀ ਦਸ਼ਵਿੰਦਰ ਪਾਲ ਨੇ ਜਿੱਥੇ ਆਪਣੇ ਵਿਚਾਰ ਰੱਖੇ, ਉਥੇ ਉਹਨਾਂ ਵੱਖ ਵੱਖ ਬੁਲਾਰੇ/ ਸਵਾਲ ਕਰਤਾ ਨੂੰ ਸੱਦਾ ਦਿੱਤਾ, ਜਿਹਨਾਂ ਵਿਚ ਬੀਬੀ ਜੀਨਾ ਭਾਟੀਆ ਤੋਂਇਲਾਵਾ ਸਰਵਸ਼੍ਰੀ ਹਰਬਲਾਸ ਸਿੰਘ ਝਿੰਗੜ, ਅਮਰ ਦੜੌਚ, ਸੋਨੂੰ ਅੰਬੇਦਕਰ, ਆਰ. ਕੇ. ਰਾਹੁਲ, ਪ੍ਰੇਮ ਕੁਮਾਰ ਚੁੰਬਰ, ਮੱਖਣ ਲੁਹਾਰ, ਪਲਵਿੰਦਰ ਮਾਹੀ ਆਦਿ ਦੇ ਨਾਂ ਵਰਣਨਯੋਗ ਹਨ। ਜਿਹਨਾਂ ਦੇ ਸਵਾਲਾਂ ਦੇ ਜਵਾਬ ਪ੍ਰਧਾਨ ਸ੍ਰੀ ਰਸ਼ਪਾਲ ਸਿੰਘ ਰਾਜੂ ਨੇ ਵਾਰੋ-ਵਾਰੀ ਦਿੱਤੇ।

ਅੱਜ ਦੀ ਇਸ ਮੀਟਿੰਗ ਤੋਂ ਪਹਿਲਾਂ ਸ੍ਰੀ ਰਸ਼ਪਾਲ ਸਿੰਘ ਰਾਜੂ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੋਏ ਤੇ ਦੋ ਸ਼ਬਦ ਸੰਗਤਾਂ ਨਾਲ ਵੀ ਸਾਂਝੇ ਕੀਤੇ।

## 6 ਦਸੰਬਰ ਸੰਕਲਪ

# ਕ੍ਰਾਂਤੀ ਅਤੇ ਉਲਟ ਕ੍ਰਾਂਤੀ ਦੇ ਪੁੜਾਂ ਵਿਚ ਦਲਿਤ ਸਮਾਜ



ਕੇ. ਸੀ. ਸੁਲੇਖ
0172-4623503

ਬਾਬਾ ਸਾਹਿਬ ਅੰਬੇਡਕਰ 6 ਦਸੰਬਰ 1956 ਨੂੰ ਸਾਥੋਂ ਸਰੀਰਕ ਰੂਪ ਵਿਚ ਜੁਦਾ ਹੋ ਗਏ। ਉਹਨਾਂ ਦਾ ਵਿਛੋੜਾ ਸਮਾਜ ਲਈ ਇਕ ਅਸਹਿ ਸਦਮਾ ਸੀ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ। ਉਹ ਆਪਣੇ ਪਿੱਛੇ ਵਿਰਾਸਤ ਵਜੋਂ ਕ੍ਰਾਂਤੀਕਾਰੀ ਵਿਚਾਰਾਂ ਦਾ ਅਨਮੋਲ ਖ਼ਜ਼ਾਨਾ ਹੀ ਨਹੀਂ ਸਗੋਂ ਦਲਿਤ ਸ਼ੋਸ਼ਿਤ ਸਮਾਜ ਲਈ ਚੁਣੌਤੀ ਭਰੇ ਸੰਦੇਸ਼ ਵੀ ਛੱਡ ਗਏ ਹਨ। ਪ੍ਰੀਨਿਰਵਾਣ ਦਿਨ ਤੇ ਉਹਨਾਂ ਸੰਦੇਸ਼ਾਂ ਨੂੰ ਸਮਝਣਾ ਅਤੇ ਉਹਨਾਂ ਨੂੰ ਸਾਕਾਰ ਕਰਨਾ ਹੀ ਉਹਨਾਂ ਨੂੰ ਸਹੀ ਸ਼ਰਧਾਂਜਲੀ ਹੋਵੇਗੀ।

20ਵੀਂ ਸਦੀ ਵਿਚ ਦਲਿਤ ਸਮਾਜ ਵਿਚ ਆਈ ਨਵ-ਚੇਤਨਾ ਲਹਿਰ ਆਉਣ, ਬਾਅਦ ਵਿਚ ਭਾਰਤ ਨੂੰ ਰਾਜਨੀਤਿਕ ਗੁਲਾਮੀ ਮਿਲਣ ਅਤੇ ਆਜ਼ਾਦ ਭਾਰਤ ਦੇ ਨਵੇਂ ਸੰਵਿਧਾਨ ਲਾਗੂ ਹੋਣ ਉਪਰੰਤ ਇਸ ਸਮਾਜ ਵਿਚ ਜੋ ਨਵੇਂ ਖੁਸ਼ਹਾਲ ਭਵਿੱਖ ਦੀਆਂ ਆਸਾਂ ਪੈਦਾ ਹੋ ਗਈਆਂ ਸਨ, ਲੱਗਦਾ ਹੈ ਕਿ ਉਹਨਾਂ ਦਾ ਫਿਰ ਤੋਂ ਦਲਿਤ ਦੁਸ਼ਮਣ ਤਾਕਤਾਂ ਦੁਆਰਾ ਗਲਾ ਘੋਟਣ ਦੇ ਹਾਲਾਤ ਬਣ ਗਏ ਹਨ/ਬਣ ਰਹੇ ਹਨ। ਬਾਬਾ ਸਾਹਿਬ ਦੀ ਕ੍ਰਾਂਤੀਕਾਰੀ ਅਗਵਾਈ ਵਿਚ ਬਣੇ ਸੰਵਿਧਾਨ ਦੀ ਬਦੌਲਤ ਜੋ ਦਲਿਤ ਲੋਕਾਂ ਦੇ ਜੀਵਨ ਵਿਚ ਕੁਝ ਤਬਦੀਲੀਆਂ ਦਿਖਣ ਲੱਗੀਆਂ ਹਨ, ਉਹ ਵੀ ਉਹਨਾਂ ਲੋਕਾਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਈਆਂ ਹਨ ਅਤੇ ਜੇ ਹੋ ਸਕਿਆ ਤਾਂ ਫਿਰ ਤੋਂ ਉਹਨਾਂ ਨੂੰ ਮੰਨੂ ਯੁੱਗ ਦੀਆਂ ਹਨੇਰੀਆਂ ਗਲੀਆਂ ਵਿਚ ਸੁੱਟੇ ਜਾਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਦੂਜੇ ਸ਼ਬਦਾਂ ਵਿਚ ਜੇ ਅਸੀਂ ਇਸ 21ਵੀਂ ਸਦੀ ਵਿਚ ਦਲਿਤਾਂ ਦੇ ਹਵਾਲੇ ਨਾਲ ਹੋ ਰਹੇ ਘਟਨਾ ਚੱਕਰ ਦਾ ਦੋ ਸਦੀ ਈਸਾ ਪੂਰਵ ਵਿਚ ਹੋਈ ਉਲਟ ਕ੍ਰਾਂਤੀ ਨਾਲ ਮੁਕਾਬਲਾ ਕਰ ਦਿੰਦੇ ਹਨ ਤਾਂ ਸ਼ਾਇਦ ਕੁਝ ਗਲਤ ਨਹੀਂ ਹੋਵੇਗਾ ਜਦ ਬੁੱਧ ਕ੍ਰਾਂਤੀ ਦੇ ਪ੍ਰਤੀਕ ਮੌਰੀਆ ਰਾਜਾ ਬ੍ਰਹਦਰਥ ਨੂੰ ਉਸ ਦੇ ਬ੍ਰਾਹਮਣ ਸੈਨਾ ਮੁਖੀ ਪੁਸ਼ਿਆ ਮਿੱਤਰ ਸ਼ੁੰਗ ਨੇ ਕਤਲ ਕਰਨ ਉਪਰੰਤ ਦੇਸ਼ ਵਿਚ ਫਿਰ ਤੋਂ ਬ੍ਰਾਹਮਣੀ ਰਾਜ ਸਥਾਪਤ ਕਰ ਦਿੱਤਾ ਸੀ ਅਤੇ ਉਸ ਨੂੰ ਸਦਾ ਜੀਵਤ ਰੱਖਣ ਲਈ ਨਾ ਕੇਵਲ ਬੁੱਧ ਭਿਖਸ਼ੂਆਂ ਨੂੰ ਲੱਭ-ਲੱਭ ਕੇ ਉਹਨਾਂ ਦਾ ਕਤਲ ਕੀਤਾ, ਬੁੱਧ ਵਿਹਾਰਾਂ, ਮੱਠਾਂ, ਆਸ਼ਰਮਾਂ, ਪੁਸਤਕ ਘਰਾਂ ਨੂੰ ਨਸ਼ਟ ਭ੍ਰਸ਼ਟ ਕੀਤਾ ਸਗੋਂ ਉਹਨਾਂ ਦੀ ਜਗ੍ਹਾ ਆਪਣੇ ਮੰਦਰ ਮੱਠਾਂ ਦੇ ਨਿਰਮਾਣ ਦੇ ਨਾਲ ਨਾਲ ਬ੍ਰਾਹਮਣੀ ਧਰਮ ਸ਼ਾਸਤਰਾਂ ਰਮਾਇਣ, ਮਹਾਂਭਾਰਤ, ਗੀਤਾ, ਸਮ੍ਰਿਤੀਆਂ ਆਦਿ ਦਾ ਸਾਹਿਤ ਭੰਡਾਰ ਵੀ ਖੜ੍ਹਾ ਕਰ ਦਿੱਤਾ। ਜੇ ਵੇਦਾਂ ਵਿਚ ਚਾਰ ਵਰਨਾਂ ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ ਦੀ ਉਤਪਤੀ ਦਾ ਲੇਖ ਅਤੇ ਗੀਤਾਂ ਵਿਚ ਚਾਰ ਵਰਨਾਂ ਦੀ ਉਤਪਤੀ ਦੇ ਨਾਲ-ਨਾਲ ਉਹਨਾਂ ਨਾਲ ਕੰਮ ਧੰਦੇ ਨਿਰਧਾਰਿਤ ਕਰਨ ਦੇ ਆਦੇਸ਼ ਹਨ ਤਾਂ ਮੰਨੂ ਰਚਿਤ ਸਮ੍ਰਿਤੀ ਵਿਚ ਅਜਿਹੇ ਆਦੇਸ਼ਾਂ-ਨਿਰਦੇਸ਼ਾਂ ਨੂੰ ਦੇਸ਼ ਵਿਚ ਲਾਗੂ ਕਰਨ ਲਈ ਉਸ ਨੂੰ ਦੰਡ ਸੰਘਤਾ ਦਾ ਰੂਪ ਦੇ ਦਿੱਤਾ ਜੋ ਅੱਜ ਤੱਕ ਹਿੰਦੂ ਮਨ-ਮਸਤਕ 'ਤੇ ਬੈਠਾ ਰਾਜ ਕਰ ਰਿਹਾ ਹੈ ਅਤੇ ਜਿਸ ਦਾ ਵਿਹਾਰ ਯੁੱਗਾਂ-ਯੁੱਗਾਂ ਤੋਂ ਨਿਰਵਿਘਨ ਚਲਦਾ ਆ ਰਿਹਾ ਹੈ। ਇਸ ਸਰਾਪ ਨਾਲ ਜੋ ਤਬਕਾ ਸਭ ਤੋਂ ਵੱਧ ਸਰਾਪ ਗ੍ਰਸਤ ਰਿਹਾ ਹੈ, ਉਹ ਇਹੀ ਦਲਿਤ (ਅਛੂਤ) ਵਰਗ ਹੈ।

ਦੇਖਿਆ ਜਾਵੇ ਤਾਂ ਇਹ ਮੰਨੂ ਵਾਦਿਤਾ ਇਸ ਹਿੰਦੂ ਕੌਮ ਦੀ ਸਭ ਤੋਂ ਵੱਡੀ ਤਾਕਤ ਵੀ ਕਹੀ ਜਾ ਸਕਦੀ ਹੈ ਅਤੇ ਸਭ ਤੋਂ ਵੱਡੀ ਦੁਸ਼ਮਣ ਵੀ। ਤਾਕਤ ਇਸ ਲਈ ਕਿ ਖੁਦ ਡਾ. ਰਾਧਾ ਕ੍ਰਿਸ਼ਨਨ ਦੇ ਕਥਨ ਅਨੁਸਾਰ ਹਿੰਦੂ ਵਿਊ ਆਫ਼ ਲਾਈਫ ਬਾਹਰਲੇ ਸੈਂਕੜੇ ਧਾੜਵੀਆਂ ਦੇ ਹਮਲਿਆਂ ਦੇ ਬਾਵਜੂਦ ਉਹਨਾਂ ਦੀ ਹਿੰਦੂ ਸੱਭਿਅਤਾ ਅਤੇ ਸੰਸਕ੍ਰਿਤੀ ਉਵੇਂ ਜਿਵੇਂ ਜੀਵਤ ਹੈ, ਜਿਹਾ ਕਿ ਅੱਲਾਮਾ ਇਕਬਾਲ ਨੇ ਵੀ ਆਪਣੀ ਨਜ਼ਮ 'ਤਰਾਨਾ-ਏ-ਹਿੰਦੀ' ਵਿਚ ਪ੍ਰੋੜ੍ਹਤਾ ਕੀਤੀ:-

ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ
ਸਦੀਓਂ ਰਹਾ ਹੈ ਦੁਸ਼ਮਣ ਦੌਰ-ਏ-ਜ਼ਮਾਂ ਹਮਾਰਾ।

(1. ਹੋਂਦ, 2. ਸਮੇਂ ਦਾ ਚੱਕਰ)। ਇਸ ਸ਼ੇਅਰ ਵਿਚ ਵਰਤੇ ਗਏ ਸ਼ਬਦਾਂ 'ਕੁਛ ਬਾਤ ਹੈ' ਤੋਂ ਅੱਲਾਮਾ ਦਾ ਮਤਲਬ ਸ਼ਾਇਦ ਮੰਨੂ ਵਾਦਿਤਾ ਹੀ ਹੋਵੇਗਾ। ਦੁਸ਼ਮਣ ਇਸ ਲਈ ਕਿ ਇਹ ਕੇਵਲ ਅਤੇ ਕੇਵਲ ਇਸ ਮੰਨੂ ਵਾਦਿਤਾ ਦਾ ਹੀ ਦੁਸ਼ ਪ੍ਰਭਾਵ ਹੈ ਕਿ ਦੇਸ਼ ਹਜ਼ਾਰਾਂ ਸਾਲ ਵਿਦੇਸ਼ੀ ਧਾੜਵੀਆਂ ਦਾ ਗੁਲਾਮ ਰਿਹਾ। ਜਿਸ ਕਿਸੇ ਵੀ ਯੂਨਾਨੀ, ਈਰਾਨੀ, ਅਫਗਾਨੀ ਜਾਂ ਮੰਗੋਲੀ ਲੁਟੇਰੇ ਦੇ ਮਨ ਵਿਚ ਆਇਆ ਉਸ ਨੇ ਭਾਰਤ 'ਤੇ ਚੜ੍ਹਾਈ ਕਰ ਦਿੱਤੀ। ਕਤਲ, ਮਾਰਧਾੜ ਕਰਕੇ ਨਾ ਕੇਵਲ ਮੰਦਰਾਂ ਨੂੰ ਢਹਿ ਢੇਰੀ ਕੀਤਾ ਅਤੇ ਸੋਨੇ ਚਾਂਦੀ ਹੀਰੇ ਜਵਾਹਰਾਂ ਦੇ ਢੇਰਾਂ ਦੇ ਢੇਰ ਲੁੱਟੇ, ਸਗੋਂ ਜਾਣ ਲੱਗਿਆਂ ਆਪਣੇ ਨਾਲ ਘਰ ਵੇਚਣ ਲਈ ਇੱਥੋਂ ਦੇ ਮਰਦਾਂ-ਔਰਤਾਂ ਨੂੰ ਵੀ ਲੈ ਗਏ। ਇਤਿਹਾਸਕਾਰਾਂ ਦੇ ਅਨੁਸਾਰ ਜਦ ਉਹ ਲੁਟੇਰੇ ਧਾੜਵੀ ਥੋੜ੍ਹੀ ਹੀ ਗਿਣਤੀ ਵਿਚ ਘੋੜ ਸਵਾਰ ਪਿੰਡਾਂ, ਸ਼ਹਿਰਾਂ ਨੂੰ ਪੈਰਾਂ ਥੱਲੇ ਮਿੱਧ ਰਹੇ ਸਨ, ਉਹਨਾਂ ਦਾ ਕਿਸੇ ਨੇ ਵੀ ਇਕੱਠੇ ਹੋ ਕੇ ਮੁਕਾਬਲਾ ਨਹੀਂ ਕੀਤਾ। ਕਿਸਾਨ ਆਪਣੇ ਖੇਤਾਂ ਵਿਚ ਉਵੇਂ ਜਿਵੇਂ ਹਲ ਚਲਾ ਰਹੇ ਸਨ, ਗਰੀਬ ਲੋਕ ਆਪਣੇ ਬਾਲ ਬੱਚਿਆਂ ਅਤੇ ਡੰਗਰਾਂ ਨੂੰ ਘਰਾਂ ਵਿਚ ਬੰਦ ਕਰਕੇ ਆਪਣੀ ਜਾਨ ਬਚਾ ਰਹੇ ਸਨ। (ਮਜੁਮਦਾਰ) ਅੱਜ ਦੇ ਰਾਸ਼ਟਰ ਵਾਦਿਤਾ ਦਾ ਰਾਗ ਅਲਾਪਣ ਵਾਲੇ ਗਲਾ ਪਾੜ ਨੇਤਾ ਲੋਕਾਂ ਨੇ ਕੀ ਕਦੇ ਜਾਨਣ ਦੀ ਕੋਸ਼ਿਸ਼ ਕੀਤੀ ਕਿ ਉਹਨਾਂ ਸ਼ਰਮਨਾਕ ਹਾਰਾਂ ਅਤੇ ਸ਼ਰਮਨਾਕ ਈਣਤਾਈ ਦਾ ਕਾਰਨ ਕੀ ਸੀ? ਕੀ ਇਹ ਇਹੀ ਮੰਨੂ ਵਾਦਿਤਾ ਨਹੀਂ ਸੀ ਜਿਸ ਨੇ ਦੇਸ਼ ਵਾਸੀਆਂ ਨੂੰ ਜਾਤਾਂ/ਵਰਗਾਂ ਵਿਚ ਵੰਡ ਕੇ ਦੁਸ਼ਮਣ ਦਾ ਮੁਕਾਬਲਾ ਕਰਨ ਜੋਗਾ ਵੀ ਨਹੀਂ ਛੱਡਿਆ? ਫਿਰ ਕੀ ਇਹਨਾਂ ਲੋਕਾਂ ਨੇ ਉਸ ਦਮਨਕਾਰੀ ਦੌਰ ਤੋਂ ਕੋਈ ਸਬਕ ਸਿੱਖਿਆ? ਦੁੱਖ ਅਤੇ ਅਫਸੋਸ ਦੀ ਗੱਲ ਹੈ ਕਿ ਸਬਕ ਲੈਣਾ ਤਾਂ ਇਕ ਪਾਸੇ ਆਰ. ਐਸ. ਐਸ. (ਸੰਘ) ਦੀ ਕਮਾਨ ਹੇਠ ਚੱਲ ਰਹੀ ਅੱਜ ਦੀ ਮੋਦੀ ਸਰਕਾਰ ਉਸੇ ਵਰਨ ਧਰਮ ਵਿਵਸਥਾ ਨੂੰ ਮੁੜ ਸੁਰਜੀਤ ਕਰਨ ਤੇ ਆ ਗਈ ਹੈ।

1998 ਵਿਚ ਬਣੀ ਵਾਜਪਾਈ ਸਰਕਾਰ ਦੀਆਂ ਨੀਤੀਆਂ ਨੂੰ ਭਾਜਪਾ (ਸੰਘ) ਦਾ ਗੁਪਤ ਏਜੰਡਾ ਕਿਹਾ ਜਾਂਦਾ ਸੀ ਲੇਕਿਨ ਹੁਣ ਮੋਦੀ ਰਾਜ ਵਿਚ ਉਹ ਬਗ਼ਲ ਵਿਚ ਛੁਪਾਈ ਛੁਰੀ ਸਾਰੀ ਦੀ ਸਾਰੀ ਸਾਹਮਣੇ ਬਹਾਰ ਆ ਗਈ ਹੈ। ਹੁਣ ਡਰ ਕਿਸ ਤੋਂ? ਵਾਜਪਾਈ ਦੇ ਮੁਕਾਬਲੇ ਹੁਣ ਮੋਦੀ ਕੋਲ ਸੰਸਦ ਵਿਚ ਮੁਕੰਮਲ ਬਹੁਮਤ ਹੈ। ਹੁਣ ਇਸ ਸਰਕਾਰ ਦੇ ਸਾਹਮਣੇ ਜੇ ਕੋਈ ਕਰਨ ਵਾਲਾ ਕੰਮ ਜਾਂ ਕਾਰਜ ਕਰਮ ਹੈ ਤਾਂ ਉਹ ਜਿੰਨੀ ਛੇਤੀ ਹੋ ਸਕੇ ਸ਼ਾਸਤਰਾਂ ਆਧਾਰਿਤ ਸ਼ੁੱਧ ਹਿੰਦੂ ਰਾਜ ਸਥਾਪਤ ਕਰਨਾ ਹੈ, ਜਿਸ ਦਾ ਸਭ ਭਾਰਤ ਵਾਸੀਆਂ ਨੂੰ ਹਿੰਦੂ ਐਲਾਨ ਕੇ ਸੰਘ ਮੁਖੀ ਮੋਹਨ ਭਾਗਵਤ ਨੇ ਬਿਗਲ ਵੀ ਵਜਾ ਦਿੱਤਾ ਹੈ। ਦੂਜੇ ਲੋਕ ਮੁਸਲਮਾਨ, ਈਸਾਈ, ਸਿੱਖ, ਬੋਧੀ ਜਾਂ ਪਾਰਸੀ ਆਪਣੇ-ਆਪਣੇ ਧਰਮ ਗ੍ਰੰਥ ਹੱਥ ਵਿਚ ਫੜ ਕੇ ਸੌ ਵਾਰ ਚੀਕਾਂ ਮਾਰਦੇ ਰਹਿਣ, ਕੌਣ ਸੁਣਦਾ ਹੈ। ਇਸ ਨਵੇਂ ਯੁੱਗ (ਮੋਦੀ ਜੀ ਦੇ ਨਿਊ ਇੰਡੀਆ) ਵਿਚ ਇਤਿਹਾਸ ਨੂੰ ਨਵੇਂ ਸਿਰਿਉਂ ਲਿਖਣ/ਰਚਣ ਦਾ ਕੰਮ ਸ਼ੁਰੂ ਵੀ ਹੋ ਗਿਆ ਹੈ। ਦੀਨਾ ਨਾਥ ਬੱਤਰਾ ਜਿਹੇ ਹਿੰਦੁਤਵੀ ਵਿਦਵਾਨਾਂ ਨੇ ਕੰਮ ਹੱਥ ਵਿਚ ਲੈਂਦੇ ਸਾਰ ਹੀ ਮਿਥਿਹਾਸ ਨੂੰ ਇਤਿਹਾਸ ਵਿਚ ਬਦਲਣ ਦਾ ਕੰਮ ਕਰੀਬ ਕਰੀਬ ਪੂਰਾ ਵੀ ਕਰ ਲਿਆ ਹੈ। ਜਿਹਨਾਂ ਪੁਰਾਣਾਂ ਜਿਹੀਆਂ ਪੋਥੀਆਂ ਵਿਚ ਦਰਜ ਕਥਾ-ਕਹਾਣੀਆਂ ਨੂੰ ਕਾਲਪਨਿਕ (ਗੱਪਾਂ) ਕਹਿ ਕੇ ਨਕਾਰ ਦਿੱਤਾ ਜਾਂਦਾ ਸੀ। ਬਲਕਿ ਜਿਹਨਾਂ ਦਾ ਇਸ ਵਿਗਿਆਨਕ ਯੁੱਗ ਵਿਚ ਵਾਪਰਨਾ ਹੀ ਮੁਮਕਿਨ ਨਹੀਂ ਅਤੇ ਅਕੱਲ ਦਲੀਲ ਤੋਂ ਪਰ੍ਹੇ ਹੈ। ਉਹਨਾਂ ਨੂੰ ਅੱਜ ਦੇ ਨਵੀਨਤਮ ਉਪਕਰਨਾਂ ਦੀ ਸਹਾਇਤਾ ਨਾਲ ਸੱਚ ਕਰਕੇ ਦਿਖਾਇਆ ਜਾਂਦਾ ਹੈ।



ਕਿਸੇ ਜੰਗਲ ਵਿਚ ਪਏ ਪੱਥਰ ਨੂੰ ਟੀ. ਵੀ. 'ਤੇ ਦਿਖਾ ਕੇ ਦੱਸਿਆ ਜਾਂਦਾ ਹੈ ਕਿ ਇੱਥੇ ਸੀਤਾ ਮਾਤਾ ਕੱਪੜੇ ਧੋਇਆ ਕਰਦੀ ਸੀ। ਕਿਸੇ ਬਗੀਚੇ ਨੂੰ ਅਸ਼ੋਕ ਵਾਟਿਕਾ ਦਾ ਨਾਮ ਦੇ ਕੇ ਕਿਹਾ ਜਾਂਦਾ ਹੈ ਕਿ ਇੱਥੇ ਸੀਤਾ ਜੀ ਰਾਵਣ ਦੀ ਕੈਦ ਵਿਚ ਰਹਿੰਦੇ ਹੋਏ ਰਾਮਦੂਤ ਹਨੂੰਮਾਨ ਨੂੰ ਮਿਲੀ ਸੀ। ਇੱਥੋਂ ਤੱਕ ਕਿ ਇਹ ਵੀ ਦਾਅਵਾ ਹੋਣ ਲੱਗ ਪਿਆ ਹੈ ਕਿ ਲੰਕਾ ਵਿਚ ਕਿਸੇ ਕਿਲ੍ਹੇ ਵਿਚ ਰਾਵਣ ਦੀ ਮੰਮੀ ਹਾਲੇ ਤੱਕ ਮੌਜੂਦ ਹੈ। ਕਿਸੇ ਜੰਗਲ ਵਿਚ ਇਕ ਖੰਡਰ ਦਿਖ ਰਹੇ ਸੁਰੰਗ ਬਾਰੇ ਟੀ. ਵੀ. ਤੇ ਕਿਹਾ ਗਿਆ ਕਿ ਜਦ ਮਹਾਂਭਾਰਤ ਦੇ ਪਾਂਡਵ ਭਰਾਵਾਂ ਨੂੰ ਲਾਖ ਘਰ ਬਣਾ ਕੇ ਉਸ ਵਿਚ ਸਾੜਨ ਦਾ ਛੜਯੰਤਰ ਰਚਿਆ ਗਿਆ ਸੀ ਤਾਂ ਉਹ ਇਸੇ ਸੁਰੰਗ ਥਾਣੀਂ ਬਚ ਕੇ ਨਿਕਲ ਗਏ ਸਨ, ਜਿਹੜੀ ਵਿਦਰ ਨੇ ਇਕ ਦਿਨ ਪਹਿਲਾਂ ਹੀ ਤਿਆਰ ਕਰ ਦਿੱਤੀ ਸੀ। ਇਕ ਤਲਾਬ ਵਿਚ ਇਕ ਪੱਥਰ (?) ਨੂੰ ਤਰਦਾ ਦਿਖਾ ਕੇ ਕਿਹਾ ਗਿਆ ਕਿ ਇਹ ਉਹੀ ਪੱਥਰ ਹੈ, ਜਿਹਨਾਂ ਨਾਲ ਰਾਮ ਸੈਨਾ ਨੂੰ ਲੰਕਾ ਜਾਣ ਲਈ ਸਮੁੰਦਰ ਤੇ ਪੁਲ ਬਣਾਇਆ ਸੀ। ਹੋਰ ਤਾਂ ਹੋਰ ਸਾਡੀ ਵਰਤਮਾਨ ਸਰਕਾਰ ਦੇ ਮੁਖੀ ਪ੍ਰਧਾਨ ਮੰਤਰੀ ਮੋਦੀ ਜੀ ਜਨਵਰੀ 2016 ਨੂੰ ਇੰਡੀਅਨ ਸਾਇੰਸ ਕਾਂਗਰਸ ਦੇ ਸੰਮੇਲਨ ਵਿਚ ਇਹ ਕਹਿੰਦੇ ਹੋਏ ਅੱਗਾ ਪਿੱਛਾ ਨਹੀਂ ਦੇਖਦੇ ਕਿ ਪ੍ਰਾਚੀਨ ਵੈਦਿਕ ਕਾਲ ਵਿਚ ਸਾਡੇ ਰਿਸ਼ੀਆਂ/ਵਿਦਵਾਨਾਂ ਕੋਲ ਹਵਾਈ ਜਹਾਜ਼ ਬਣਾਉਣ/ਉਡਾਉਣ ਦੀ ਵਿੱਦਿਆ ਅਤੇ ਕੱਟੇ ਹੋਏ ਸਿਰ ਨੂੰ ਧੜ ਨਾਲ ਜੋੜਨ ਅਤੇ ਮੁਰਦਾ ਸਰੀਰ ਨੂੰ ਜਿਉਂਦਾ ਕਰਨ ਦੀ ਸਰਜਰੀ ਆਦਿ ਦਾ ਗਿਆਨ ਅਤੇ ਵਿਦਿਆ ਵੀ ਸੀ। ਅਜਿਹੇ ਗੈਰ ਵਿਗਿਆਨਕ ਮਾਹੌਲ ਵਿਚ ਇਸ ਕਾਨਫਰੰਸ ਵਿਚ ਸ਼ਾਮਲ ਹੋਏ ਭਾਰਤ ਵਿਚ ਜਨਮੇ ਨੋਬਲ ਇਨਾਮ ਜੇਤੂ ਅਮਰੀਕਾ ਸਾਇੰਸਦਾਨ ਵੈਂਕਟਾ ਰਾਮ ਕ੍ਰਿਸ਼ਨ ਨੇ ਇਹ ਕਹਿ ਕੇ ਇਸ ਕਾਨਫਰੰਸ ਦਾ ਬਾਈਕਾਟ ਕਰ ਦਿੱਤਾ ਕਿ 'ਇਹ ਸਾਇੰਸ ਕਾਨਫਰੰਸ ਹੈ ਕਿ ਜਾਨਵਰਾਂ ਦੀ ਸਰਕਸ?' ਇਹ ਭਾਰਤ ਦੇ ਵਿਗਿਆਨੀਆਂ ਦੇ ਸ਼ਰਮ ਨਾਲ ਡੁੱਬ ਮਰਨ ਦੀ ਗੱਲ ਸੀ ਪਰ ਉਹਨਾਂ ਦਾ ਵੀ ਕੀ ਦੋਸ਼? ਉਹਨਾਂ ਨੇ ਤਾਂ ਮੌਕੇ ਦੇ ਹਾਕਮਾਂ ਨੂੰ ਕਿਸੇ ਵੀ ਕੀਮਤ 'ਤੇ ਖੁਸ਼ ਰੱਖਣਾ ਹੁੰਦਾ ਹੈ ਅਤੇ ਪ੍ਰਧਾਨ ਮੰਤਰੀ ਜੀ ਦਾ ਉਦੇਸ਼ ਹਿੰਦੂ ਪ੍ਰਾਚੀਨ ਸੱਭਿਅਤਾ ਅਤੇ ਸੰਸਕ੍ਰਿਤੀ ਨੂੰ ਮਹਿਮਾ ਮੰਡਿਤ ਕਰਨਾ। ਉਹ ਚੋਣਾਂ ਦੇ ਸਬੰਧ ਵਿਚ ਜਾਂ ਕਿਸੇ ਪ੍ਰਾਜੈਕਟ ਦਾ ਉਦਘਾਟਨ ਕਰਨ ਲਈ ਕਿਸੇ ਵੀ ਸ਼ਹਿਰ ਵਿਚ ਜਾਣ ਉਹ ਉਥੇ ਦੇ ਕਿਸੇ ਵੀ ਹਿੰਦੂ ਦੇਵੀ ਦੇਵਤੇ ਦੇ ਮੰਦਰ ਵਿਚ ਜਾ ਕੇ ਕਈ-ਕਈ ਘੰਟੇ ਪੂਜਾ ਅਰਚਣਾ ਆਰਤੀਆਂ ਕਰਨੋਂ ਨਹੀਂ ਭੁੱਲਦੇ। ਜਿੱਥੇ ਪੁਲਿਸ ਬੰਦੋਬਸਤ ਕਰਕੇ ਟ੍ਰੈਫਿਕ ਬੰਦ ਅਤੇ ਉਸ ਜਗ੍ਹਾ ਕਰਫਿਊ ਜਿਹੀ ਪਾਬੰਦੀ ਲੱਗ ਜਾਂਦੀ ਹੈ। ਕੀ ਭਾਰਤ ਜਿਹੇ ਸੈਕੂਲਰ (ਧਰਮ ਨਿਰਪੱਖ) ਦੇਸ਼ ਦੇ ਪ੍ਰਧਾਨ ਮੰਤਰੀ ਦਾ ਇਹੋ ਜਿਹਾ ਇਕ ਹੀ ਧਰਮ ਨੂੰ ਸਰਕਾਰੀ ਖਰਚੇ 'ਤੇ ਮਹਿਮਾ ਮੰਡਿਤ ਕਰਨਾ ਉਹਨਾਂ ਦੇ ਸੰਵਿਧਾਨਕ ਜ਼ਿੰਮੇਵਾਰੀਆਂ/ ਕਰਤੱਵਾਂ ਦਾ ਹਿੱਸਾ ਹੈ? ਅਜਿਹੀ ਆਸਥਾ ਅਤੇ ਵਿਸ਼ਵਾਸਾਂ ਨੂੰ ਆਪਣੀ ਵਿਚਾਰਧਾਰਾ ਬਣਾ ਕੇ ਉਸ ਦਾ ਆਚਰਣ ਕਰਨਾ ਵਿਅਕਤੀਗਤ ਜੀਵਨ ਵਿਚ ਤਾਂ ਸਮਝਿਆ ਜਾ ਸਕਦਾ ਹੈ ਪਰ ਉਸ ਨੂੰ ਸ਼ਾਸਨ ਵਿਧੀ ਬਣਾ ਕੇ ਦੇਸ਼ ਦੇ ਸ਼ਾਸਨ ਪ੍ਰਸ਼ਾਸਨ 'ਤੇ ਜ਼ੋਰ ਜ਼ਬਰਦਸਤੀ ਲਾਗੂ ਕਰਨਾ ਕਿਹੜੇ ਸੰਵਿਧਾਨਕ ਸਿਧਾਂਤਾਂ ਅਤੇ ਲੋਕਤੰਤਰੀ ਮਰਿਆਦਾਵਾਂ ਨੇੜੇ-ਤੇੜੇ ਵੀ ਢੁੱਕਦਾ ਹੈ? ਜਿਸ ਧੜੱਲੇ ਨਾਲ ਸੰਘ ਦੀਆਂ ਨੀਤੀਆਂ ਅਤੇ ਕਾਰਜ ਕਰਮ ਨੂੰ ਸਰਕਾਰੀ ਸਹਾਇਤਾ ਨਾਲ ਅਮਲੀ ਰੂਪ ਦਿੱਤਾ ਜਾ ਰਿਹਾ ਹੈ, ਕੀ ਇਹ 'ਸਭ ਕਾ ਸਾਥ ਸਭ ਕਾ ਵਿਕਾਸ' ਵਾਲਾ ਰਸਤਾ ਹੈ? 'ਗਊ ਰਕਸ਼ਾਂ' ਦੇ ਨਾਮ ਤੇ ਬੇਗੁਨਾਹਾਂ ਦਾ ਕਤਲ ਅਤੇ ਗੁੰਡਾਗਰਦੀ ਐਂਟੀ ਰੋਮੀਓ ਦਸਤਿਆਂ ਦੁਆਰਾ ਰਾਹ ਚੱਲਦੇ ਲੋਕਾਂ ਦੀ ਕੁੱਟਮਾਰ, ਅੰਧ ਵਿਸ਼ਵਾਸ ਅਤੇ ਰੂੜ੍ਹੀਵਾਦ ਦੇ ਖਿਲਾਫ ਜਿਹਾਦ ਕਰਨ ਵਾਲੇ ਪੰਸਾਰੇ ਦਾਭੋਲਕਰ, ਕਲਬੁਰਗੀ ਜਿਹੇ ਬੁੱਧੀਵਾਦੀ ਵਿਦਵਾਨਾਂ ਦੇ ਕਤਲ ਤੋਂ ਬਾਅਦ ਅਜਿਹੀ ਹੀ ਕੱਟੜਵਾਦੀਆਂ ਦੇ ਖਿਲਾਫ ਆਵਾਜ਼ ਉਠਾਉਣ ਵਾਲੀ ਪੱਤਰਕਾਰ ਗੌਰੀ ਲੰਕੇਸ਼ ਦਾ ਬੇਰਹਿਮੀ ਨਾਂਲ ਕਤਲ ਦੀਆਂ ਦੁਖਦਾਈ ਘਟਨਾਵਾਂ ਇਹ ਸਭ ਨੰਗਾ ਫਾਸ਼ੀਵਾਦ ਨਹੀਂ ਤਾਂ ਹੋਰ ਕੀ ਹੈ? ਅਜਿਹੀ ਹੀ ਹਨ੍ਹੇਰਗਰਦੀ ਨੂੰ ਧਿਆਨ ਵਿਚ ਰੱਖਦਿਆਂ ਬਾਬਾ ਸਾਹਿਬ ਨੇ ਸੰਵਿਧਾਨ ਸਭਾ ਵਿਚ ਆਪਣੇ ਭਾਸ਼ਣ (25. 11. 49) ਵਿਚ ਦੇਸ਼ ਵਾਸੀਆਂ ਨੂੰ ਚਿਤਾਵਨੀ ਦਿੱਤੀ ਸੀ ਕਿ 'ਲੰਬੇ ਸਮੇਂ ਤੱਕ ਲੋਕਤੰਤਰ ਨਾ ਹੋਣ ਕਾਰਨ ਅਤੇ ਲੋਕਾਂ ਦੀ ਅਗਿਆਨਤਾ ਕਰਕੇ ਕੱਲ੍ਹ ਨੂੰ ਅਜਿਹੀ ਸਰਕਾਰ ਆ ਸਕਦੀ ਹੈ ਜੋ ਦੇਖਣ ਨੂੰ ਤਾਂ ਲੋਕਤੰਤਰੀ ਲੱਗੇ ਪਰ ਅੰਦਰੋਂ ਅਸਲ ਵਿਚ ਡਿਕਟੇਟਰਸ਼ਿਪ (ਤਾਨਾਸ਼ਾਹੀ) ਹੋਵੇ।' ਭਾਜਪਾ ਸਰਕਾਰ ਇਹੀ ਕੁਝ ਤਾਂ ਹੈ।

ਹੋਰ ਮਾੜਾ ਰਾਹ ਵੀ ਲੋਕਾਂ ਨੇ ਚੁਣਿਆਂ ਹੈ। ਘਰਾਂ ਦੇ ਵਿਹੜੇ ਇੰਨੇ ਛੋਟੇ ਤਾਂ ਅਜੇ ਨਹੀਂ ਹੋਏ ਪਰ ਹੁਣ ਤਾਂ ਪੰਜਾਬ ਦੇ ਪਿੰਡਾਂ ਵਿਚ ਬਜ਼ੁਰਗਾਂ ਦੀ ਮੌਤ ਤੋਂ ਬਾਅਦ ਕੀਤੇ ਜਾਣ ਵਾਲੇ ਇਕੱਠ ਵੀ ਮੈਰਿਜ ਪੈਲਸਾਂ ਵਿਚ ਹੀ ਹੋਣ ਲੱਗ ਪਏ ਹਨ- ਇਸ ਨੂੰ ਰੋਕਣਾ ਬਹੁਤ ਜਰੂਰੀ ਹੈ। ਅਜਿਹੇ ਦੁੱਖ ਦੇ ਸਮੇਂ ਕਿਉਂ ਅਜਾਈਂ ਆਰਥਕ ਬੋਝ ਥੱਲੇ ਆਇਆ ਜਾਵੇ। ਗੁਜ਼ਰ ਗਏ ਮਾਂ-ਬਾਪ ਨੂੰ ਸ਼ਰਧਾਂਜਲੀ ਪੇਸ਼ ਕਰਨ ਵਾਸਤੇ ਆਪਣਿਆਂ ਦੀ, ਸਕੇ ਸਬੰਧੀਆਂ ਤੇ ਰਿਸ਼ਤੇਦਾਰਾਂ ਦੀ ਲੋੜ ਹੁੰਦੀ ਹੈ, ਜਿਨ੍ਹਾਂ ਨਾਲ ਬੈਠ ਕੇ ਦੁੱਖ ਸਾਂਝਾ ਕੀਤਾ ਜਾਵੇ। ਪਰ ਹੁਣ ਬਹੁਤੇ ਥਾਈਂ ਤਾਂ ਸਿਆਸੀ ਲੀਡਰਾਂ ਦੀ ਉਡੀਕ ਕੀਤੀ ਜਾਂਦੀ ਹੈ। ਨਾ ਲੀਡਰ ਬਜ਼ੁਰਗਾਂ ਨੂੰ ਜਾਣੇ ਨਾ ਪਛਾਣੇ – ਬੱਸ ਵੋਟਾਂ ਕੱਠੀਆਂ ਹੋਈਆਂ ਵੇਖ ਲੀਡਰ ਵੀ ਆਪਣੇ ਲਾਉ-ਲਸ਼ਕਰ ਸਮੇਤ ਬੇਸ਼ਰਮਾਂ ਵਾਂਗ ਓਥੇ ਪਹੁੰਚ ਜਾਂਦੇ ਹਨ। ਲੋਕ ਉਨ੍ਹਾਂ ਬਾਰੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਸੱਦਾ ਦੇਣ ਵਾਲਾ ਪਰਵਾਰ ਵੀ ਉਸ ਇਕੱਠ ਵਿਚ "ਪਿੰਡ ਦੇ ਵੱਗ ਵਿਚ ਬੁੜ੍ਹੀ ਦੀ ਵੱਛੀ" ਵਾਂਗ ਤੁਰਿਆ ਫਿਰਦਾ ਨਜ਼ਰ ਆਉਂਦਾ ਹੈ, ਇਸ ਤੋਂ ਵੱਧ ਕੁੱਝ ਵੀ ਨਹੀਂ। ਆਪਣੇ ਆਪ ਨੂੰ ਛੋਟਾ ਕਰਨ ਦਾ ਇਹ ਰਾਹ ਵੀ ਛੱਡਣਾ ਪਊ। ਆਪਣੇ ਹੱਥੀਂ ਆਪਣੀ ਹੀ ਕਦਰ ਘਟਾਈ ਜਚਦੀ ਨਹੀਂ।

ਲੋਕਾਂ ਨੂੰ ਸੋਚਣਾ ਪਵੇਗਾ- ਆਖਰ ਹੁਣ "ਮੈਰਿਜ ਪੈਲਸਾਂ" ਤੋਂ ਜੰਞ-ਘਰਾਂ ਵੱਲ ਮੁੜਨਾ ਹੀ ਪਵੇਗਾ ਤਾਂ ਕਿ ਆਪਣੇ ਵਿਰਸੇ ਨਾਲ ਵੀ ਜੁੜੇ ਰਹਿ ਸਕੀਏ ਅਤੇ ਝੂਠੀ ਸ਼ਾਨ ਖਾਤਰ ਕਰਜ਼ੇ ਚੁੱਕ ਚੁੱਕ ਕੇ ਧੀਆਂ ਦੇ ਵਿਆਹਾਂ ਦੇ ਕਾਰਜ ਨਿਭਾਏ ਜਾਣ ਕਰਕੇ ਚਾਦਰੋਂ ਬਾਹਰੇ ਪੈਰ ਪਸਾਰਨ ਤੋਂ ਬਾਅਦ ਆਪਣੀ ਕੀਤੀ ਮੂਰਖਤਾ ਉੱਤੇ ਪਛਤਾਉਣਾ ਨਾ ਪਵੇ ਅਤੇ ਕਈਆਂ ਨੂੰ ਆਤਮ ਹੱਤਿਆਵਾਂ ਨਾ ਕਰਨੀਆਂ ਪੈਣ। ਆਪਣੇ ਹੀ ਪਰਿਵਾਰਾਂ ਨੂੰ ਬੇਸਹਾਰਾ ਛੱਡ ਕੇ ਜੀਵਨ ਅਜਾਈਂ ਗੁਆ ਜਾਣ ਵਰਗੇ ਕਦਮ ਵੀ ਨਾ ਚੁੱਕਣੇ ਪੈਣ। ਇਸ ਕਠੋਰ ਮਜਬੂਰੀ ਤੱਕ ਪਹੁੰਚਣ ਦੇ ਕਾਰਨਾਂ ਦੀ ਨਿਸ਼ਾਨਦਹੀ ਹੀ ਨਾ ਕੀਤੀ ਜਾਵੇ ਉਨ੍ਹਾਂ ਨੂੰ ਦੂਰ ਕਰਨ ਦੇ ਜਤਨ ਵੀ ਕੀਤੇ ਜਾਣੇ ਚਾਹੀਦੇ ਹਨ। ਇਸ ਬਾਰੇ ਕੋਈ ਸਾਂਝੀ ਸਮਾਜਕ ਲਹਿਰ (ਆਤਮ ਹੱਤਿਆਵਾਂ ਦੇ ਕਾਰਨ ਹੋਰ ਵੀ ਕਈ ਹਨ – ਪਰ ਆਤਮ ਹੱਤਿਆ ਕਿਸੇ ਮਸਲੇ ਦਾ ਹੱਲ ਨਹੀਂ)। ਬਹਾਦਰ ਪੰਜਾਬੀਉ ਇਸ ਲਾਅਨਤ ਤੋਂ ਬਚਣ ਦੇ ਹੀਲੇ ਸੋਚੋ। ਪਿੰਡਾਂ ਦੀਆਂ ਪੰਚਾਇਤਾਂ ਇਸ ਵਿਚ ਲੋਕਾਂ ਨੂੰ ਸਿਖਿਅਤ ਕਰਕੇ ਜਾਗਰੂਕ ਕਰਨ ਕਿ ਅਜਿਹੇ ਭਾਣੇ ਨਾ ਵਰਤਣ -ਵੈਣਾਂ ਤੋਂ ਛੁਟਕਾਰਾ ਮਿਲੇ। ਪਰ ਪੰਚਾਇਤਾਂ ਨੂੰ ਆਪਣੀ ਜੁੰਮੇਵਾਰੀ ਸਮਝ, ਅੱਗੇ ਹੋ ਕੇ ਅਜਿਹੀ ਸਮਾਜਕ ਲਹਿਰ ਦੀ ਅਗਵਾਈ ਕਰਨੀ ਪਵੇਗੀ ।

ਪਿੰਡਾਂ ਵਿਚ ਨਵੇਂ ਜੰਞ ਘਰ ਉਸਾਰੇ ਜਾਣੇ ਚਾਹੀਦੇ ਹਨ। ਇੱਥੇ ਵਧੀਆ ਰਸੋਈ (ਕਿਚਨ) ਦਾ ਪ੍ਰਬੰਧ ਹੋਵੇ। ਜਿਸ ਨਾਲ ਮੈਰਿਜ ਪੈਲਸਾਂ ਵਿਚ ਵਰਤਾਈਆਂ ਜਾਂਦੀਆਂ ਖਾਣੇ ਦੀਆਂ "ਮਹਿੰਗੀਆਂ ਥਾਲ਼ੀਆਂ" ਤੋਂ ਛੁਟਕਾਰਾ ਮਿਲੇਗਾ। ਇਸ ਕਾਰਜ ਵਾਸਤੇ ਆਰਥਕ ਪੱਖੋਂ ਕਮਜ਼ੋਰ ਪੰਚਾਇਤਾਂ ਨੂੰ ਸਰਕਾਰ ਵਲੋਂ ਹਰ ਹੀਲੇ ਗਰਾਂਟ ਦਿੱਤੀ ਜਾਣੀ ਚਾਹੀਦੀ ਹੈ – ਖੈਰਾਤ ਸਮਝ ਕੇ ਨਹੀਂ, ਇਹ ਲੋਕਾਂ ਦਾ ਹੱਕ ਹੈ। ਐਨਆਰਆਈ ਹੁਣ ਲੋਕਾਂ ਨੂੰ ਇਸ ਪਾਸੇ ਪ੍ਰੇਰਨ ਤਾਂ ਕਿ ਲੋਕ ਆਵਾਗੌਣ ਖਰਚਿਆਂ ਤੋਂ ਬਚ ਸਕਣ। ਜੰਞ ਘਰਾਂ ਵਲ ਮੁੜਨਾ ਪਿਛਾਂਹ ਮੁੜਨ ਦਾ ਕਦਮ ਨਹੀਂ ਦੇਖਿਆ ਜਾਣਾ ਚਾਹੀਦਾ, ਇਹ ਵਧੀਆਂ ਭਵਿੱਖ ਦਾ ਰਾਹ ਬਣ ਸਕਦਾ ਹੈ ਜਿਸ ਨਾਲ ਫੇਰ ਤੋਂ ਪਿੰਡਾਂ ਵਿਚ ਪਹਿਲਾਂ ਵਰਗੀ ਸਾਂਝ ਬਣੇਗੀ।

ਆਰਥਕ ਪੱਖੋਂ ਕਮਜ਼ੋਰ ਲੋਕਾਂ ਨੂੰ ਅਜਿਹੇ ਕਾਰਜਾਂ ਵਾਸਤੇ ਵੱਡੇ ਕਰਜ਼ੇ ਨਹੀਂ ਚੁੱਕਣੇ ਪੈਣਗੇ -ਉਨ੍ਹਾਂ ਲਈ ਵੱਡੀ ਰਾਹਤ ਹੋਵੇਗੀ। ਗਰੀਬ ਜਾਂ ਆਰਥਕ ਪੱਖੋਂ ਕਮਜ਼ੋਰ ਲੋਕਾਂ ਤੋਂ ਜੰਞ ਘਰਾਂ ਦੇ ਵਰਤਣ ਵਾਲੇ ਸਮੇਂ ਘੱਟ ਤੋਂ ਘੱਟ ਪੈਸੇ ਵਸੂਲੇ ਜਾਣ (ਜੇ ਹੋ ਸਕੇ ਨਾ ਹੀ ਲਏ ਜਾਣ) ਇਸ ਬਾਰੇ ਸੋਚਿਆ ਜਾਵੇ ਤਾਂ ਸੁਖਾਵਾਂ ਰਾਹ ਜਰੂਰ ਨਿਕਲ ਆਵੇਗਾ।

ਅੱਜ ਹਾਲਤ ਦੇਖਦੇ ਹਾਂ ਤਾਂ ਮਨ ਮਸੋਸ ਜਾਂਦਾ ਹੈ ਕਿ ਕੀ ਹੋ ਗਿਆ ਸਾਡੇ ਸਮਾਜੀ ਤਾਣੇ ਬਾਣੇ ਨੂੰ, ਕਿੰਨੇ ਫਿੱਕੇ ਹੋ ਗਏ ਹਨ ਸਾਡੇ ਸਮਾਜੀ ਰਿਸ਼ਤੇ। ਇਨ੍ਹਾਂ ਵਿਚੋਂ ਗੁਆਚ ਗਿਆ ਮੋਹ-ਪਿਆਰ, ਅਸੀਂ ਆਪਣਿਆਂ ਵਿਚ ਹੀ ਬੇਗਾਨੇ ਹੋ ਗਏ ਨਜ਼ਰ ਆ ਰਹੇ ਹਾਂ। ਉੱਚਿਆਂ ਕੱਦਾਂ ਦੀ ਝੂਠੀ ਸ਼ਾਨੋ-ਸ਼ੌਕਤ ਵਾਲੀ ਦੁਹਾਈ ਪਿੱਟਣ ਵਾਲੇ ਹੁਣ ਬੌਣੇ ਨਜ਼ਰ ਆਉਂਦੇ ਹਨ। ਬੌਣੇ ਹੀ ਆਪਣੇ ਆਪ ਨੂੰ ਸਮਾਜ ਦੇ ਆਗੂ ਸਮਝਦੇ ਹਨ – ਇਹ ਅੱਜ ਦਾ ਸਭ ਤੋਂ ਵੱਡਾ ਦੁਖਾਂਤ ਹੈ – ਇਸ ਦੁਖਾਂਤ ਦਾ ਅੰਤ ਹੋਣਾ ਚਾਹੀਦਾ ਹੈ ਤਾਂ ਕਿ ਪਿੰਡਾਂ ਦੇ ਸਾਧਾਰਨ ਲੋਕ ਵੀ ਆਪਣੇ ਸਮਾਜਕ ਕਾਰਜਾਂ ਦਾ ਆਨੰਦ ਮਾਣ ਸਕਣ।

ਦਾਜ ਦੀ ਲਾਅਨਤ ਵੀ ਸਮਾਜ ਨੂੰ ਬਰਬਾਦ ਕਰ ਰਹੀ ਹੈ – ਆਖਰ ਵਿਚ ਇਕ ਬੇਨਤੀ ਬਚਦੀ ਹੈ ਜੋ ਕੀਤੀ ਜਾ ਸਕਦੀ ਹੈ ਕਿ :

"ਪੰਜਾਬੀਉ! ਆਪਣੇ ਪੁੱਤ ਵੇਚਣੇ ਬੰਦ ਕਰ ਦਿਉ ਤਾਂ ਕਿ ਪੰਜਾਬ ਦੀਆਂ ਧੀਆਂ-ਭੈਣਾਂ ਤੇ ਮਾਪੇ ਸੁਖੀ ਵਸ ਸਕਣ"।

---

(ਕਹਾਣੀ)

# 'ਸ਼ਹਾਦਤ'

ਬਲਵੀਰ ਮੰਨਣ (91-94173-45485



"ਹਾਏ ਰੱਬਾ! ਏਨੇ ਦਿਨਾਂ ਤੋਂ ਬਚਦੀ ਆ ਰਹੀ ਦੀ ਮੇਰੀ ਅਖ਼ੀਰ ਅੱਜ ਆ ਈ ਗਈ। ਹਾਏ! ਹੁਣ ਮੈਂ ਕੀ ਕਰਾਂ?" ਪਰਾਂ ਤੋਂ ਫੜੀ ਹੋਈ, ਹੇਠਾਂ ਲਮਕ ਰਹੀ ਮੁਰਗੀ, ਮੌਤ ਦੇ ਖ਼ੌਫ਼ ਵਿੱਚ ਤਰਲੇ-ਉਲਾਂਭਿਆਂ ਦਾ ਮਿਲ-ਗੋਭਾ ਕਰ ਰਹੀ ਸੀ। "ਜਦ ਵੀ ਕਸਾਈ, ਵੱਢਣ ਲਈ, ਕਿਸੇ ਮੁਰਗੀ ਨੂੰ ਪਿੰਜਰੇ ਵਿੱਚੋਂ ਫੜਨ ਲਗਦਾ ਸੀ ਤਾਂ ਮੈਂ ਬੜੀ ਚਲਾਕੀ ਨਾਲ ਪਿੱਛੇ ਹੋ ਜਾਂਦੀ ਸੀ। ਏਦਾਂ ਈ ਬਚ ਜਾਂਦੀ ਰਹੀ। ਅਗਲੇ ਦਿਨ ਸਵੇਰੇ ਉਹ ਪਿੰਜਰੇ ਵਿੱਚ ਹੋਰ ਅੰਞਾਣ ਮੁਰਗੀਆਂ ਪਾ ਦਿੰਦਾ। ਓਦੋਂ ਫੇਰ ਉਨ੍ਹਾਂ ਅੰਞਾਣਾਂ ਦੇ ਪਿੱਛੇ ਹੋ ਕੇ ਆਪ ਲੁਕ ਜਾਂਦੀ। ਏਦਾਂ ਈ ਬਚਦੀ ਦੇ ਮੇਰੇ ਕਈ ਦਿਨ ਲੰਘ ਗਏ ਸੀ। ਜੋ ਦਿਨ ਬੀਤ ਜਾਂਦਾ ਸੀ, ਸੋਈ ਚੰਗਾ।"

"ਪਰ ਅੱਜ ਸ਼ਾਮੀਂ ਤਾਂ ਇੱਕ ਗਾਹਕ ਆਇਆ, ਜਿਹਨੇ ਪੰਦਰਾਂ ਕਿਲੋ ਮੀਟ ਮੰਗ ਲਿਆ। ਅਸੀਂ ਦੋ ਹੀ ਮਸਾਂ ਬਚੀਆਂ। ਮਗਰੋਂ ਆਏ ਇੱਕ ਹੋਰ ਗਾਹਕ ਆਏ 'ਤੋਂ, ਸਾਡੇ ਦੋ 'ਚੋਂ ਵੀ ਮੈਂ, ਦੂਜੀ ਦੇ ਪਿੱਛੇ ਹੋ ਕੇ ਬਚ ਗਈ। ਪਰ ਇਹ ਗੰਧਲਾ ਜਿਹਾ ਪਤਾ ਨਹੀਂ ਕਿੱਥੋਂ ਆ ਮਰਿਆ ਤੇ ਆ ਕੇ ਮੇਰੀ ਇਕੱਲੀ ਬਚੀ ਦਾ ਸੌਦਾ ਕਰਨ ਲੱਗਾ। 'ਕੱਲੀ ਰਹਿੰਦੀ ਨੂੰ ਮੈਨੂੰ ਡਰ ਤਾਂ ਪਹਿਲਾਂ ਈ ਸੀ। ਕੀ ਕਰਾਂ ਹੁਣ?" ਮੁਰਗੀ ਨੇ ਜ਼ੋਰ ਲਾ ਕੇ ਪਰ ਛੁਡਾਉਣੇ ਚਾਹੇ। ਮੁਰਗੀ ਦਾ ਜ਼ੋਰ ਮਹਿਸੂਸ ਕਰਦਿਆਂ ਉਸ ਆਦਮੀ ਨੇ (ਜਿਸ ਦੇ ਹੱਥ ਉਹ ਮੁਰਗੀ ਫੜੀ ਹੋਈ ਸੀ) ਆਪਣੇ ਸਖ਼ਤ ਹੱਥ ਨੂੰ ਹੋਰ ਜ਼ੋਰ ਨਾਲ ਘੁੱਟ ਲਿਆ।

"ਹਾਏ! ਕੀ ਕਰਾਂ ਰੱਬਾ! ... ... ਰੱਬ ਨੂੰ ਵੀ ਕੀ ਕਹਾਂ! ਉਹਨੇ ਹੁਣ ਮੈਨੂੰ ਕਿਹੜਾ ਬਚਾ ਲੈਣੈ। ... ... ਕੀ ਕਰਾਂ? ... ... ਮੈਨੂੰ ਦੋਹਾਂ ਪਰਾਂ ਅਤੇ ਦੋਹਾਂ ਲੱਤਾਂ ਤੋਂ ਘੁੱਟ ਕੇ ਜਦੋਂ ਫੜਿਆ ਹੋਇਆ, ਤੇ ਟੋਕਾ ਮੇਰੀ ਧੌਣ ਵੱਲ ਨੂੰ ਵਧਿਆ, ਤਾਂ ਮੇਰਾ ਕੀ ਹਾਲ ਹੋਏਗਾ! ਹਾਏ!!"

"ਕਾਸ਼! ਮੈਨੂੰ ਵੀ ਕਿਤੇ ਕਿਸੇ ਨੇ ਘਰ ਦੇ ਖੁੱਡੇ ਵਿੱਚ ਪਾਲ਼ਿਆ ਹੁੰਦਾ। ਖੁੱਲ੍ਹਾ ਘੁੰਮਦੀ, ਮਨ ਆਇਆ ਚੁਗਦੀ। ਮੇਰੇ ਵੀ ਬੱਚੇ ਹੁੰਦੇ, ਜੋ ਮੇਰੇ ਪਿੱਛੇ-ਪਿੱਛੇ, 'ਮਾਂ-ਮਾਂ' ਆਖਦੇ ਘੁੰਮਦੇ। ਮੈਂ ਉਨ੍ਹਾਂ ਨੂੰ ਲਾਡ ਲਾਉਂਦੀ। ਆਪਣੀ ਚੁੰਝ ਨਾਲ ਚੋਗਾ, ਉਨ੍ਹਾਂ ਦਿਆਂ ਨਿੱਕਿਆਂ-ਨਿੱਕਿਆਂ ਮੂੰਹਾਂ 'ਚ ਪਾਉਂਦੀ। ਕੀ ਖਾਣਾ, ਕਿੱਥੋਂ ਬਚਣਾ, ਉਨ੍ਹਾਂ ਨੂੰ ਦੱਸਦੀ। ਉਹ ਮੇਰੀ ਬੁੱਕਲ਼ ਵਿੱਚ ਆਰਾਮ ਕਰਦੇ। ਮੈਨੂੰ ਵੀ ਮਮਤਾ ਦਾ ਨਿੱਘ ਨਸੀਬ ਹੁੰਦਾ। ਪਰ ਕਿੱਥੇ! ਮੈਂ ਤਾਂ ਪੋਲਟਰੀ ਦੇ ਪਿੰਜਰੇ ਵਿੱਚ ਪਲ਼ੀ, ਸਾਂਝੀ ਜਿਹੀ ਖੁਰਾਕ ਖਾ ਕੇ। ਮਾਲਕ ਮੈਨੂੰ ਰੋਜ਼ ਵਧਦੀ ਨੂੰ ਦੇਖਦਾ। ਥੋੜ੍ਹੀ ਵੱਡੀ ਹੋਈ ਦੇਖੀ ਤਾਂ ਮੈਨੂੰ ਵੀ ਹੋਰਨਾਂ ਵਾਂਗ ਸੁੱਟ ਦਿੱਤਾ ਵੱਡੀ ਸਾਰੀ ਗੱਡੀ ਦੇ ਪਿੱਛੇ ਪਏ ਪਿੰਜਰੇ ਵਿੱਚ, ਕਿਸੇ ਦੀ ਜੀਭ ਦੇ ਸੁਆਦ ਖਾਤਰ।"

"ਅੱਜ ਜਦੋਂ ਇਕੱਲੀ ਰਹਿ ਗਈ ਤਾਂ ਮੇਰੀ ਅਕਲ ਸਿਆਣਪ ਵੀ ਕੁਝ ਨਾ ਕਰ ਸਕੀ। ਪਤਾ ਨਹੀਂ ਕਿੱਥੋਂ ਆ ਗਿਆ ਇਹ ਮੈਲ਼ਾ ਜਿਹਾ। ਆਹ ਆਲ਼ਾ-ਦੁਆਲ਼ਾ ਮੈਂ ਅੰਤਮ ਵਾਰ ਦੇਖ ਰਹੀ ਆਂ।" ਆਦਮੀ ਦੇ ਹੱਥਾਂ ਦੀ ਘੋਟ ਤੋਂ ਹੁਣ ਮੁਰਗੀ ਦੇ ਪਰ ਦੁਖਣ ਲੱਗ ਪਏ ਸਨ।

ਮੈਲ਼ਾ ਜਿਹਾ ਆਦਮੀ ਆਪਣੇ ਘਰ ਦੇ ਟੁੱਟੇ ਜਿਹੇ ਅੱਧ-ਪਚੱਧੇ ਭਿੜੇ ਦਰਵਾਜ਼ੇ ਵਿੱਚੋਂ ਅੰਦਰ ਲੰਘਿਆ ਤਾਂ ਉਸ ਦੇ ਨੰਗੇ-ਧੜੰਗੇ ਪੰਜ ਬੱਚੇ ਉਹਦੇ ਹੱਥ ਚਿੱਟੀ ਮੁਰਗੀ ਵੇਖ ਕੇ ਨੱਠੇ ਆਏ। "ਓਇ ਦੇਖੋ! ਭਾਪਾ ਕੀ ਲਿਆਇਆ।" ਛੇਵਾਂ ਬੱਚਾ, ਜੋ ਅਜੇ ਰੁੜ੍ਹਦਾ ਸੀ, ਵੀ ਆਪਣੇ ਪਿਓ ਵੱਲ ਨੂੰ ਖਿਸਕ ਪਿਆ। ਨਿਆਣਿਆਂ ਦੀ ਮਾਂ ਵਿਹੜੇ ਵਿੱਚ ਬੈਠ ਹੋਈ ਸੀ। ਕਿਸੇ ਨਿਆਣੇ ਨੇ ਮੁਰਗੀ ਨੂੰ ਪਲੋਸਣਾ ਤੇ ਕਿਸੇ ਨੇ 'ਮੇਰੀ ਮੁਰਗੀ, ਮੇਰੀ ਮੁਰਗੀ' ਕਹਿੰਦਿਆਂ ਉਸਦੇ ਖੰਭ ਖਿੱਚਣੇ ਸ਼ੁਰੂ ਕਰ ਦਿੱਤੇ। ਆਪਣੇ ਅੰਤ ਬਾਰੇ ਬਾਰ-ਬਾਰ ਸੋਚ ਰਹੀ ਮੁਰਗੀ ਨੂੰ ਅੱਜ ਇਹ ਵੀ ਵਿਸਰ ਗਿਆ ਸੀ ਕਿ ਅਜਿਹੀ ਸਥਿਤੀ ਨਾਲ ਨਜਿੱਠਣ ਵਾਸਤੇ ਉਸ ਕੋਲ ਤਿੱਖੀ ਚੁੰਝ ਵੀ ਸੀ। ਏਸੇ ਦੌਰਾਨ ਨਿਆਣੇ 'ਮੇਰੀ ਮੁਰਗੀ, ਮੇਰੀ ਮੁਰਗੀ' ਕਰਦੇ ਆਪਸ ਵਿੱਚ ਝਗੜਨ ਲੱਗੇ। "ਇਹ ਕੀ!" ਮੁਰਗੀ ਨੇ ਵੇਖਿਆ। ਬੱਚਿਆਂ ਦੀਆਂ ਪਸਲੀਆਂ ਚਮੜੀ ਤੋਂ ਬਾਹਰ ਸਨ। ਘਰ ਦੇ ਇੱਕੋ-ਇੱਕ ਪੁਰਾਣੇ ਕਮਰੇ ਦਾ ਦਰਵਾਜ਼ਾ ਵੀ ਅੱਧ-ਪਚੱਧਾ ਹੀ ਸੀ। ਕਮਰੇ ਦੇ ਅੰਦਰ ਦਾ ਪਰਦਾ ਕਰਨ ਲਈ ਫਟੀ-ਪੁਰਾਣੀ ਚੁੰਨੀ ਟੰਗੀ ਹੋਈ ਸੀ। ਇਹੋ ਹਾਲ ਦੋ ਬਾਰੀਆਂ ਦਾ ਸੀ। ਟੰਗੀਆਂ ਹੋਈਆਂ ਚੁੰਨੀਆਂ ਵਿੱਚ ਛੋਟੇ-ਵੱਡੇ ਛੇਕ ਸਨ। ਅਣ-ਮਘੇ ਚੱਕਵੇਂ ਚੁੱਲ੍ਹੇ 'ਤੇ ਖ਼ਾਲੀ ਪਤੀਲੀ ਪਈ ਹੋਈ ਸੀ। ਫਟੇ ਪੁਰਾਣੇ ਕੱਪੜੇ ਏਧਰ-ਓਧਰ ਖਿੱਲਰੇ ਪਏ ਸਨ। ਵੱਡੇ ਦੋ ਬੱਚਿਆਂ ਦੇ ਪੈਰੀਂ ਹੀ ਕੁਝ ਸੀ; ਇੱਕ ਕੋਈ ਨੰਬਰ ਤੇ ਇੱਕ ਕੋਈ ਨੰਬਰ ਦੀ ਕੈਂਚੀ ਚੱਪਲ। ਨਿਆਣਿਆਂ ਦੀ ਮਾਂ ਵੀ ਪੈਰੋਂ ਨੰਗੀ ਸੀ। ਉਸਦੀ ਸਲਵਾਰ 'ਤੇ ਦੋ-ਤਿੰਨ ਥਾਂਈਂ ਟਾਕੀਆਂ ਸਨ।

"ਇਹ ਕੀ ਲੈ ਆਇਐਂ? ਤੈਨੂੰ ਪਤਾ ਨਿਆਣੇ ਸਵੇਰ ਦੇ ਭੁੱਖੇ ਸੀ, ਕੁਛ ਖਾਣ ਲਈ ਲੈ ਆਉਂਦਾ।" ਔਰਤ ਨੇ ਕਿਹਾ। "ਉਹ, ਮੈਨੂੰ ਅੱਜ ਦਿਹਾੜੀਆਂ ਦੇ ਪੈਸੇ ਮਿਲੇ ਸੀ। ਮੈਂ ਕਿਹਾ, ਭੁੱਖੇ ਤਾਂ ਨਿਆਣੇ ਸਵੇਰ ਦੇ ਹੈ ਈ। ਚਲੋ ਥੋੜ੍ਹਾ ਜਿਹਾ ਹੋਰ ਸਬਰ ਕਰ ਕੇ ਚੱਜ ਦੀ ਰੋਟੀ ਖਾ ਲੈਣਗੇ।" ਆਦਮੀ ਨੇ ਜੁਆਬ ਦਿੱਤਾ।

ਬੱਚਿਆਂ ਨੂੰ ਆਪਣੀ ਮਲਕੀਅਤ ਲਈ ਲੜਦਿਆਂ ਵੇਖ, ਮੁਰਗੀ ਨੂੰ ਆਪਣੇ ਬੱਚਿਆਂ ਦੀ ਕਲਪਨਾ ਹੋਈ, ਜੋ ਉਹਦੇ ਕੋਲ ਆਉਣ ਲਈ 'ਮੇਰੀ ਮਾਂ, ਮੇਰੀ ਮਾਂ' ਕਰਦੇ ਆਪਸ ਵਿੱਚ ਝਗੜ ਰਹੇ ਹੋਣ। ਉਹ ਬੱਚੇ ਮੁਰਗੀ ਨੂੰ ਆਪਣੇ ਪ੍ਰਤੀਤ ਹੋਏ।

"ਅਖੀਰ ਤਾਂ ਮੇਰੀ ਇੱਕ ਦਿਨ ਏਹੋ ਈ ਹੋਣੀ ਸੀ। ਮਰਨਾ ਤਾਂ ਮੈਂ ਇੱਕ ਦਿਨ ਸੀ ਹੀ। ਜੇ ਕਿਸੇ ਅਮੀਰ ਦੇ ਲਈ ਮੁੱਕਦੀ ਤਾਂ ਹੋ ਸਕਦਾ ਸੀ ਉਹ 'ਸੁਆਦ ਨਹੀਂ ਬਣੀ' ਆਖ ਕੇ ਮੈਨੂੰ ਅਣਖਾਧੇ ਹੀ ਸੁੱਟ ਦਿੰਦਾ ਪਰ ਏਥੇ ਮੈਨੂੰ ਯਕੀਨ ਹੈ ਕਿ ਇਨ੍ਹਾਂ ਭੁੱਖੇ ਨੰਗ-ਧੜੰਗੇ ਬਾਲਾਂ ਨੇ ਮੇਰੀ ਪੱਸਲੀ-ਹੱਡੀ ਵੀ ਨਹੀਂ ਛੱਡਣੀ। ਮੈਨੂੰ ਤਸੱਲੀ ਹੈ ਕਿ ਮੈਂ ਕਿਸੇ ਲੋੜਵੰਦ ਦੇ ਕੰਮ ਆ ਸਕੀ। ਹੁਣ ਮੈਨੂੰ ਕੋਈ ਗਮ ਨਹੀਂ।" ਮੁਰਗੀ ਹੁਣ ਗੰਭੀਰ ਹੋ ਗਈ ਸੀ। ਗੰਧਲੇ ਜਿਹੇ ਆਦਮੀ ਨੇ ਮੁਰਗੀ ਨੂੰ ਪਰਾਂ ਤੋਂ ਫੜ ਲਿਆ ਤੇ ਉਸੇ ਤਰ੍ਹਾਂ ਫੜੇ ਹੋਏ, ਦਰਵਾਜ਼ੇ ਦੇ ਲਾਂਘੇ ਵਿੱਚ ਟੰਗੀ ਹੋਈ ਚੁੰਨੀ ਨੂੰ ਇੱਕ ਹੱਥ ਨਾਲ ਪਾਸੇ ਕੀਤਾ ਤੇ ਅੰਦਰੋਂ ਟੋਕਾ ਲੱਭਿਆ। ਖ਼ਾਲੀ ਕਮਰੇ ਨੂੰ ਵੇਖਦਿਆਂ ਮੁਰਗੀ ਦੇ ਮਨ ਵਿੱਚ ਬਾਲਾਂ ਦੇ ਖ਼ਾਲੀ ਢਿੱਡਾਂ ਦਾ ਨਕਸ਼ਾ ਖਿੱਚਿਆ ਗਿਆ।

ਬਾਹਰ ਆ ਕੇ ਆਦਮੀ ਨੇ ਮੁਰਗੀ ਦੀਆਂ ਦੋਹੇਂ ਲੱਤਾਂ ਅਤੇ ਪਰ (ਜਿਨ੍ਹਾਂ ਵਿੱਚ ਮੌਤ ਤੋਂ ਭੱਜ ਜਾਣ ਲਈ ਕੋਈ ਨੱਠ-ਭੱਜ ਨਹੀਂ ਸੀ) ਪਕੜ ਕੇ, ਉਸਦੀ ਧੌਣ ਇੱਕ ਪੁਰਾਣੀ ਲੱਕੜ 'ਤੇ ਰੱਖੀ। ਟੋਕਾ ਮੁਰਗੀ ਦੀ ਧੌਣ ਵਲ ਨੂੰ ਵਧਿਆ। ਆਪਣੇ ਵਲ ਵਧਦੇ ਟੋਕੇ ਵਲ ਵੇਖ ਰਹੀ ਮੁਰਗੀ ਨੂੰ ਇੱਕ ਅਲਹਿਦਾ ਸ਼ਾਂਤੀ ਪ੍ਰਾਪਤ ਹੋ ਰਹੀ ਸੀ।

# ਵਿਸ਼ਵ ਵਿੱਚ ਲੱਗਭੱਗ 458 ਮਿਲੀਅਨ ਵਿਅਕਤੀ ਗੁਲਾਮੀ ਵਿੱਚ ਫਸੇ ਹੋਏ ਹਨ

2 ਦਸੰਬਰ ਦਾ ਦਿਨ ਅੰਤਰਰਾਸ਼ਟਰੀ ਗੁਲਾਮੀ ਪ੍ਰਥਾ ਖਾਤਮਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਗੁਲਾਮੀ ਪ੍ਰਥਾ ਨੂੰ ਖਤਮ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ ਅਤੇ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ। 02 ਦਸੰਬਰ, 1949 ਨੂੰ ਇਸ ਸਬੰਧੀ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵਲੋਂ ਮਤਾ ਨੰਬਰ 317-(4) ਪਾਸ ਕੀਤਾ ਗਿਆ ਸੀ। 02 ਦਸੰਬਰ, 1985 ਨੂੰ ਗੁਲਾਮੀ ਨੂੰ ਖਤਮ ਕਰਨ ਲਈ ਕੰਮ ਕਰਨ ਵਾਲੇ ਸਮੂਹ ਦੇਸ਼ਾਂ ਨੇ ਸੰਯੁਕਤ ਰਾਸਟਰ ਕੋਲ ਅਪਣੀ ਰਿਪੋਰਟ ਪੇਸ ਕੀਤੀ ਅਤੇ 02 ਦਸੰਬਰ ਦਾ ਦਿਨ ਵਿਸ਼ਵ ਪੱਧਰ ਤੇ ਗੁਲਾਮੀ ਖਾਤਮਾ ਦਿਵਸ ਵਜੋਂ ਮਨਾਉਣ ਲਈ ਸੁਝਾਓ ਦਿਤਾ। 1995 ਤੋਂ ਇਹ 02 ਦਸੰਬਰ ਦਾ ਦਿਨ ਅੰਤਰਰਾਸ਼ਟਰੀ ਗੁਲਾਮੀ ਪ੍ਰਥਾ ਖਾਤਮਾ ਦਿਵਸ ਵਜੋਂ ਜਾਣਿਆਂ ਜਾਂਦਾ ਹੈ।

18 ਦਸੰਬਰ, 2002 ਨੂੰ ਸੰਯੁਕਤ ਰਾਸ਼ਟਰ ਨੇ ਸਾਲ 2004 ਨੂੰ ਗੁਲਾਮੀ ਵਿਰੋਧੀ ਅਤੇ ਗੁਲਾਮੀ ਖਾਤਮਾ ਸਾਲ ਵਜੋਂ ਘੋਸਿਤ ਕੀਤਾ ਸੀ। ਮਨੁਖੀ ਸਭਿੱਅਤਾ ਸ਼ੁਰੂ ਵਿੱਚ ਬਿਲਕੁੱਲ ਅਜਾਦ ਸੀ ਪਰੰਤੂ ਹੋਲੀ ਹੋਲੀ ਸੋਝੀ ਆਣ ਨਾਲ ਕੁੱਝ ਲੋਕਾਂ ਨੇ ਬਾਕੀਆਂ ਨੂੰ ਗੁਲਾਮ ਬਣਾਉਣਾ ਸ਼ੁਰੂ ਕਰ ਦਿਤਾ। ਸਮੇਂ ਸਮੇਂ ਤੇ ਗੁਲਾਮੀ ਪ੍ਰਥਾ ਨੂੰ ਰੋਕਣ ਲਈ ਸਮਾਜ ਸੁਧਾਰਕਾਂ ਵਲੋਂ ਅਵਾਜ਼ ਬੁਲੰਦ ਕੀਤੀ ਗਈ ਹੈ ਅਤੇ ਇਸਨੂੰ ਖਤਮ ਕਰਨ ਲਈ ਕਨੂੰਨ ਬਣਾਏ ਗਏ ਹਨ। ਅੱਜ ਬੇਸ਼ੱਕ ਅਸੀਂ 21ਵੀਂ ਸਦੀ ਵਿੱਚ ਜੀਅ ਰਹੇ ਹਾਂ ਪ੍ਰੰਤੂ ਗੁਲਾਮੀ ਵਰਗੀ ਪ੍ਰਥਾ ਅਜੇ ਤੱਕ ਵੀ ਕਾਇਮ ਹੈ। ਜੇਕਰ ਗੁਲਾਮੀ ਦਾ ਇਤਿਹਾਸ ਵੇਖੀਏ ਤਾਂ ਲੱਗਭੱਗ 3000 ਸਾਲ ਪਹਿਲਾਂ ਗੁਲਾਮੀ ਦੀਆਂ ਸ਼ਰਤਾਂ ਤਹਿ ਕੀਤੀਆਂ ਗਈਆਂ ਜਿਸ ਅਨੁਸਾਰ ਗੁਲਾਮ ਔਰਤ ਤੋਂ ਪੈਦਾ ਹੋਇਆ ਬੱਚਾ, ਤੋਹਫੇ ਵਿੱਚ ਮਿਲਿਆ ਗੁਲਾਮ, ਖ੍ਰੀਦਿਆ ਗਿਆ ਗੁਲਾਮ, ਜਿਸ ਵਿਅਕਤੀ ਨੇ ਭੁੱਖ ਨਾਲ ਮਰਨ ਤੋਂ ਬਚਣ ਲਈ ਮਜ਼ਬੂਰੀ ਵਿੱਚ ਗੁਲਾਮੀ ਸਵਿਕਾਰ ਕੀਤੀ ਹੋਵੇ, ਜਿਸ ਵਿਅਕਤੀ ਨੂੰ ਜੰਗ ਵਿੱਚ ਗ੍ਰਿਫਤਾਰ ਕੀਤਾ ਹੋਵੇ, ਜਿਸ ਵਿਅਕਤੀ ਨੇ ਲਾਲਚਵਸ ਗੁਲਾਮੀ ਸਵਿਕਾਰ ਕੀਤੀ ਹੋਵੇ, ਕਿਸੇ ਵਿਸੇਸ਼ ਜਾਤ, ਨਸਲ ਆਦਿ ਨਾਲ ਸਬੰਧਿਤ ਵਿਅਕਤੀ ਗੁਲਾਮ ਹੋਵੇਗਾ। ਗਲੋਵਲ ਸਲੇਵਰੀ ਇੰਡੈਕਸ ਦੇ 2016 ਦੇ ਸਰਵੇਖਣ ਅਨੁਸਾਰ ਵਿਸ਼ਵ ਵਿੱਚ ਲੱਗਭੱਗ 45.8 ਮਿਲੀਅਨ ਵਿਅਕਤੀ ਗੁਲਾਮੀ ਵਿੱਚ ਫਸੇ ਹੋਏ ਹਨ। ਦੁਨੀਆ ਦੇ ਲੱਗਭੱਗ 58 ਫਿਸਦੀ ਗੁਲਾਮ ਅਤੇ ਲੱਗਭੱਗ 26.6 ਮਿਲੀਅਨ ਵਿਅਕਤੀ ਵਿਸ਼ਵ ਦੇ 05 ਦੇਸ਼ਾਂ ਭਾਰਤ, ਪਾਕਿਸਤਾਨ, ਚੀਨ, ਬੰਗਲਾ ਦੇਸ, ਉਜਵੇਕਿਸਤਾਨ ਵਿੱਚ ਰਹਿੰਦੇ ਹਨ। ਭਾਰਤ ਦੀ 1.4 ਫਿਸਦੀ ਜਨਸੰਖਿਆ ਗੁਲਾਮਾਂ ਦੀ ਹੀ ਹੈ। ਭਾਰਤ ਗੁਲਾਮੀ ਦੇ ਮਾਮਲੇ ਵਿੱਚ ਪਹਿਲੇ ਸਥਾਨ ਤੇ ਹੈ ਅਤੇ ਇੱਥੇ ਲੱਗਭੱਗ 18.3 ਮਿਲੀਅਨ ਵਿਅਕਤੀ, ਜਦਕਿ ਚੀਨ ਦੂਸਰੇ ਸਥਾਨ ਤੇ ਜਿੱਥੇ 3.39 ਮਿਲੀਅਨ ਵਿਅਕਤੀ, ਪਾਕਿਸਤਾਨ ਤੀਸਰੇ ਸਥਾਨ ਤੇ ਹੈ ਜਿੱਥੇ 2.13 ਮਿਲੀਅਨ ਵਿਅਕਤੀ, ਬੰਗਲਾ ਦੇਸ ਵਿੱਚ 1.53 ਮਿਲੀਅਨ ਵਿਅਕਤੀ ਗੁਲਾਮੀ ਵਿੱਚ ਫਸੇ ਹੋਏ ਹਨ ਅਤੇ ਉਜ਼ਬੇਕਿਸਤਾਨ ਵਿੱਚ 1.23 ਮਿਲੀਅਨ ਵਿਅਕਤੀ ਗੁਲਾਮੀ ਵਿੱਚ ਰਹਿੰਦੇ ਹਨ।

ਇਸ ਰਿਪੋਰਟ ਵਿੱਚ ਵਿਸ਼ਵ ਦੇ 167 ਦੇਸ਼ਾਂ ਵਿੱਚ ਨਾਗਰਿਕ ਪੱਧਰ ਤੇ ਸਰਵੇਖਣ ਅਤੇ ਖੋਜ ਕੀਤੀ ਗਈ ਹੈ ਜਿਸ ਅਨੁਸਾਰ ਸਰਵੇ ਵਿੱਚ ਗੁਲਾਮੀ ਨੂੰ ਆਧੁਨਿਕ ਅਰਥਾਂ ਵਿੱਚ ਦੱਸਿਆ ਗਿਆ ਹੈ ਨਾ ਕਿ ਪਰੰਪਰਿਕ ਅਰਥਾਂ ਵਿੱਚ ਜਿੱਥੇ ਸਿਰਫ ਉਹਨਾਂ ਲੋਕਾਂ ਨੂੰ ਹੀ ਗੁਲਾਮ ਮੰਨਿਆ ਜਾਂਦਾ ਸੀ, ਜੋ ਕਿਸੇ ਦੀ ਕੈਦ ਵਿੱਚ ਰਹਿੰਦੇ ਸੀ। ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੇ ਅੰਕੜਿਆਂ ਦੇ ਅਨੁਸਾਰ ਹੀ ਤਕਰੀਬਨ 2 ਕਰੋੜ ਲੋਕਾਂ ਤੋਂ ਜ਼ਬਰਦਸਤੀ ਮਜ਼ਦੂਰੀ ਕਰਵਾਈ ਜਾ ਰਹੀ ਹੈ ਅਤੇ ਹਰ ਦੇਸ਼ ਵਿੱਚ ਗੁਲਾਮੀ ਨਾਲ ਜੁੜ੍ਹੀਆਂ ਸਮੱਸਿਆਵਾਂ ਹਨ। ਇਸ ਰਿਪੋਰਟ ਅਨੁਸਾਰ ਏਸ਼ੀਆ ਅਤੇ ਅਫਰੀਕਾ ਵਿੱਚ ਗੁਲਾਮੀ ਨੂੰ ਖਤਮ ਕਰਨ ਦੀ ਚੁਣੌਤੀ ਸਭ ਤੋਂ ਵੱਡੀ ਹੈ। ਭਾਰਤ ਦੀ ਇਸ ਮਾੜੀ ਸਥਿਤੀ ਲਈ ਦੇਸ਼ ਵਿੱਚ ਨਾਗਰਿਕਾਂ ਦੇ ਖਰਾਬ ਹਾਲਾਤ ਜਿੰਮੇਵਾਰ ਹਨ। ਦੇਸ ਵਿੱਚ ਸਰਕਾਰਾਂ ਦੁਆਰਾ ਨਾਗਰਿਕ ਪ੍ਰਸ਼ਾਸ਼ਨ ਅਤੇ ਲੋਕਾਂ ਨੂੰ ਮੁਢਲੀਆਂ ਸੁਵਿਧਾਵਾਂ ਦੇਣ ਪ੍ਰਤੀ ਲਾਪਰਵਾਹੀ ਵਰਤੀ ਜਾ ਰਹੀ ਹੈ। ਭਾਰਤ ਵਿੱਚ ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੀਆਂ ਮੁਢਲੀਆਂ ਸੁਵਿਧਾਵਾਂ ਵੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਈਆਂ ਹਨ। ਦੇਸ਼ ਵਿੱਚ ਹਰ ਪੱਧਰ ਤੇ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ ਜਿਸ ਕਾਰਨ ਸਰਕਾਰੀ ਸੁਵਿਧਾਵਾਂ ਦਾ ਲਾਭ ਵੀ ਅਕਸਰ ਆਮ ਲੋਕਾਂ ਤੱਕ ਨਹੀਂ ਪਹੁੰਚਦੀਆਂ ਹਨ। ਵਿਕਾਸ ਕੁੱਝ ਲੋਕਾਂ ਤੱਕ ਹੀ ਸੀਮਿਤ ਹੈ ਅਤੇ ਬਹੁਤੇ ਲੋਕ ਮੁਢਲੀਆਂ ਸਹੂਲਤਾਂ ਤੋਂ ਵੀ ਬਾਂਝੇ ਹਨ। ਦੇਸ਼ ਵਿੱਚ ਗਰੀਬਾਂ ਦੀ ਹਾਲਤ ਅਤਿ ਖਸਤਾ ਹੈ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ (ਯੂਐਨਡੀਪੀ) ਨੇ ਆਪਣੀ 2016 ਦੀ ਮਾਨਵ ਵਿਕਾਸ ਰਿਪੋਰਟ ਵਿੱਚ ਭਾਰਤ ਨੂੰ ਦੁਨੀਆਂ ਦੇ 186 ਦੇਸ਼ਾਂ ਵਿੱਚ 131ਵੇਂ ਨੰਬਰ ਤੇ ਰੱਖਿਆ ਹੈ। ਭਾਰਤ ਗਰੀਬੀ ਪੱਖੋਂ ਅਫਗਾਨਿਸਤਾਨ, ਬੰਗਲਾਦੇਸ਼, ਕੰਬੋਡੀਆਂ, ਕਿਰਗਿਜਿਸਤਾਨ, ਲਾਓਸ, ਪਾਕਿਸਤਾਨ, ਨੇਪਾਲ, ਤਜ਼ਾਕਿਸਤਾਨ, ਉਜ਼ਬੇਕਿਸਤਾਨ, ਵੀਅਤਨਾਮ ਅਤੇ ਯਮਨ ਦੇ ਨੇੜੇ ਤੇੜੇ ਹੀ ਹੈ। ਇਹਨਾਂ ਵਿੱਚੋਂ ਵੀ ਵੀਅਤਨਾਮ ਅਤੇ ਉਜ਼ਬੇਕਿਸਤਾਨ ਦੇਸ਼ ਮਾਨਵ ਵਿਕਾਸ ਸੂਚਕਾਂਕ ਦੇ ਕਈ ਮਾਮਲਿਆਂ ਵਿੱਚ ਭਾਰਤ ਤੋਂ ਬਿਹਤਰ ਹਨ। ਵਿਸ਼ਵ ਦੇ ਸਭ ਤੋਂ ਗਰੀਬ 20ਗ ਲੋਕਾਂ ਕੋਲ ਵਿਸ਼ਵ ਦੀ ਕੁੱਲ ਆਮਦਨ ਦਾ ਸਿਰਫ 01 ਪ੍ਰਤੀਸ਼ਤ ਪਹੁੰਚ ਰਿਹਾ ਹੈ ਜਦਕਿ ਦੂਜੇ ਪਾਸੇ ਵਿਸ਼ਵ ਦੇ ਸਭ ਤੋਂ ਅਮੀਰ 20 ਫੀਸਦੀ ਲੋਕ ਵਿਸ਼ਵ ਦੀ ਕੁੱਲ ਆਮਦਨ ਦਾ 86 ਫੀਸਦੀ ਹਿੱਸਾ ਹੜੱਪ ਰਹੇ ਹਨ। ਵਿਸ਼ਵ ਦੇ ਸਭ ਤੋਂ ਅਮੀਰ 3 ਵਿਅਕਤੀਆਂ ਦੇ ਕੋਲ ਜਿੰਨੀ ਸੰਪਤੀ ਹੈ, ਉਹ ਗਰੀਬ ਦੇਸ਼ਾਂ ਵਿੱਚ ਰਹਿਣ ਵਾਲੇ ਵਿਸ਼ਵ ਦੇ 60 ਕਰੋੜ ਲੋਕਾਂ ਦੀ ਸਾਲਾਨਾ ਆਮਦਨ ਦੇ ਬਰਾਬਰ ਹੈ। ਪਹਿਲਾਂ ਭਾਰਤ ਵਿੱਚ ਗਿਣੇ-ਚੁਣੇ ਕਰੋੜਪਤੀ ਹੁੰਦੇ ਸੀ ਪਰ ਹੁਣ ਅੰਕੜਿਆਂ ਦੇ ਮੁਤਾਬਿਕ 2 ਲੱਖ 36 ਹਜ਼ਾਰ ਕਰੋੜਪਤੀ ਹਨ। ਦੇਸ਼ ਦਾ ਸਾਰਾ ਪੈਸਾ ਅਤੇ ਸਾਧਨ ਇਨ੍ਹਾਂ ਲੋਕਾਂ ਦੇ ਕਬਜ਼ੇ ਵਿੱਚ ਹੀ ਹੈ, ਜਦਕਿ ਬਾਕੀ ਲੋਕ ਕਿਸੇ ਤਰ੍ਹਾਂ ਨਾਲ ਸਿਰਫ ਆਪਣੀ ਜਿੰਦਗੀ ਗੁਜ਼ਰ ਬਸਰ ਕਰ ਰਹੇ ਹਨ। ਇਹੀ ਅਮੀਰ ਲੋਕ ਹੀ ਇਸ ਦੇਸ਼ ਦੇ ਨੀਤੀ ਨਿਰਮਾਤਾ ਹਨ। ਸਮਾਜ ਦੀਆਂ ਨੀਤੀਆਂ ਦੇ ਨਿਰਧਾਰਨ ਵਿੱਚ ਗਰੀਬਾਂ ਦਾ ਕੋਈ ਵੀ ਯੋਗਦਾਨ ਨਹੀਂ ਹੈ।




ਗਰੀਬ ਸਿਰਫ ਅੰਕੜੇ ਬਣਾਉਣ ਜਾਂ ਬਣਨ ਦੇ ਲਈ ਹੀ ਹਨ। ਦੇਸ਼ ਦੀਆਂ ਸੜਕਾਂ ਤੇ ਦੋੜਦੀਆਂ ਲਗਜ਼ਰੀ ਕਾਰਾਂ, ਲਗਾਤਾਰ ਖੁੱਲਦੇ ਮਾਲ ਆਦਿ ਨਿਸ਼ਚਿਤ ਤੌਰ ਤੇ ਵਿਕਾਸ ਦੀਆਂ ਸੂਚਕ ਹਨ, ਪਰ ਇਹ ਵੀ ਸੱਚ ਹੈ ਕਿ ਦੇਸ ਵਿੱਚ ਬਹੁਤੇ ਲੋਕਾਂ ਲਈ ਦੋ ਜੂਨ ਦੀ ਰੋਟੀ ਦਾ ਪ੍ਰਬੰਧ ਕਰਨਾ ਵੀ ਮੁਸ਼ਕਿਲ ਹੈ। ਬੁਨਿਆਦੀ ਸਹੂਲਤਾਂ ਦੀ ਘਾਟ ਕਾਰਨ ਦੇਸ਼ ਦੇ ਕਰੋੜਾਂ ਲੋਕ ਗੁਲਾਮਾਂ ਵਰਗਾ ਜੀਵਨ ਜੀਣ ਲਈ ਮਜ਼ਬੂਰ ਹਨ। ਵਿਸ਼ਵ ਬੈਂਕ ਨੇ ਭਾਰਤ ਵਿੱਚ ਗਰੀਬੀ ਦੇ ਬਾਰੇ ਜੋ ਅੰਕੜੇ ਪੇਸ਼ ਕੀਤੇ ਹਨ ਉਹ ਵੀ ਹੈਰਾਨੀਜਨਕ ਹਨ। ਇਸ ਸੰਸਥਾ ਅਨੁਸਾਰ ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੀ ਆਬਾਦੀ ਦੇ ਅਨੁਸਾਰ ਭਾਰਤ ਦੀ ਸਥਿਤੀ ਸਿਰਫ ਅਫਰੀਕਾ ਦੇ ਸਬ-ਸਹਾਰਾ ਦੇਸ਼ਾਂ ਤੋਂ ਹੀ ਬਿਹਤਰ ਹੈ। ਸਾਡੇ ਦੇਸ਼ ਵਿੱਚ ਗਰੀਬੀ ਕਾਰਨ ਫੁੱਟਪਾਥਾਂ ਤੇ ਦਿਨ ਕੱਟਦੇ ਲੋਕ, ਬਿਨ੍ਹਾਂ ਇਲਾਜ ਤੋਂ ਮਰ ਰਹੇ ਲੋਕ ਗੁਲਾਮੀ ਦੀਆਂ ਮੂੰਹ ਬੋਲਦੀਆਂ ਘਟਨਾਵਾਂ ਹਨ। ਨਾਰਿਆਂ ਅਤੇ ਭਾਸ਼ਣਾਂ ਵਿੱਚ ਵਿਕਾਸ ਦਾ ਦਾਅਵਾ ਕਰਨ ਵਾਲੇ ਦੇਸ਼ ਦੇ ਨੇਤਾਵਾਂ ਅਤੇ ਨੀਤੀ ਨਿਰਮਾਤਾਵਾਂ ਦੇ ਲਈ ਵਿਸ਼ਵ ਗੁਲਾਮੀ ਸੂਚਕਾਂਕ ਦੀਆਂ ਰਿਪੋਰਟਾਂ ਸੱਚ ਬਿਆਨ ਕਰਦੀਆਂ ਹਨ। ਸਰਕਾਰੀ ਵਿਭਾਗਾਂ ਵਿੱਚ ਲਾਲ ਫੀਤਾਸ਼ਾਹੀ ਇੰਨੀ ਹਾਵੀ ਹੈ ਕਿ ਆਮ ਆਦਮੀ ਆਪਣੇ ਛੋਟੇ-ਛੋਟੇ ਕੰਮਾਂ ਅਤੇ ਦੋ ਵਕਤ ਦੀ ਰੋਟੀ ਦੇ ਲਈ ਦਰ-ਦਰ ਭਟਕਦਾ ਰਹਿੰਦਾ ਹੈ। ਦੇਸ ਵਿੱਚ ਬਹੁਤੇ ਲੋਕ ਮੁਢਲੀਆਂ ਸਹੂਲਤਾਂ ਨੂੰ ਤਰਸ ਰਹੇ ਹਨ। ਦੇਸ਼ ਦੇ ਕਈ ਹਿੱਸਿਆਂ ਵਿੱਚ ਪਰਿਵਾਰ ਦਾ ਪੇਟ ਪਾਲਣ ਲਈ ਮਹਿਲਾਵਾਂ ਅਪਣੇ ਆਪ ਨੂੰ ਵੇਚ ਰਹੀਆਂ ਹਨ, ਬੱਚੇ ਪੜ੍ਹਣ ਦੀ ਬਜਾਏ ਕੰਮ ਕਰ ਰਹੇ ਹਨ, ਕੁੱਝ ਵਿਸ਼ੇਸ ਜਾਤ ਅਤੇ ਵਰਗ ਦੇ ਲੋਕਾਂ ਤੋਂ ਬੇਗਾਰ ਕਰਵਾਈ ਜਾ ਰਹੀ ਹੈ। ਵਿਸ਼ਵ ਦੇ ਸਭਤੋਂ ਵੱਡੇ ਲੋਕਤੰਤਰ ਵਿੱਚ ਵਿਸ਼ਵ ਦੇ ਸਭਤੋਂ ਵੱਧ ਗੁਲਾਮ ਹੋਣਾ ਅਤਿ ਚਿੰਤਾ ਦਾ ਵਿਸ਼ਾ ਹੈ। ਜੇਕਰ ਅਸੀਂ ਦੇਸ਼ ਨੂੰ ਸੱਚਮੁਚ ਵਿਕਸਿਤ ਦੇਸ਼ਾਂ ਦੀ ਲੜੀ ਵਿੱਚ ਖੜ੍ਹਾ ਕਰਨਾ ਚਾਹੁੰਦੇ ਹਾਂ ਤਾਂ ਦੇਸ਼ ਵਿੱਚ ਫੈਲੀਆਂ ਕੁਰੀਤੀਆਂ ਨੂੰ ਦੂਰ ਕਰਨਾ ਪਵੇਗਾ। ਸਾਡੇ ਦੇਸ ਵਿੱਚ ਸਮੇਂ ਸਮੇਂ ਤੇ ਸਮਾਜ ਦੇ ਚਿੰਤਕਾਂ ਅਤੇ ਸੁਧਾਰਕਾਂ ਨੇ ਗੁਲਾਮੀ ਦੇ ਇਸ ਚੁੰਗਲ ਵਿੱਚੋਂ ਲੋਕਾਂ ਨੂੰ ਬਾਹਰ ਕੱਢਣ ਲਈ ਮੁਹਿੰਮ ਚਲਾਈ ਹੈ ਪਰ ਦੇਸ ਵਿੱਚ ਸਭਤੋਂ ਵੱਡੀ ਗੁਲਾਮਾਂ ਦੀ ਗਿਣਤੀ ਇਹ ਸਾਬਿਤ ਕਰਦੀ ਹੈ ਕਿ ਉਹ ਮੁਹਿੰਮ ਸਫਲ ਨਹੀਂ ਹੋ ਸਕੀ ਹੈ। ਦੁਨੀਆਂ ਦੇ ਸਭਤੋਂ ਵੱਡੇ ਲੋਕਤੰਤਰ ਭਾਰਤ ਵਿੱਚ ਸਭ ਤੋਂ ਵੱਧ ਗੁਲਾਮਾਂ ਦੀ ਗਿਣਤੀ ਸਾਡੀਆਂ ਸਰਕਾਰਾਂ ਲਈ ਸ਼ਰਮਨਾਕ ਹੈ ਅਤੇ ਦੇਸ ਨੂੰ ਇਸ ਕਲੰਕ ਤੋਂ ਮੁਕੱਤ ਕਰਨ ਲਈ ਗੰਭੀਰਤਾ ਨਾਲ ਕੰਮ ਕਰਨਾ ਪਵੇਗਾ। ਦੇਸ਼ ਦੇ ਸਾਧਨਾ ਵਿਸ਼ੇਸ ਤੋਰ ਤੇ ਜੀਵਨ ਜਿਉਣ ਲਈ ਜਰੂਰੀ ਸਾਧਨਾਂ ਦੀ ਸਹੀ ਵੰਡ ਕਰਨੀ ਪਵੇਗੀ ਤਾਂ ਜੋ ਸਾਧਨ ਹੀਣ ਕੋਈ ਨਾਂ ਰਹੇ। ਅੱਜ ਵਿਸ਼ਵ ਗੁਲਾਮੀ ਖਾਤਮਾ ਦਿਵਸ ਮੋਕੇ ਦੇਸ਼ ਦੇ ਨੇਤਾਵਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਇਸ ਮਾਮਲੇ ਪ੍ਰਤੀ ਗੰਭੀਰਤਾ ਨਾਲ ਸੋਚਣਾ ਪਵੇਗਾ ਅਤੇ ਦੇਸ਼ ਨੂੰ ਇਸ ਕਲੰਕ ਤੋਂ ਬਚਾਉਣ ਲਈ ਕੰਮ ਕਰਨਾ ਚਾਹੀਦਾ ਹੈ।



ਕੁਲਦੀਪ ਚੰਦ
91-94175-63054

# ਧੁੱਪ ਵਿੱਚ ਸਾਵਣ

ਸਰੂਚੀ ਕੰਬੋਜ
ਵਟਸਐਪ-9872348277



ਆਫਿਸ ਜਾਣ ਲਈ ਹਰ ਰੋਜ ਮੈਨੂੰ ਤਕਰੀਬਨ ਚਾਲੀ ਪੰਜਾਹ ਕਿਲੋਮੀਟਰ ਦਾ ਸਫਰ ਤੈਅ ਕਰਨਾ ਪੈਂਦਾ ਸੀ।ਹਰ ਰੋਜ਼ ਅਣਗਿਣਤ ਲੋਕਾਂ ਨੂੰ ਮਿਲਣ ਤੇ ਸਮਝਣ ਦਾ ਮੌਕਾ ਮਿਲਦਾ ਸੀ ।ਇਕ ਮੇਰੀ ਪੱਕੀ ਸਹੇਲੀ ਵੀ ਮੇਰੇ ਨਾਲ ਹੀ ਹੁੰਦੀ ਸੀ, ਅਸੀਂ ਦੋਵੇਂ ਇਕੋ ਜਗ੍ਹਾ ਨੌਕਰੀ ਕਰਦੀਆਂ ਸੀ। ਦਿਨ ਭਰ ਦੇ ਕੰਮ ਤੋਂ ਥੱਕੀਆਂ ਸ਼ਾਮ ਦੇ ਵੇਲੇ ਅਸੀਂ ਦੋਵੇਂ ਆਫਿਸ ਤੋਂ ਛੁੱਟੀ ਹੋਣ ਤੇ ਜਲਦੀ ਜਲਦੀ ਬੱਸ ਸਟੈਂਡ ਵੱਲ ਭੱਜਦੀਆਂ ਕਿ ਕਿਤੇ ਬੱਸ ਛੁੱਟ ਨਾ ਜਾਵੇ, ਕਿਉਂਕਿ ਉਸ ਬੱਸ ਤੋਂ ਬਾਅਦ ਫਿਰ ਇੱਕ ਘੰਟਾ ਹੋਰ ਇੰਤਜ਼ਾਰ ਕਰਨਾ ਪੈਂਦਾ ਸੀ ਬੱਸ ਆਉਣ ਦਾ।

ਪਰ ਅਜੇ ਬੱਸ ਆਉਣ ਵਾਲੀ ਹੁੰਦੀ। ਸਭ ਬੱਸ ਦੀ ਉਡੀਕ ਵਿੱਚ ਵਿਚਲਿਤ ਹੋ ਰਹੇ ਹੁੰਦੇ।ਉਸ ਦਿਨ ਵੀ ਜਿਵੇਂ ਹੀ ਬੱਸ ਆਈ ਸਭ ਸਵਾਰੀਆਂ ਇਕ ਦੂਜੇ ਨੂੰ ਧੱਕੇ ਮਾਰਦੀਆਂ ਬੱਸ ਵਿੱਚ ਸਵਾਰ ਹੋਣ ਲੱਗੀਆਂ । ਬੜੀ ਮੁਸ਼ਕਿਲ ਨਾਲ ਅਸੀਂ ਵੀ ਇਕ ਸੀਟ ਹਾਸਲ ਕਰ ਲਈ। ਫਿਰੋਜ਼ਪੁਰ ਤੋਂ ਫਾਜ਼ਿਲਕਾ ਜਾਣ ਵਾਲੀ ਬੱਸ ਖਚਾਖਚ ਭਰ ਗਈ । ਕੋਈ ਸਵਾਰੀ ਅਪਣਾ ਸਮਾਨ ਸੰਭਾਲ ਰਹੀ ਸੀ ਤੇ ਕੋਈ ਭੀੜ ਵਿਚ ਖੁਦ ਨੂੰ।ਕੁਝ ਸਵਾਰੀਆਂ ਸੀਟ ਮਿਲਣ ਬਾਅਦ ਆਪਸ ਵਿੱਚ ਗੱਲਾਂ ਕਰਨ ਵਿੱਚ ਵੀ ਮਸ਼ਰੂਫ ਹੋ ਗਈਆਂ ਸਨ।

ਆਖਰ ਬੱਸ ਚੱਲਣ ਦਾ ਟਾਇਮ ਹੋਇਆ। ਕੰਡਕਟਰ ਦੇ ਵਿਸਲ ਮਾਰਦਿਆਂ ਸਾਰ ਬਸ ਚੱਲ ਪਈ ।ਗਰਮੀ ਬਹੁਤ ਹੋਣ ਅਤੇ ਬੱਸ ਖਚਾਖਚ ਭਰੀ ਹੋਣ ਦੇ ਬਾਵਜੂਦ ਵੀ ਬੱਸ ਕੰਡਕਟਰ ਵਾਰ ਵਾਰ ਜਿੱਥੇ ਵੀ ਬੱਸ ਅੱਡੇ ਤੇ ਜਾਂ ਰਾਹ ਵਿਚ ਸਵਾਰੀਆਂ ਖੜੀਆਂ ਦੇਖਦਾ ਬੱਸ ਰੁਕਵਾ ਦਿੰਦਾ ਹਾਲਾਂਕਿ ਬੱਸ ਵਿੱਚ ਕੋਈ ਜਗ੍ਹਾ ਨਹੀਂ ਸੀ ਫਿਰ ਵੀ ਉਹ ਸਵਾਰੀਆਂ ਨੂੰ ਧੱਕ ਧੱਕ ਕੇ ਪੀੜ ਰਿਹਾ ਸੀ ।

ਸਾਡੇ ਨਾਲ ਵਾਲੀ ਸੀਟ ਤੇ 60-65 ਸਾਲ ਦੀ ਇੱਕ ਬੁੱਢੀ ਔਰਤ ਤੇ ਇਕ ਤੀਹ ਬੱਤੀ ਸਾਲ ਦੀ ਔਰਤ ਬੈਠੀਆਂ ਸਨ। ਜਿਵੇਂ ਹੀ ਬੁੱਢੀ ਔਰਤ ਦਾ ਧਿਆਨ ਸਾਡੇ ਵੱਲ ਗਿਆ। ਉਸਨੇ ਸਾਡੇ ਪੈਂਟ ਸ਼ਰਟ ਪਾਈ ਵੇਖ ਬੜੀ ਔਖੀ ਨਿਗਾਹ ਨਾਲ ਵੇਖ ਆਪਣੇ ਨਾਲ ਬੈਠੀ ਔਰਤ ਨਾਲ ਅੱਜ ਦੀਆਂ ਕੁੜੀਆਂ ਦੇ ਪਹਿਰਾਵੇ, ਪੜਾਈ ਲਿਖਾਈ ਤੇ ਨੌਕਰੀ ਕਰਨ ਤੇ ਕਈ ਸਵਾਲ ਕਰਨੇ ਸ਼ੁਰੂ ਕਰ ਦਿੱਤੇ । ਸ਼ਾਇਦ ਉਸਨੂੰ ਇਹ ਨਹੀਂ ਪਤਾ ਸੀ ਕਿ ਅਸੀਂ ਉਸ ਦੀਆਂ ਸਭ ਗੱਲਾਂ ਸੁਣ ਰਹੀਆਂ ਸੀ ਜਾਂ ਜਾਣ ਬੁੱਝ ਕੇ ਉਹ ਸਾਨੂੰ ਇਹ ਸਭ ਗੱਲਾਂ ਸੁਣਾ ਰਹੀ ਸੀ । "ਮੈਨੂੰ ਤੇ ਭੈਣ ਜੀ ਸਮਝ ਨਹੀਂ ਆਉਂਦੀ ਕਿ ਅੱਜ ਦੇ ਮਾਂ ਬਾਪ ਕਿਧਰ ਨੂੰ ਜਾ ਰਹੇ ਨੇ, ਇਕ ਤੇ ਕੁੜੀਆਂ ਨੂੰ ਬਾਹਰ ਪੜਨੇ ਪਾ ਦਿੰਦੇ ਨੇ ਉੱਤੋ ਉਹਨਾਂ ਦੇ ਕੱਪੜੇ ਵੇਖ ਲਉ, ਕੋਈ ਸ਼ਰਮ ਲਿਹਾਜ਼ ਹੀ ਨਹੀਂ ਰਿਹਾ ਅੱਜ ਦੀਆਂ ਕੁੜੀਆਂ ਵਿੱਚ, ਜਦ ਇਹਨਾਂ ਨੂੰ ਪਤਾ ਹੈ ਕੁੜੀਆਂ ਵਿਆਹ ਕੇ ਅਗਲੇ ਘਰ ਚਲੇ ਜਾਣਾ ਫਿਰ ਕਿਉਂ ਇਹਨਾਂ ਤੇ ਐਨਾ ਪੈਸਾ ਖਰਚ ਕਰਦੇ ਨੇ । ਕੁੜੀਆਂ ਤੇ ਭੈਣ ਜੀ ਘਰ ਸੰਭਾਲਦੀਆਂ ਹੀ ਸੋਹਣੀਆਂ ਲੱਗਦੀਆਂ। ਆਹ ਜਿਹੜੀਆਂ ਵਾਰਦਾਤਾਂ ਹੁੰਦੀਆਂ ਹਰ ਰੋਜ਼, ਟੀ. ਵੀ., ਅਖਬਾਰ ਭਰੇ ਪਏ ਹੁੰਦੇ ਨੇ ਭੈੜੀਆਂ ਖਬਰਾਂ ਨਾਲ, ਲੰਡੇ ਕਪੜੇ ਪਾ ਕੇ ਕੁੜੀਆਂ ਖੁਦ ਹੀ ਕਰਵਾਉਂਦਿਆਂ ਇਹੋ ਜਿਹੀਆਂ ਵਾਰਦਾਤਾਂ। ਪਤਾ ਨਹੀਂ ਲੋਕਾਂ ਨੂੰ ਕਦੋਂ ਸਮਝ ਆਊਗੀ ਕਿ ਮੁੰਡੇ ਮਾਂ ਬਾਪ ਦਾ ਆਸਰਾ ਹੁੰਦੇ ਨੇ ਨਾ ਕਿ ਕੁੜੀਆਂ। ਮੈਂ ਤੇ ਅੱਜ ਤਾਈਂ ਨਹੀਂ ਵੇਖਿਆ ਕੁੜੀਆਂ ਨੂੰ ਕਮਾਉਂਦੇ ਹੋਏ ਇਹ ਤਾਂ ਨਵੀਂ ਹੀ ਰੀਤ ਚਲਾ ਲਈ ਹੈ ਜਮਾਨੇ ਨੇ, ਨਾ ਭਲਾ ਤੁਸੀਂ ਦੱਸੋ ਕੁੜੀਆਂ ਬਾਹਰ ਕੰਮ ਕਰਦੀਆਂ ਚੰਗੀਆਂ ਲੱਗਦੀਆਂ ।ਕੰਮ ਤਾਂ ਮੁੰਡੇ ਕਰਦੇ ਆ। ਉਹੀ ਮਾਂ ਬਾਪ ਦਾ ਸਹਾਰਾ ਬਣਦੇ ਆ। ਮਾਪਿਆਂ ਦਾ ਨਾਉਂ ਰੋਸ਼ਨ ਕਰਦੇ ਆ।ਮੈਂ ਤਾਂ ਜੀ ਕੁੜੀਆਂ ਦੀ ਪੜਾਈ ਲਿਖਾਈ ਦੇ ਸਖਤ ਖਿਲਾਫ ਹਾਂ। "ਨਾਲ ਬੈਠੀ ਔਰਤ ਉਸ ਬਜ਼ੁਰਗ ਔਰਤ ਦੀਆਂ ਗੱਲਾਂ ਸੁਣ ਕੇ ਸਿਰ ਹਿਲਾਈ ਗਈ ਪਰ ਅੱਗੋਂ ਕੁਝ ਉਸ ਬੋਲਣ ਦੀ ਹਿੰਮਤ ਨਾ ਕੀਤੀ, ਦਿਲ ਮੇਰਾ ਵੀ ਕਰ ਰਿਹਾ ਸੀ ਕੁਝ ਕਹਿਣ ਨੂੰ ਉਸਨੂੰ ਪਰ ਬਜ਼ੁਰਗ ਸਮਝ ਕੇ ਮੈਂ ਜਾਣ ਦਿੱਤਾ ।

ਜਦ ਅੱਧਾ ਕੁ ਸਫਰ ਤੈਅ ਹੋਇਆ ਤਾਂ ਬੱਸ ਰੋਕ ਦਿੱਤੀ ਗਈ ਡਰਾਈਵਰ ਦੇ ਚਾਹ ਪਾਣੀ ਪੀਣ ਲਈ।ਸਵਾਰੀਆਂ ਵੀ ਅਪਣੇ ਲਈ ਸਮਾਨ ਲੈਣ ਲੱਗੀਆਂ। ਬੱਸ ਵਿੱਚ ਜਿੰਨੇ ਕੁ ਨੌਜਵਾਨ ਮੁੰਡੇ ਸਨ ਸਭ ਬੱਸ ਚੋਂ ਬਾਹਰ ਨਿਕਲ ਕੇ ਇਧਰ ਉਧਰ ਟਹਿਲਣ ਲੱਗ ਪਏ । ਉਹ ਜੋ ਬੁੱਢੀ ਔਰਤ ਬੈਠੀ ਸੀ ਉਸ ਨੂੰ ਬਹੁਤ ਪਿਆਸ ਲੱਗੀ ਸੀ, ਜਦ ਪਾਣੀ ਵਾਲੀ ਬੋਤਲ ਵੇਖੀ ਤਾਂ ਉਹ ਖਾਲੀ ਸੀ । ਅਪਣੀ ਬੋਤਲ ਵਿਚ ਪਾਣੀ ਭਰਵਾਉਣ ਲਈ ਕਿਸੇ ਮੁੰਡੇ ਦੀ ਰਾਹ ਤੱਕਣ ਲੱਗੀ। ਫਿਰ ਅਪਣੇ ਸਾਹਮਣੇ ਖੜ੍ਹੇ ਮੁੰਡੇ ਨੂੰ ਬੜੇ ਪਿਆਰ ਨਾਲ ਆਵਾਜ਼ ਮਾਰ ਕੇ ਉਸ ਔਰਤ ਨੇ ਉਸ ਨੂੰ ਸਾਹਮਣੇ ਲੱਗੇ ਨਲ ਤੋਂ ਪਾਣੀ ਭਰਨ ਲਈ ਕਿਹਾ ।ਪਰ ਉਸ ਮੁੰਡੇ ਨੇ ਉਸ ਔਰਤ ਵੱਲ ਜਰਾ ਧਿਆਨ ਨਹੀਂ ਦਿੱਤਾ । ਉਸ ਔਰਤ ਨੂੰ ਐਦਾ ਲੱਗਿਆ ਜਿਵੇਂ ਕਿ ਉਸ ਮੁੰਡੇ ਨੂੰ ਉਸਦੀ ਅਵਾਜ਼ ਸੁਣਾਈ ਨਹੀਂ ਦਿੱਤੀ ਸ਼ੋਰ ਜਿਆਦਾ ਹੋਣ ਕਰਕੇ, ਇਸ ਲਈ ਉਸਨੇ ਉਸ ਮੁੰਡੇ ਨੂੰ ਫਿਰ ਤੋਂ ਅਵਾਜ਼ ਲਗਾਈ "ਵੇ ਪੁੱਤ! ਆਹ ਮੇਰੀ ਪਾਣੀ ਵਾਲੀ ਬੋਤਲ ਤੇ ਭਰ ਦੇ ਸਾਹਮਣੇ ਵਾਲੀ ਟੂਟੀ ਤੋਂ ਰੱਬ ਤੈਨੂੰ ਤਰੱਕੀ ਦਵੇ।" ਉਸ ਔਰਤ ਨੇ ਉਸ ਮੁੰਡੇ ਨੂੰ ਦੁਆਵਾਂ ਦੇਂਦਿਆਂ ਹੋਇਆਂ ਕਿਹਾ।

"ਜਿਆਦਾ ਪਿਆਸ ਲੱਗੀ ਹੈ ਤੇ ਬੇਬੇ ਆਪੇ ਜਾ ਕੇ ਭਰ ਲੈ ਬੋਤਲ, ਮੇਰੇ ਕੋਲ ਹੈ ਨਹੀਂ ਐਨਾ ਟੀਮ, ਇਹ ਬੋਤਲ ਭਰਨ ਨੂੰ। ਹੁਣ ਤੈਨੂੰ ਭਰ ਕੇ ਦਊਂਗਾ ਫਿਰ ਕੋਈ ਹੋਰ ਬੁੱਢੀ ਕਹਿ ਦਊਗੀ ਮੈਂ ਤਾਂ ਬਸ ਇਹੀ ਕੰਮ ਹੀ ਕਰਦਾ ਰਹਿ ਜਾਊਂਗਾ।"

"ਪੁੱਤ ਭਰਨ ਨੂੰ ਕੀ ਸੀ ਮੈਂ ਵੀ ਬੋਤਲ ਭਰ ਲਿਆਉਂਦੀ ਪਰ ਬੱਸ ਚੱਲਣ ਵਾਲੀ ਹੈ ਤਾਂ ਕਰਕੇ ਜੇ ਮੇਰੇ ਬੋਤਲ ਭਰਦੀ ਦੇ ਬੱਸ ਚਲ ਪਈ ਫਿਰ ਮੈਥੋਂ ਚੜਿਆ ਨਹੀਂ ਜਾਣਾ ਚੱਲਦੀ ਬੱਸ ਤੇ, ਤੂੰ ਤਾਂ ਬਾਹਰ ਹੀ ਖੜਾ ਹੈ ਨਾਲੇ ਸੁੱਖ ਨਾਲ ਜਵਾਨ ਵੀ।" "ਜੋ ਵੀ ਹੈ ਬੇਬੇ ਪਰ ਮੇਰੇ ਕੋਲ ਹੈ ਨਹੀਂ ਟੈਮ ਤੇਰੇ ਇਸ ਫਾਲਤੂ ਕੰਮ ਲਈ ।"

ਜਦ ਉਸ ਮੁੰਡੇ ਨੇ ਉਸ ਔਰਤ ਨੂੰ ਸਾਫ਼ ਨਾਂਹ ਕਰ ਦਿੱਤੀ ਤਾਂ ਨਾਲ ਬੈਠੀ ਔਰਤ ਬੋਲੀ "ਇਹ ਹੈ ਅੱਜ ਦੀ ਨੌਜਵਾਨ ਪੀੜ੍ਹੀ, ਇਹ ਕੀ ਮਾਪਿਆਂ ਦੀ ਸੇਵਾ ਕਰੂਗਾ ਜਿਸ ਤੋਂ ਇਕ ਬੋਤਲ ਪਾਣੀ ਦੀ ਭਰ ਕੇ ਨਹੀਂ ਦਿੱਤੀ ਗਈ।" ਜਦੋਂ ਉਸ ਔਰਤ ਦੀ ਗੱਲ ਪੂਰੀ ਹੋਈ ਤਾਂ ਮੈਂ ਉਸ ਬੁਢੀ ਔਰਤ ਕੋਲ ਜਾ ਕੇ ਕਿਹਾ "ਲਿਆਉ ਮਾਤਾ ਜੀ ਮੈਂ ਲਿਆ ਦਿੰਦੀ ਹਾਂ ਪਾਣੀ ਤੁਹਾਨੂੰ। "ਮੇਰੀ ਸਹੇਲੀ ਨੇ ਮੈਨੂੰ ਇਸ਼ਾਰਾ ਕਰਕੇ ਅਜਿਹਾ ਕਰਨ ਤੋਂ ਮਨ੍ਹਾ ਕੀਤਾ ਕਿਉਂਕਿ ਉਹ ਔਰਤ ਕੁੜੀਆਂ ਦੀ ਬੁਰਾਈ ਕਰ ਰਹੀ ਸੀ ਇਸ ਕਰਕੇ ਮੇਰੀ ਸਹੇਲੀ ਨੂੰ ਉਹ ਚੰਗੀ ਨਹੀਂ ਸੀ ਲੱਗ ਰਹੀ ਪਰ ਮੈਂ ਉਸਦੀ ਗੱਲ ਨਹੀਂ ਮੰਨੀ "ਧੀਏ ਤੂੰ ਜਾਏਂਗੀ ਪਾਣੀ ਲੈਣ? ਪਰ ਬੱਸ ਚੱਲਣ ਵਾਲੀ ਹੈ।"ਉਸਨੇ ਨਿਮਰਤਾ ਨਾਲ ਕਿਹਾ ।

"ਤਾਂ ਕੀ ਹੋਇਆ ਬੱਸ ਚੱਲਣ ਵਾਲੀ ਹੈ ਤੇ ਦੋ ਮਿੰਟਾਂ ਦੀ ਗੱਲ ਹੈ ਮੈਂ ਹੁਣੇ ਲੈ ਆਵਾਂਗੀ ਪਾਣੀ ।" ਮੈਂ ਉਸ ਔਰਤ ਤੋਂ ਜਲਦੀ ਨਾਲ ਬੋਤਲ ਪਕੜੀ ਤੇ ਬੱਸ ਤੋਂ ਹੇਠਾਂ ਉਤਰ ਕੇ ਪਾਣੀ ਭਰਨ ਚਲੀ ਗਈ ।ਬੱਸ ਚੱਲਣ ਵਿੱਚ ਅਜੇ ਦੋ ਮਿੰਟ ਬਾਕੀ ਸਨ ਕਿ ਮੈਂ ਪਾਣੀ ਭਰ ਕੇ ਲੈ ਵੀ ਆਈ।ਉਸ ਤੋਂ ਬਾਅਦ ਉਸ ਔਰਤ ਨੇ ਮੈਨੂੰ ਬਹੁਤ ਦੁਆਵਾਂ ਦਿੱਤੀਆਂ ।

"ਇਕ ਗੱਲ ਕਹਾਂ ਮਾਤਾ ਜੀ।"

"ਹਾਂ ਬੋਲ ਪੁੱਤਰ।"

"ਚਾਹੇ ਕੁੜੀ ਹੋਏ ਜਾਂ ਮੁੰਡਾ ਸਭ ਰੱਬ ਦੇ ਬਣਾਏ ਜੀਅ ਹਨ ।ਫਿਰ ਆਪਾਂ ਕਿਉਂ ਕਿਸੇ ਨਾਲ ਭੇਦਭਾਵ ਕਰੀਏ।ਕਈ ਵਾਰ ਜੋ ਕੰਮ ਮੁੰਡਿਆਂ ਦੇ ਹੁੰਦੇ ਹਨ ਉਹ ਕੁੜੀਆਂ ਕਰਦੀਆਂ ਹਨ ਤੁਸੀਂ ਆਪ ਵੀ ਤਾਂ ਇਕ ਔਰਤ ਹੋ ਫਿਰ ਔਰਤ ਹੋ ਕੇ ਔਰਤ ਦੇ ਦੁਸ਼ਮਣ ਕਿਉਂ? ਵਕਤ ਬਦਲ ਗਿਆ ਹੈ ਅਤੇ ਆਪਾਂ ਨੂੰ ਵੀ ਵਕਤ ਦੇ ਨਾਲ ਚਲਣਾ ਚਾਹੀਦਾ ਹੈ।ਕੀ ਤੁਸੀਂ ਕਦੇ ਨਹੀਂ ਸੋਚਿਆ ਸੀ ਕਿ ਤੁਸੀਂ ਵੀ ਪੜ੍ਹੇ ਲਿਖੇ ਹੁੰਦੇ ਤਾਂ ਸ਼ਾਇਦ ਤੁਸੀਂ ਇਥੇ ਨਹੀਂ ਕਿਤੇ ਹੋਰ ਹੋਣਾ ਸੀ?ਨਾਲੇ ਇਹ ਵੀ ਸਚਾਈ ਹੈ ਇਕ ਕੁੜੀ ਦੇ ਪੜਨ ਨਾਲ ਪੂਰਾ ਪਰਿਵਾਰ ਪੜ੍ਹ ਜਾਂਦਾ। ਆਖਿਰ ਕਦੋਂ ਤੱਕ ਆਪਾਂ ਇਹ ਦੋਗਲੀ ਸੋਚ ਲੈ ਕੇ ਸਾਰੇ ਦੇਸ਼ਾਂ ਤੋਂ ਪਿੱਛੇ ਰਹਾਂਗੇ? ਹੁਣ ਮੌਕਾ ਹੈ ਸਮਾਜ ਨੂੰ ਕੁਝ ਕਰਕੇ ਵਿਖਾਉਣ ਦਾ ਕਿ ਕੁੜੀ ਬੁਜਦਿਲ ਤੇ ਡਰਪੋਕ ਨਹੀਂ ਸਗੋਂ ਉਹ ਵੀ ਮੁੰਡਿਆਂ ਵਾਂਗੂੰ ਜੁਝਾਰੂ ਕੰਮ ਕਰ ਸਕਦੀ ਹੈ, ਉਹ ਮੁੰਡਿਆਂ ਤੋਂ ਘੱਟ ਨਹੀਂ। "ਮੈਂ ਇਹ ਸਭ ਸਮਝਾ ਹੀ ਰਹੀ ਸੀ ਕਿ ਮੈਂ ਵੇਖਿਆ ਕਿ ਉਹ ਬੁੱਢੀ ਔਰਤ ਬੜੀ ਡੂੰਘੀ ਸੋਚ ਵਿੱਚ ਸੀ, ਉਸ ਨੇ ਗੰਭੀਰਤਾ ਨਾਲ ਸੋਚਦੀ ਨੂੰ ਕੁਝ ਯਾਦ ਆਇਆ ਜੋ ਉਸ ਸਾਡੇ ਨਾਲ ਸਾਂਝਾ ਕੀਤਾ। ਉਸ ਨੂੰ ਯਾਦ ਆਇਆ ਜਦ ਉਸਦੀ ਮਾਂ ਨੇ ਉਸਦੇ ਬਾਪੂ ਨਾਲ ਲੜ ਝਗੜ ਕੇ ਉਸ ਨੂੰ ਸਕੂਲ ਪੜਨੇ ਪਾਇਆ ਸੀ। ਬੜੇ ਵੱਡੇ-ਵੱਡੇ ਖਵਾਬ ਵੇਖੇ ਸਨ ਉਸਨੇ ਤੇ ਉਸਦੀ ਮਾਂ ਨੇ ਕਿ ਵੱਡੀ ਹੋ ਕੇ ਅਫਸਰ ਬਣੇਗੀ। ਪਰ ਜਦੋਂ ਅਜੇ ਉਹ ਦੂਜੀ ਜਮਾਤ ਵਿਚ ਹੀ ਹੋਈ ਸੀ ਕਿ ਉਸ ਦੇ ਬਾਪੂ ਨੇ ਉਸਦੀ ਮਾਂ ਨਾਲ ਕੁੱਟਮਾਰ ਕਰਕੇ ਉਸ ਨੂੰ ਸਕੂਲ ਤੋਂ ਹਟਵਾ ਦਿੱਤਾ ਸੀ । ਉਸ ਦਿਨ ਉਹ ਬਹੁਤ ਰੋਈ ਸੀ ।ਪਰ ਅੱਜ ਉਹ ਕੀ ਕਰ ਰਹੀ ਹੈ ਆਪਣੇ ਬਾਪੂ ਵਾਂਗ ਕੁੜੀਆਂ ਨੂੰ ਅੱਗੇ ਵੱਧਣ ਤੋਂ ਰੋਕ ਰਹੀ ਸੀ ।

"ਮੈਨੂੰ ਮਾਫ ਕਰ ਦੇ ਧੀਏ ਮੈਂ ਕੰਨ ਪਕੜ ਕੇ

(ਬਾਕੀ ਸਫਾ 22 'ਤੇ)

## ਸਾਹਿਤਕ ਪੈੜਾਂ- ਇਸ ਹਫਤੇ ਦੇ ਪੰਜਾਬ ਤੋਂ ਸ਼ਾਇਰ- ਮਦਨ ਵੀਰਾ

# ਦਲਿਤ ਚੇਤਨਾ ਤੇ ਮਦਨ ਵੀਰਾ ਦੀ ਕਵਿਤਾ



ਪ੍ਰੋ ਪਰਬਿੰਦਰ ਸਿੰਘ
(209) 328-3316)

ਦਲਿਤ ਚੇਤਨਾ ਬਾਰੇ ਗੱਲ ਕਰਨ ਤੋਂ ਪਹਿਲਾਂ ਜੇ ਚੇਤਨਾ ਬਾਰੇ ਗੱਲ ਕਰ ਲਈ ਜਾਵੇ ਤਾਂ ਬਿਹਤਰ ਰਹੇਗਾ। ਚੇਤਨਾ ਇਕ ਵਿਸ਼ੇਸ਼ ਨਜ਼ਰੀਆ ਜਾਂ ਦ੍ਰਿਸ਼ਟੀ ਹੈ ਜਿਸ ਰਾਹੀਂ ਅਸੀਂ ਸਮਾਜ ਨੂੰ ਜਾਂ ਜੀਵਨ ਨੂੰ ਵੇਖਦੇ ਹਾਂ। ਇਸ ਵਿਸ਼ੇਸ਼ ਨਜ਼ਰੀਏ ਦੇ ਬਣਨ ਵਿਚ ਕਈ ਗੱਲਾਂ ਯੋਗਦਾਨ ਪਾਉਂਦੀਆਂ ਹਨ ਜਿਵੇਂ ਵਰਗ , ਜਾਤ ,ਕਾਲ ,ਵਿਚਾਰਧਾਰਾ ਆਦਿ। ਭਿੰਨ ਭਿੰਨ ਵਰਗਾਂ, ਜਾਤਾਂ, ਸਮਿਆਂ, ਵਿਚਾਰਧਾਰਾ ਨਾਲ ਜੁੜੇ ਲੋਕਾਂ ਦਾ ਨਜ਼ਰੀਆ ਵੱਖ ਵੱਖ ਹੋਵੇਗਾ ਜਿਵੇਂ ਅਮੀਰ ਤੇ ਗਰੀਬ ਦਾ ਨਜ਼ਰੀਆ ਵੱਖ ਵੱਖ ਹੁੰਦਾ ਹੈ ,ਇਸੇ ਤਰ੍ਹਾਂ ਵੱਖ ਵੱਖ ਵਰਣਾਂ ਜਾਂ ਜਾਤਾਂ ਨਾਲ ਜੁੜੇ ਲੋਕਾਂ ਦੀ ਸੋਚ ਵੀ ਵੱਖ ਵੱਖ ਹੁੰਦੀ ਹੈ। ਮੱਧਕਾਲ ਤੇ ਆਧੁਨਿਕ ਸਮੇਂ ਦੀ ਸੋਚ ਵਿਚ ਅੰਤਰ ਹੈ ਤੇ ਇਸੇ ਤਰ੍ਹਾਂ ਮਾਰਕਸਵਾਦ ਤੇ ਸਨਾਤਨਵਾਦ ਨਾਲ ਜੁੜੇ ਵਿਅਕਤੀਆਂ ਦਾ ਨਜ਼ਰੀਆ ਵੱਖ ਵੱਖ ਹੋਵੇਗਾ। ਸੋ ਅਸੀਂ ਚੇਤਨਾ ਨੂੰ ਇਕ ਤਰ੍ਹਾਂ ਨਾਲ ਦ੍ਰਿਸ਼ਟੀ, ਨਜ਼ਰੀਆ ਜਾਂ ਵਿਸ਼ੇਸ਼ ਸੋਚਣ ਦਾ ਅੰਦਾਜ਼ ਕਹਿ ਸਕਦੇ ਹਾਂ ਜਿਸ ਨਾਲ ਉਹ ਸਮਾਜ ਨੂੰ ,ਦੁਨੀਆਂ ਨੂੰ ਵੇਖਦਾ ਹੈ। ਦਲਿਤ ਚੇਤਨਾ ਇਕ ਤਰ੍ਹਾਂ ਨਾਲ ਦਲਿਤ ਸਮਾਜ ਵਿਚ ਆਈ ਜਾਗ੍ਰਿਤੀ ਤੇ ਆਪਣੇ ਅਧਿਕਾਰਾਂ ਪ੍ਰਤੀ ਸੋਝੀ ਹੈ ਜੋ ਦਲਿਤ ਵਰਗ ਬਾਰੇ ਗੰਭੀਰ ਚਿੰਤਨ ਕਰਦੀ ਹੈ। ਦਲਿਤ ਚੇਤਨਾ ਇਕ ਤਰ੍ਹਾਂ ਨਾਲ ਵਰਣ ਵਿਵਸਥਾ ਤੋਂ ਉਪਜੀ ਅਮਨੁੱਖੀ ਤੇ ਸਮਾਜਿਕ ਭੇਦਭਾਵ ਦੀ ਸੋਚ ਨੂੰ ਬਦਲਕੇ ਸੁਤੰਤਰਤਾ, ਬਰਾਬਰੀ ਤੇ ਸਵੈਮਾਣ ਪੈਦਾ ਕਰਨਾ ਹੀ ਦਲਿਤ ਸਾਹਿਤ ਦਾ ਮੰਤਵ ਸਮਝਦੀ ਹੈ। ਡਾਕਟਰ ਪਰਸ਼ੋਤਮ ਸਤਿਆਪ੍ਰੇਮੀ ਦਾ ਮੱਤ ਹੈ ਕਿ ਦਲਿਤ ਸ਼ਬਦ ਦਬਾਏ ਗਏ, ਸ਼ੋਸ਼ਿਤ, ਪੀੜਿਤ, ਸਤਾਏ ਗਏ ਅਰਥਾਂ ਵਿਚ ਜਦ ਸਾਹਿਤ ਨਾਲ ਜੁੜਦਾ ਹੈ ਤਾਂ ਇਹ ਇਕ ਵਿਰੋਧ ਦਾ, ਇਕ ਨਕਾਰ ਦਾ ਸੰਕੇਤ ਦਿੰਦਾ ਹੈ। ਇਹ ਨਕਾਰ ਵਿਵਸਥਾ ਦਾ ਹੋਵੇ, ਸਮਾਜਿਕ ਵਿਸੰਗਤੀਆਂ, ਧਾਰਮਿਕ ਰੂੜੀਆ, ਆਰਥਿਕ ਔਕੜਾਂ ਤੇ ਚਾਹੇ ਸਾਹਤਿਕ ਪਰੰਪਰਾਵਾਂ ਦਾ ਹੋਵੇ- ਨਕਾਰ ਦਾ ਹੋਣਾ ਜ਼ਰੂਰੀ ਹੈ। ਸਤਿਆਪ੍ਰੇਮੀ ਤਾਂ ਇਥੋਂ ਤੱਕ ਕਹਿੰਦਾ ਹੈ ਕਿ ਦਲਿਤਾਂ ਦੀ ਹਾਲਤ, ਦੁਖਾਂ ਤੇ ਸ਼ੋਸ਼ਣ ਦਾ ਪ੍ਰਗਟਾਵਾ ਹੀ ਦਲਿਤ ਚੇਤਨਾ ਨਹੀਂ ਹੈ, ਦਲਿਤ ਚੇਤਨਾ ਦਾ ਸਿੱਧਾ ਸੰਬੰਧ ਦਲਿਤਾਂ ਦੀ ਸੱਭਿਆਚਾਰਕ, ਇਤਿਹਾਸਿਕ ਤੇ ਸਮਾਜਿਕ ਭੂਮਿਕਾ ਦੇ ਤਲਿਸਮ ਨੂੰ ਤੋੜਨਾ ਹੈ। ਇਕ ਤਰ੍ਹਾਂ ਨਾਲ ਦਲਿਤ ਸਾਹਿਤ ਵਿਚ ਬਰਾਬਰਤਾ, ਸੁਤੰਤਰਤਾ ਤੇ ਭਾਈਚਾਰੇ ਦੇ ਭਾਵਾਂ ਦੀ ਪੇਸ਼ਕਾਰੀ ਵਰਣ ਵਿਵਸਥਾ ਤੋਂ ਉਪਜੇ ਜਾਤੀਭੇਦ ਦਾ ਹੀ ਵਿਰੋਧ ਹੈ। ਜਯ ਪ੍ਰਕਾਸ਼ ਕਰਦਮ ਦਲਿਤ ਚੇਤਨਾ ਨੂੰ ਅਜਿਹੇ ਸਾਹਿਤ ਵਜੋਂ ਵੇਖਦਾ ਹੈ ਜੋ ਵਰਣ ਵਿਵਸਥਾ, ਸ਼ੋਸ਼ਣ, ਅਸਮਾਨਤਾ, ਧਾਰਮਿਕਤਾ ਤੇ ਪਰੰਪਰਾਗਤ ਰੂੜੀਆਂ ਖਿਲਾਫ ਇਕ ਮੁਹਿੰਮ ਛੇੜਦਾ ਹੋਵੇ। ਡਾਕਟਰ ਮੈਨੇਜਰ ਪਾਂਡੇ ਦਾ ਕਹਿਣਾ ਹੈ ਕਿ ਭਾਰਤੀ ਸਮਾਜ ਨੂੰ ਸਮਝਣ ਲਈ ਵਰਣ ਤੇ ਵਰਗ ਨੂੰ ਇਕੋ ਵੇਲੇ ਵੇਖਣਾ ਪਵੇਗਾ। ਵਰਗ ਦਾ ਆਧਾਰ ਆਰਥਿਕ ਹੈ ਜਦ ਕੇ ਵਰੁਣ ਦਾ ਆਧਾਰ ਆਰਥਿਕ ਤੇ ਸਮਾਜਿਕ ਦੋਵੇਂ ਹਨ। ਸੱਚੇ ਦਲਿਤ ਸਾਹਿਤ ਦੇ ਸੰਬੰਧ ਵਿਚ ਉਸਦਾ ਮੰਨਣਾ ਹੈ ਜੀਵਨ ਦੇ ਯਥਾਰਥ ਤੇ ਅਨੁਭਵ ਦੇ ਸੰਬੰਧ ਵਿਚ ਦਲਿਤਾਂ ਦੀ ਲਿਖਤ ਵਿਚ ਜੋ ਅੱਗ ਹੋਵੇਗੀ ਉਹ ਗੈਰ ਦਲਿਤਾਂ ਦੀ ਲਿਖਤ ਵਿਚ ਨਹੀਂ ਹੋਵੇਗੀ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਦਲਿਤ ਲੇਖਕ ਹੀ ਦਲਿਤ ਦਾ ਯਥਾਰਥਕ ਤਸਵੀਰ ਪੇਸ਼ ਕਰ ਸਕਦਾ ਹੈ। ਕੁਝ ਵਿਦਵਾਨ ਤਾਂ ਦਲਿਤ ਸਾਹਿਤ ਨੂੰ ਦਲਿਤਾਂ ਦੁਆਰਾ ਦਲਿਤਾਂ ਬਾਰੇ ਲਿਖਿਆ ਸਾਹਿਤ ਹੀ ਸਵੀਕਾਰ ਕਰਦੇ ਹਨ।

ਡਾਕਟਰ ਓਮ ਪ੍ਰਕਾਸ਼ ਵਾਲਮੀਕੀ ਨੇ ਦਲਿਤ ਚੇਤਨਾ ਬਾਰੇ , ਦਲਿਤ ਸਾਹਿਤ ਬਾਰੇ ਤੇ ਦਲਿਤ ਸੌਂਦਰਯ ਸ਼ਾਸ਼ਤਰ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। ਵਾਲਮੀਕੀ ਦਲਿਤ ਚੇਤਨਾ ਦੀ ਪਰਿਭਾਸ਼ਾ ਡਾਕਟਰ ਅੰਬੇਦਕਰ ਦੀ ਵਿਚਾਰਧਾਰਾ ਦੇ ਆਧਾਰ ਤੇ ਕਰਦਾ ਹੈ। ਉਸ ਅਨੁਸਾਰ ਦਲਿਤ ਚੇਤਨਾ ਮੂਲ ਤੌਰ 'ਤੇ ਡਾਕਟਰ ਅੰਬੇਦਕਰ ਦੇ ਜੀਵਨ ਤੇ ਨਜ਼ਰੀਏ ਤੋਂ ਹੀ ਦ੍ਰਿਸ਼ਟੀ ਗ੍ਰਹਿਣ ਕਰਦੀ ਹੈ। ਉਸ ਅਨੁਸਾਰ ਦਲਿਤ ਚੇਤਨਾ ਦੇ ਮੁੱਖ ਸਰੋਕਾਰ ਇਸ ਤਰ੍ਹਾਂ ਹਨ :-

# ਅੰਬੇਦਕਰ ਦੇ ਤਰਕਸ਼ੀਲ ਤੇ ਬੋਧਿਕ ਦ੍ਰਿਸ਼ਟੀਕੋਣ ਅਨੁਸਾਰ ਕੋਈ ਰੱਬ ਨਹੀਂ ,ਕੋਈ ਆਤਮਾ ਨਹੀਂ ਦੇ ਸੰਕਲਪ ਨੂੰ ਮੰਦੇ ਹੋਏ ਹਿੰਦੂ ਕਨੂੰਨ ਤੇ ਰਿਵਾਜ਼ਾਂ ਪਖੰਡਾਂ ਦਾ ਵਿਰੋਧ<br>
# ਜਾਤੀ ਪ੍ਰਬੰਧ, ਜਾਤੀਵਾਦ ਤੇ ਸੰਪਰਦਾਇਕਤਾ ਦਾ ਵਿਰੋਧ<br>
# ਸਾਮੰਤਵਾਦ , ਪੂੰਜੀਵਾਦ ਤੇ ਬ੍ਰਾਹਮਣਵਾਦ ਦਾ ਵਿਰੋਧ<br>
# ਕਿਸੇ ਵੀ ਤਰ੍ਹਾਂ ਦੀ ਸਰਬਉੱਚਤਾ ,ਵਿਸ਼ੇਸ਼ਾ ਅਧਿਕਾਰ ਤੇ ਇਨ੍ਹਾਂ ਨਾਲ ਜੁੜੀਆਂ ਗੱਲਾਂ ਦਾ ਵਿਰੋਧ<br>
# ਕਿਸੇ ਵੀ ਤਰ੍ਹਾਂ ਦੀ ਸਮਾਜੀ ਵੰਡ ਦਾ ਵਿਰੋਧ<br>
# ਰਵਾਇਤੀ ਸੁਹਜ ਸ਼ਾਸ਼ਤਰ ਦਾ ਵਿਰੋਧ<br>
# ਰਾਮਚੰਦਰ ਸ਼ੁਕਲ ਦੀ ਮਹਾਨ ਕਵਿਤਾ ਦੀ ਪਰਿਭਾਸ਼ਾ ਨਾਲ ਅਸਹਿਮਤੀ<br>
# ਧਾਰਮਿਕ ,ਰਾਜਨੀਤਕ ਤੇ ਸਮਾਜਿਕ ਸ਼ੋਸ਼ਣ ਦੀ ਪੇਸ਼ਕਾਰੀ<br>
# ਦਲਿਤ ਪੀੜਾ ਦੀ ਪੇਸ਼ਕਾਰੀ<br>
# ਜਾਤਹੀਣ ਤੇ ਵਰਗਹੀਣ ਸਮਾਜ ਉਸਾਰਨ ਵਿਚ ਸਹਿਯੋਗ<br>
# ਆਪਸੀ ਭਾਈਚਾਰੇ ,ਸਮਾਜਿਕ ਨਿਆਏ ਤੇ ਆਜ਼ਾਦੀ ਦਾ ਸਮਰਥਨ

ਇਕ ਤਰ੍ਹਾਂ ਨਾਲ ਸਮਾਜਿਕ ਅੰਤਰ ਵਿਰੋਧਾਂ ਤੋਂ ਉਪਜੀਆਂ ਵਿਸੰਗਤੀਆਂ ਨੇ ਦਲਿਤਾਂ ਵਿਚ ਬਹੁਤ ਨਿਰਾਸ਼ਾ ਪੈਦਾ ਕੀਤੀ। ਇਹੋ ਜਿਹੀਆਂ ਸਥਿਤੀਆਂ ਦੇ ਜ਼ਿੰਮੇਵਾਰ ਕੌਣ ਸਨ/ਹਨ। ਮਹਾਤਮਾ ਫੂਲੇ ਦਾ ਮੰਨਣਾ ਹੈ ਕਿ ਜਦੋਂ ਤੋਂ ਬ੍ਰਾਹਮਣਾ ਦੀ ਸੱਤ ਕਾਇਮ ਹੋਈ ਹੈ, ਉਦੋਂ ਤੋਂ ਹੀ ਅਛੂਤ ਲਗਾਤਾਰ ਜ਼ੁਲਮ ਤੇ ਸ਼ੋਸ਼ਣ ਦਾ ਸ਼ਿਕਾਰ ਹਨ। ਹਰ ਤਰ੍ਹਾਂ ਦੀਆਂ ਕਠਿਨਾਈਆਂ ਤੇ ਯਾਤਨਾਵਾਂ ਵਿਚ ਆਪਣੇ ਦਿਨ ਗੁਜ਼ਾਰ ਰਹੇ ਹਨ। ਬ੍ਰਾਹਮਣਾ ਨੇ ਅਛੂਤਾਂ ਨੂੰ ਗਿਆਨਹੀਣ ਤੇ ਬੁੱਧੀਹੀਣ ਬਣਾ ਦਿੱਤਾ ਹੈ। ਬ੍ਰਾਹਮਣਾਂ ਅਨੁਸਾਰ ਬ੍ਰਹਮਾ ਨੇ ਅਛੂਤਾਂ ਨੂੰ ਬ੍ਰਾਹਮਣਾਂ ਦੀ ਸੇਵਾ ਲਈ ਹੀ ਪੈਦਾ ਕੀਤਾ ਹੈ। ਇਨ੍ਹਾਂ ਨੂੰ ਹਮੇਸ਼ਾ ਬ੍ਰਾਹਮਣਾਂ ਦੀ ਸੇਵਾ ਵਿਚ ਹੀ ਲੱਗੇ ਰਹਿਣਾ ਚਾਹੀਦਾ ਹੈ। ਉਨ੍ਹਾਂ ਦੀ ਮਰਜ਼ੀ ਦੇ ਖ਼ਿਲਾਫ਼ ਕੁਝ ਨਹੀਂ ਕਰਨਾ ਚਾਹੀਦਾ।

ਅਜਿਹਾ ਕਰਕੇ ਹੀ ਉਨ੍ਹਾਂ ਦਾ ਜੀਵਨ ਸਾਰਥਕ ਹੋ ਸਕਦਾ ਹੈ ਤੇ ਉਹ ਪ੍ਰਮਾਤਮਾ ਨੂੰ ਪ੍ਰਾਪਤ ਕਰ ਸਕਦੇ ਹਨ। ਅਸਲ ਵਿਚ ਦਲਿਤ ਚੇਤਨਾ ਦੀਆਂ ਜੜ੍ਹਾਂ ਦਲਿਤ ਸੱਭਿਆਚਾਰ ਵਿਚੋਂ ਹੀ ਤਲਾਸ਼ੀਆਂ ਜਾ ਸਕਦੀਆਂ ਹਨ ਜਿਸ ਵਿਚ ਇਜ਼ੱਤ, ਸਵੈਮਾਣ ਤੇ ਭਵਿੱਖ ਬਾਰੇ ਸੋਚ ਹੋਵੇ। ਇੰਜ ਵੇਖੀਏ ਤਾਂ ਦਲਿਤ ਚੇਤਨਾ ਇਕ ਇਨਕਲਾਬੀ ਸੋਚ ਦੀ ਪੈਦਾਵਾਰ ਹੋ ਨਿਬੜਦੀ ਹੈ ਜੋ ਸੰਘਰਸ਼ ਨਾਲ ਜੁੜਦੀ ਹੈ। ਡਾਕਟਰ ਅੰਬੇਦਕਰ ਦੇ ਵਿਚਾਰ ਇਸਦੀ ਤਹਿ ਵਿਚ ਪਏ ਹਨ।



ਦਲਿਤ ਚੇਤਨਾ ਦਲਿਤਾਂ ਨੂੰ ਉਨ੍ਹਾਂ ਦੀ ਗੁਲਾਮਗਿਰੀ ਬਾਰੇ ਸੁਚੇਤ ਕਰਦੀ ਹੈ। ਇਕ ਤਰ੍ਹਾਂ ਨਾਲ ਡਾਕਟਰ ਅੰਬੇਦਕਰ ਦੇ ਵਿਚਾਰਾਂ ਅਨੁਕੂਲ ਹੋਣਾ ਹੀ ਦਲਿਤ ਸਾਹਿਤ ਤੇ ਦਲਿਤ ਚੇਤਾ ਦਾ ਪੈਮਾਨਾ ਹੈ। ਸੋ ਕਿਹਾ ਜਾ ਸਕਦਾ ਹੈ ਕਿ ਮਨੁੱਖ ਦੀ ਸ਼ਕਤੀ ਨੂੰ ਸਵੀਕਾਰ ਕਰਨ ਵਾਲਾ, ਵੰਸ਼ਵਾਦ, ਵਰਣਵੰਡ, ਜਾਤੀਵਾਦ ਦਾ ਪ੍ਰਬਲ ਵਿਰੋਧ ਕਰਨ ਵਾਲਾ ਤੇ ਦਲਿਤ ਪੀੜਾ ਨੂੰ ਚਿਤਰਣ ਵਾਲਾ ਸਾਹਿਤ ਹੀ ਦਲਿਤ ਚੇਤਨਾ ਭਰਭੂਰ ਸਾਹਿਤ ਹੈ ਜਿਸਦਾ ਕੇਂਦਰ ਬਿੰਦੂ ਹਜ਼ਾਰਾਂ ਸਾਲਾਂ ਦੇ ਸ਼ੋਸ਼ਣ ਤੋਂ ਮੁਕਤ ਹੋਣ ਦੀ ਕੋਸ਼ਿਸ਼ ਹੈ।

## ਮੈਂ ਤੇ ਮੇਰੀ ਕਵਿਤਾ

ਮੈਂ ਤੇ ਮੇਰੀ ਕਵਿਤਾ
ਉਨ੍ਹਾਂ ਲੋਕਾਂ ਲਈ ਓਪਰੇ ਹਾਂ
ਅਜਨਬੀ ਹਾਂ
ਜਿਹੜੇ ਕਲਾ ਤੇ ਸਾਹਿਤ ਦੀ ਗੱਲ
ਕਿਸੇ ਦੇਵੀ ਦੇ ਨਾਂ ਤੋਂ ਸ਼ੁਰੂ ਕਰਦੇ ਨੇ
ਤੇ ਦੇਵਤੇ ਦੇ ਨਾਂ 'ਤੇ ਲਿਆ ਮੁਕਾਉਂਦੇ ਨੇ
ਮੈਂ ਤੇ ਮੇਰੀ ਕਵਿਤਾ
ਉਨ੍ਹਾਂ ਲਈ ਵੀ ਬੇ-ਮਾਅਨੇ ਹਾਂ
ਓਪਰੇ ਹਾਂ
ਬਾਹਰਲੇ ਹਾਂ
ਜਿਨ੍ਹਾਂ ਦੇ ਭਾਸ਼ਣਾਂ ਦੀ ਖਿਚੜੀ
ਏ. ਸੀ. ਕਮਰਿਆਂ 'ਚ ਪੱਕਦੀ ਏ
ਜਿਹਨੂੰ
ਵਰ੍ਹੇ ਛਿਮਾਹੀ ਬਾਅਦ
ਸ਼ਾਹੀ ਸੈਮੀਨਾਰਾਂ ਦੀ ਭੀੜ ਛਕਦੀ ਏ
ਮੈਂ ਤੇ ਮੇਰੀ ਕਵਿਤਾ ਦਾ
ਉਨ੍ਹਾਂ ਨਾਲ ਵੀ ਕੋਈ ਨੇੜ ਨਹੀਂ
ਜਿਨ੍ਹਾਂ ਦੀ ਨਜ਼ਰ ਦੀ ਐਨਕ ਉਧਾਰੀ ਹੈ
ਮੈਂ ਤੇ ਮੇਰੀ ਕਵਿਤਾ
ਉਨ੍ਹਾਂ ਦੇ ਨਾਲ ਨੇ
ਜੋ ਤੁਹਾਡੀ ਸਵੈ ਸਿਰਜੀ
ਅਖੌਤੀ ਮੁੱਖ ਧਾਰਾ ਲਈ/ਗੰਦ ਕੂੜਾ ਜਾਂ ਗਾਲ੍ਹ ਨੇ
ਸਭਿਅਕ ਸਮਝੇ ਜਾਂਦੇ ਸਮਾਜ ਲਈ
ਪੰਜਵੀਂ ਪਾਲ੍ਹ ਨੇ।

## ਕੁਜਾਤ

ਮੈਂ ਉਦੋਂ ਤੱਕ ਨੇਕ ਸੀ
ਸਾਊ ਸੀ
ਜਦੋਂ ਤੱਕ
ਤੁਹਾਡੇ ਹੁਕਮ 'ਚ ਬੱਝਾ
ਬਰਦਾ ਸੀ
ਜੀ-ਜੀ ਕਰਦਾ ਸੀ
ਤੁਹਾਡੇ ਖਰਵੇ ਜਿਹੇ ਬੋਲ
ਮੇਰੀ ਖ਼ੈਰਾਤ ਸੀ
ਮੇਰੇ ਲਈ ਸੌਗਾਤ ਸੀ
ਉਦੋਂ ਤੁਹਾਡਾ ਕਿਹਾ ਦਿਨ
ਮੇਰੇ ਲਈ ਦਿਨ ਸੀ
ਤੁਹਾਡੀ ਦੱਸੀ ਰਾਤ
ਮੇਰੇ ਲਈ ਰਾਤ ਸੀ
ਮੈਂ ਅਣ-ਕਹੀ
ਮੈਂ ਅਣ-ਸੁਣੀ
ਬੇ-ਹੁੰਗਾਰਾ ਬਾਤ ਸੀ
ਇੱਕ ਬੇ-ਨਾਵੇਂ ਦੇ
ਇਕ ਬੇ-ਥਾਵੇਂ ਦੇ
ਸਿਰ 'ਤੇ ਖੜੀ
ਸ਼ਾਹ ਕਾਲ਼ੀ ਰਾਤ ਸੀ।
ਹੁਣ ਜਦੋਂ ਮੈਂ
ਦਿਨ ਨੂੰ ਦਿਨ
ਰਾਤ ਨੂੰ ਰਾਤ ਕਿਹਾ
'ਨ੍ਹੇਰ ਨੂੰ 'ਨ੍ਹੇਰ
ਸਰਘੀ ਨੂੰ ਪ੍ਰਭਾਤ ਕਿਹਾ
ਤਾਂ ਤੁਹਾਡੇ ਤਪਦੇ ਬੋਲਾਂ ਨੇ
ਮੈਨੂੰ ਕਾਫ਼ਰ ਕਿਹਾ
ਕੁਜਾਤ ਕਿਹਾ।

## ਨਾਬਰ-1

ਅਸੀਂ ਮੁਨਕਰ ਹਾਂ
ਉਸ ਸੱਚ ਤੋਂ
ਜਿਹੜਾ ਤੁਸੀਂ ਪੜ੍ਹਾਉਂਦੇ ਹੋ
ਜਿਹੜਾ ਤੁਸੀਂ ਸਿਖਾਉਂਦੇ ਹੋ
ਅਸੀਂ ਨਾਬਰ ਹਾਂ
ਤੁਹਾਡੇ ਉਸ ਫਲਸਫੇ ਤੋਂ
ਜਿਹੜਾ ਇਹ ਸਿੱਧ ਕਰਦਾ ਹੈ
ਕਿ ਧਰਤੀ ਤੇ ਨਰਕ
ਥੁੜ੍ਹਾਂ ਮਾਰਿਆਂ ਦੇ
ਮੱਥੇ ਦੀ ਲਿਖਤ ਹੈ
ਪਿਛਲੇ ਜਨਮ ਦਾ ਕੋਹੜ ਹੈ
ਸਰਾਪ ਹੈ
ਪਹਿਲੇ ਕੀਤਾ ਪਾਪ ਹੈ
ਅਸੀਂ ਬਾਗੀ ਹਾਂ
ਬਾਗੀ ਹਾਂ ਉਸ ਸੱਚ ਤੋਂ
ਜੋ ਹੱਥਾਂ ਦੀਆਂ ਲਕੀਰਾਂ ਤੋਂ
ਬੰਦੇ ਦੀਆਂ ਤਕਦੀਰਾਂ ਤੱਕ
ਬੇਤੁਕਾ ਇਹ ਸਿੱਧ ਕਰਕੇ
ਸਿਮਟ ਜਾਂਦਾ ਹੈ
ਕੁਰਸੀ ਨੂੰ ਲਿਪਟ ਜਾਂਦਾ ਹੈ
ਕਿ ਸ਼ਹਿਨਸ਼ਾਹਾਂ ਦਾ ਮੁਕੱਦਰ
ਬਾਦਸ਼ਾਹੀ ਹੈ।
ਤੁਸੀਂ ਚਾਦਰ ਹੋ- ਸੇਵਾਦਾਰ ਹੋ
ਸਿਰਫ ਨਕਸ਼ਹੀਣ ਭੀੜ ਹੋ
ਕੀੜੇ ਮਕੌੜਿਆਂ ਦੀ
ਕਤਾਰ ਹੋ
ਅਸੀਂ ਫਿਟਕਾਰਦੇ ਹਾਂ
ਪਰੇ ਚੱਕ ਮਾਰਦੇ ਹਾਂ
ਤੁਹਾਡੇ ਇਸ ਦੰਭੀ ਗਿਆਨ ਨੂੰ
ਬੇਹੇ-ਬੁੱਸੇ ਬਿਆਨ ਨੂੰ
ਜਿਸਦੀ ਹਰੀ ਖਿੜਕੀ
ਰੌਸ਼ਨਦਾਨ ਤੇ ਬੂਹਾ
'ਨ੍ਹੇਰੇ ਦੇ ਖੂਹ ਵੱਲ ਖੁੱਲ੍ਹਦਾ ਹੈ
ਤੇ ਹਰ ਇਕ ਸੱਚ
ਪਾਸਕੂ ਵਾਲੀ ਤੱਕੜੀ 'ਚ ਤੁਲਦਾ ਹੈ
ਅਸੀਂ ਹੁਣ ਸਮਝ ਗਏ ਹਾਂ
ਜਾਣ ਗਏ ਹਾਂ
ਤੁਹਾਡੀ ਧਰਮ ਨੀਤੀ ਨੂੰ
ਤੁਹਾਡੀ ਕਰਮ ਨੀਤੀ ਨੂੰ
ਜੋ ਸਾਨੂੰ
ਬੰਦਿਆਂ ਦਾ
ਅੱਜ ਵੀ ਪੰਜਵੀਂ ਪਾਲ੍ਹ ਦੱਸਦੀ ਏ
ਤੇ ਸਾਡੇ ਹੋਣ ਨੂੰ
ਸਾਡੀ ਹੋਂਦ ਨੂੰ
ਇਕ ਮਸ਼ਕਰੀ ਜਾਂ ਗਾਲ੍ਹ ਦੱਸਦੀ ਏ।

## ਨਾਬਰ-2

ਹੇ ਗੁਣੀ ਗਿਆਨੀਓ!
ਵਿਦਵਤਾ ਦੇ ਵਰੋਸਾਏ
ਮਹਾਂ ਪੰਡਤੋ!!
ਮੈਨੂੰ ਅਨਪੜ੍ਹ ਅਗਿਆਨੀ ਹੀ ਰਹਿਣ
ਦਿਓ
ਰਹਿਣ ਦਿਓ ਅਨਪੜ੍ਹ ਸਿਲ-ਵੱਟਾ
ਜਾਂ ਪੱਥਰ
ਚੰਗਾ ਹਾਂ- ਕਲਾ ਹੀਣ
ਰੰਗਾਂ ਤਰੰਗਾਂ ਤੋਂ ਵਿਰਵਾ
ਤੁਸੀਂ ਆਪਣੇ ਕੋਲ ਹੀ ਰੱਖੋ
ਆਪਣਾ ਕਾਵਿ ਸ਼ਾਸਤਰ
ਰਸ ਸਿਧਾਂਤ ਤੇ ਛੰਦ ਛੜੱਪੇ
ਆਪਣੀ ਕਲਾ ਦੇ ਠੱਪੇ
ਮੈਂ ਨਹੀਂ ਲੋੜ
ਤੁਹਾਡੇ ਸੁਹਜ ਸਮੁੰਦਰਦੀ
ਖਾਨਿਆਂ 'ਚ ਵੰਡੀ ਧਰਤੀ
ਤੇ ਛਤਰੀ ਜਿੱਡੇ ਅੰਬਰ ਦੀ
ਮੈਨੂੰ ਨਾ ਦੱਸੋ
ਕਵਿਤਾ ਲਈ ਕੋਈ ਨਵਾਂ ਵਿਸ਼ਾ
ਨਾ ਸੁਝਾਓ
ਲਿਖਣ ਲਈ ਅਛੂਤੇ ਤੇ ਨਵੇਂ ਬਿੰਬ
ਨਹੀਂ ਚਾਹੀਦੇ ਮੈਨੂੰ
ਤੁਹਾਡੀ ਦੱਸੀ ਹੋਈ ਵਿਲੱਖਣਤਾ
ਠਰੀ ਤੇ ਡਰੀ ਜਿਹੀ ਮੌਲਿਕਤਾ।
ਡਾਢਿਓ!
ਉਹ ਸ਼ਬਦ ਮੇਰੇ ਲਈ ਬੇਅਰਥ ਹਨ
ਜਿਨ੍ਹਾਂ 'ਚ ਮੇਰੇ ਮੁੜ੍ਹਕੇ ਦੀ
ਮਹਿਕ ਨਹੀਂ
ਉਹ ਬੋਲ ਮੇਰੇ ਲਈ ਸੱਖਣੇ ਨੇ
ਊਣੇ ਨੇ ਨਿਗੂਣੇ ਨੇ
ਜਿਨ੍ਹਾਂ 'ਚੋਂ
ਮੇਰੇ ਲਹੂ ਦਾ ਤਾਪ ਨਹੀਂ
ਸੇਕ ਨਹੀਂ
ਮੈਂ ਸ਼ਬਦਾਂ 'ਚ ਸੁਹਜ ਨਹੀਂ ਜੜਦਾ
ਸੋਹਜ ਲਈ ਲੜਦਾ ਹਾਂ
ਸ਼ਬਦ ਮੇਰੇ ਲਈ
ਸਿਰਫ਼ ਸ਼ਬਦ ਨਹੀਂ
ਜ਼ਿੰਦਗੀ ਦੇ ਰਣ 'ਚ ਜੂਝਦੇ
ਜਹਾਦੀ ਨੇ
ਸ਼ਬਦ ਮੇਰੇ ਲਈ ਤੇਗ ਨੇ
ਢਾਲ ਨੇ
ਬਾਣ ਨੇ
ਤਲਵਾਰ ਨੇ
ਸਵਾਲ ਨੇ
ਕਵਿਤਾ ਮੇਰੇ ਲਈ
ਸਿਰਫ ਕਵਿਤਾ ਨਹੀਂ ਮੁਹਾਜ਼ ਹੈ।

## ਬੇਵਤਨਾ

ਨਾ ਮੇਰਾ ਘਰ ਹੈ ਨਾ ਘਾਟ
ਨਾ ਖੇਤ ਨਾ ਬਾੜੀ
ਨਾ ਬਾਗ ਨਾ ਬੰਨੇ
ਪਰ ਉਹ ਕਹਿੰਦੇ ਨੇ
ਕਿ ਪਿੰਡ ਤੇਰਾ ਹੈ
ਨਾ ਮੇਰੇ ਲਈ ਕੋਈ ਲਿਖਤ ਹੈ
ਨਾ ਮੇਰੀ ਪੜ੍ਹਤ ਹੀ
ਨਾ ਕੋਈ ਕੱਚਾ ਪੱਕਾ ਕਾਗਜ਼ ਹੈ
ਨਾ ਹਰਫ਼ ਹੀ
ਪਰ ਉਹ ਕਹਿੰਦੇ ਨੇ
ਕਿ ਸ਼ਹਿਰ ਤੇਰਾ ਹੈ
ਇੱਥੇ ਮੇਰਾ ਜੰਮਣਾ-ਜੰਮਣਾ ਨਹੀਂ
ਗੰਦੀ ਨਾਲੀ 'ਚ
ਕਿਸੇ ਕੀਟ ਦਾ ਰੀਂਘਣਾ ਹੈ
ਤੇ ਮੇਰੀ ਮੌਤ
ਚਿੜ੍ਹੀ ਦੀ ਮੌਤ ਹੋਵੇਗੀ
ਜਿਸ ਤੇ ਅਖੌਤੀ ਸਿਆਣੇ ਤੇ ਗਵਾਰ
ਮਿਲ ਕੇ ਹੱਸਣਗ
ਅਸ਼ਲੀਲ ਫੱਬਤੀਆਂ ਕੱਸਣਗੇ
ਇਹ ਪਿੰਡ?
ਇਸ ਲਈ ਮੇਰਾ ਹੈ
ਕਿ ਇਹਦੀ ਮਿੱਟੀ 'ਚ ਜੜ੍ਹ ਹੋਏ ਨੇ
ਮੇਰੇ ਪੁਰਖੇ
ਮਿੱਟੀ ਦੇ ਕਣ ਕਣ 'ਚ
ਜੜ੍ਹ ਹੋਏ ਨੇ ਮੇਰੇ ਬਜ਼ੁਰਗ
ਇਹ ਸ਼ਹਿਰ?
ਇਸ ਲਈ ਮੇਰਾ ਹੈ
ਕਿ ਇਹਦੀਆਂ ਉੱਚੀਆਂ ਇਮਾਰਤਾਂ 'ਚ
ਮੇਰੇ ਲਹੂ ਦੀ ਲਿਸ਼ਕ ਹੈ
ਕਿ ਪਿੰਡ ਦੀ ਹਰ ਡੰਡੀ
ਸੜਕਾਂ 'ਚ ਖਪ ਜਾਂਦੀ ਹੈ
ਕਿ ਇੱਥੋਂ ਜਾਰੀ ਹੋਇਆ ਹੈ
ਮੈਨੂੰ ਪੀਲਾ ਕਾਰਡ
ਇਹ ਦੇਸ਼
ਇਸ ਲਈ ਮੇਰਾ ਹੈ
ਕਿ ਇੱਥੇ ਮਨੂੰ ਦੀ ਪ੍ਰਯੋਗਸ਼ਾਲਾ 'ਚ
ਪੁਣ ਪਰਖ ਹੋਈ ਹੈ
ਮੇਰੀ ਜਾਤ-ਮੇਰੀ ਨਸਲ
ਪਰਤ ਦਰ ਪਰਤ ਹੋਈ ਹੈ
ਮੇਰੀ ਸ਼ਨਾਖਤ
ਮੇਰੀ ਪਛਾਣ
ਤੇ ਮੈਨੂੰ ਹੱਕਾਂ ਦੇ ਨਾਂ ਤੇ ਮਿਲੀ ਹੈ
ਵੋਟ ਦੀ ਪਰਚੀ
ਜੋ ਲੋਕਤੰਤਰ ਦੇ ਅੰਬਰ ਨੂੰ
ਟਟੀਰੀ ਵਾਂਗ ਥੰਮੀ ਖੜੀ ਹੈ
ਆਪਣੀਆਂ ਟੰਗਾਂ ਉਤੇ
ਉਹ-ਮੇਰੇ
ਐਵੇਂ-ਘਿੱਚੀ ਦੇ ਪਿੰਡ
ਰੇਤ-ਛਲ ਵਰਗੇ ਸਾਕ ਵਾਲੇ ਸ਼ਹਿਰ
ਤੇ ਸੱਚਮੁੱਚ ਦੇ ਮਤੇਰਾਂ ਵਰਗੇ ਦੇਸ਼
ਜੇ ਮੈਂ ਵਤਨੀ ਹੋ ਕੇ ਵੀ
ਇੰਜ ਬੇਵਤਨਾ ਹੀ ਰਹਿਣਾ ਹੈ
ਤਾਂ ਫਿਰ ਮੈਂ ਇਹ ਕਹਿਣਾ ਹੈ
''ਚੰਗਾ ਹੈ ਰੇਤ ਵਰਗੇ ਰਿਸ਼ਤੇ ਨੂੰ
ਮੈਂ ਨਕਾਰ ਦਿਆਂ ਤੋੜ ਦਿਆਂ
ਤੇਰੇ ਕੂਲ੍ਹੇ ਤੇ ਲਵੇ ਚਿਹਰੇ 'ਤੇ
ਮੈਂ ਆਪਣੀ ਸਾਰੀ ਨਫਰਤ
ਖੇੜ ਦਿਆਂ-ਰੋੜ੍ਹ ਦਿਆਂ
ਜੋ ਮਿੱਟੀ ਨਾਲ ਜੋੜਦੀ ਮੈਨੂੰ
ਤੇ ਗੰਢਦੀ ਪਿੰਡ ਨਾਲ ਨਾਤਾ
ਮੈਂ ਭੁੱਲ ਜਾਣਾ ਜਨਮ ਭੂਮੀ ਨੂੰ
ਤੇ ਨਾੜੂ ਦੀ ਗੰਢ ਮਰੋੜ ਦਿਆਂ
ਪੁਰਜ਼ਾ ਪੁਰਜ਼ਾ ਵਗਾਹ ਮਾਰਾਂ
ਬਖਸ਼ਿਆ ਕਾਰਡ ਜੋ ਪੀਲਾ
ਤੇ ਪਰਚੀ ਵੋਟ ਦੀ ਬਿਨ ਤੱਕਿਆਂ
ਗੰਦੀ ਨਾਲੀ 'ਚ ਰੋੜ੍ਹ ਦਿਆਂ ..''

# ਪੂਰਨਤਾ ਪ੍ਰਾਪਤੀ ਤੱਕ ਪੁੱਜਦੀਆਂ ਰਚਨਾਵਾਂ



ਬਲਵੀਰ ਮੰਨਣ
91-94173-45485

ਹਰੇਕ ਰਚਨਾ ਮਨ ਦੀ ਉਡਾਨ ਦਾ ਸਿੱਟਾ ਹੁੰਦੀ ਹੈ, ਭਾਵੇਂ ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਇਹ ਉਡਾਨ, ਹਕੀਕਤ ਰੂਪੀ ਧਰਾਤਲ ਤੋਂ ਹੀ ਮੂਲ ਆਧਾਰ ਹਾਸਲ ਕਰਦੀ ਹੈ। ਮਨ ਨੇ ਕਦੋਂ ਤੇ ਕਿਸ ਵੇਲ਼ੇ ਉਡਾਨ ਭਰਨੀ ਹੈ, ਇਸ ਦਾ ਨਿਸ਼ਚਿਤ ਸਮਾਂ ਕੋਈ ਨਹੀਂ ਹੁੰਦਾ। ਇਹ ਤਾਂ ਗਾਹੇ-ਬਗਾਹੇ, ਸੁੱਤਿਆਂ-ਜਾਗਦਿਆਂ, ਕਦੇ ਵੀ ਉਡਾਰੀ ਭਰ ਜਾਂਦਾ ਹੈ। ਕਈ ਵਾਰ ਇਸਦੇ ਉਡਾਰੀ ਭਰਦਿਆਂ ਹੀ, ਉਸ ਉਡਾਰੀ ਨੂੰ, ਸਾਕਾਰ ਰੂਪ ਦੇ ਦਿੱਤਾ ਜਾਂਦਾ ਹੈ ਤੇ ਕਈ ਵਾਰ, ਕਿਸੇ ਹੋਰ ਵੇਲ਼ੇ ਉਸ ਉਡਾਰੀ ਨੂੰ ਅੱਖਰਾਂ ਵਿੱਚ ਪਰੋਇਆ ਜਾਂਦਾ ਹੈ।

ਜਦੋਂ ਕਿਸੇ ਹੋਰ ਵੇਲ਼ੇ ਇਸਦੀ ਉਡਾਰੀ ਨੂੰ ਰੂਪਮਾਨ ਕੀਤਾ ਜਾਂਦਾ ਹੈ ਤਾਂ ਕਈ ਵਾਰ ਰਚਨਾਕਾਰ ਦਾ ਮਨ ਪੂਰਾ ਟਿਕਾਓ ਵਿੱਚ ਨਹੀਂ ਹੁੰਦਾ ਤੇ ਉਡਾਰੀ ਦਾ ਮਾਣਿਆ ਪਲ-ਪਲ ਰਚਨਾਕਾਰ ਦੇ ਸਿਮਰਤੀ-ਪਟਲ ’ਤੇ ਹੂ-ਬਹੂ ਦੁਬਾਰਾ ਨਹੀਂ ਵਾਪਰਦਾ।

ਕਿਸੇ ਵੇਲ਼ੇ ਇੰਞ ਵੀ ਹੋ ਜਾਂਦਾ ਹੈ ਕਿ ਰਚਨਾਕਾਰ ਕੋਲ਼ ਪੂਰੀ ਵਿਹਲ ਨਹੀਂ ਹੁੰਦੀ ਤੇ ਉਹ ਰਚਨਾ ਦਾ ਖ਼ਾਕਾ ਮਾਤਰ ਹੀ ਝਰੀਟ ਪਾਉਂਦਾ ਹੈ ਤੇ ਉਸਨੂੰ ਪੂਰਨਤਾ ਲਈ, ਭਵਿੱਖ ਦੀ ਗੋਦੀ ਵਿੱਚ ਸੰਭਾਲ ਦਿੰਦਾ ਹੈ, ਇੱਕ ਅਟੁੱਟ ਭਰੋਸੇ ਨਾਲ। ਰਚਨਾ, ਕਈ ਵਾਰ ਖ਼ਾਕਾ ਰੂਪ ਵਿੱਚ ਹੀ ਬਹੁਤਾ ਸਮਾਂ ਪਈ ਰਹਿੰਦੀ ਹੈ। ਵਿੱਚ-ਵਿਚਾਲ਼ੇ ਜਦੋਂ ਇਹ ਕਦੇ ਰਚਨਾਕਾਰ ਦੇ ਨਜ਼ਰੀਂ ਚੜ੍ਹਦੀ ਵੀ ਹੈ ਤਾਂ ਕਿਸੇ ਵਜ੍ਹਾ ਕਰਕੇ ਪੂਰਾ ਵਿਸਤਾਰ ਹਾਸਲ ਨਹੀਂ ਕਰ ਪਾਉਂਦੀ ਪਰ ਇਹ ਆਪਣੀ ਪੂਰਨਤਾ ਲਈ ਤਾਂਘਦੀ ਹੀ ਰਹਿੰਦੀ ਹੈ। ਇਹ ਤਾਂ ਪੂਰਨ ਹੋਣਾ ਲੋਚਦੀ ਹੈ ਕਿਉਂਕਿ ਇਸਨੂੰ ਆਪਣਾ-ਆਪਾ ਅਧੂਰਾ ਅਤੇ ਅਪੂਰਨ ਲਗਦਾ ਹੈ। ਇਹ ਰਚਨਾਕਾਰ ਦੇ ਮਨ ਨੂੰ ਗਾਹੇ-ਬਗਾਹੇ ਟਕ-ਟਕਾਉਂਦੀ ਵੀ ਰਹਿੰਦੀ ਹੈ।

ਦੂਜੇ ਪਾਸੇ, ਖ਼ਾਕਾ ਰੂਪ ਇਹ ਰਚਨਾ, ਇਸ ਗੱਲੋਂ ਰਚਨਾਕਾਰ ਦੀ ਸ਼ੁਕਰ-ਗੁਜ਼ਾਰ ਵੀ ਹੁੰਦੀ ਹੈ ਕਿ ਇਸਨੂੰ ਸਾਕਾਰ ਰੂਪ ਪ੍ਰਾਪਤ ਤਾਂ ਹੋ ਗਿਆ, ਭਾਵੇਂ ਅੱਧਾ-ਅਧੂਰਾ ਹੀ ਸਹੀ। ਨਹੀਂ ਤਾਂ ਰਚਨਾਕਾਰ ਦੇ ਮਨ ਦੀਆਂ ਕਈ ਉਡਾਰੀਆਂ ਤਾਂ, ਸਮਾਂ ਰਹਿੰਦਿਆਂ ਕਿਤੇ ਨਾ ਝਰੀਟੀਆਂ ਜਾਣ ਕਾਰਨ, ਅਲੋਪਤਾ ਅਤੇ ਗੁੰਮਸ਼ੁਦਗੀ ਦੇ ਸੰਸਾਰ ਵਿੱਚ ਚਲੀਆਂ ਜਾਂਦੀਆਂ ਹਨ।

ਕਿਸੇ ਅਲਪ-ਅਧੂਰੀ ਰਚਨਾ ਦਾ ਖ਼ਾਕਾ ਕਦੇ ਨਾ ਕਦੇ ਉਹ ਢੁਕਵਾਂ ਸਮਾਂ ਹਾਸਲ ਕਰ ਹੀ ਲੈਂਦਾ ਹੈ, ਜਦੋਂ ਉਸਦੀ ਪੂਰਨਤਾ ਲਈ ਢੁਕਵਾਂ ਜੋੜ-ਮੇਲ ਬਣਿਆ ਹੁੰਦਾ ਹੈ। ਤਦ ਰਚਨਾਕਾਰ ਦਾ ਪੂਰਾ ਮਨ ਉਸ ਰਚਨਾ ਉੱਪਰ ਕੇਂਦਰਿਤ ਹੁੰਦਾ ਹੈ ਜਾਂ ਇੰਞ ਆਖ ਲਓ ਕਿ ਇਹ ਰਚਨਾਕਾਰ ਦੇ ਮਨ ਉੱਪਰ ਪੂਰੀ ਤਰ੍ਹਾਂ ਨਾਲ ਛਾ ਜਾਂਦੀ ਹੈ। ਤਦ ਸੁਹਿਰਦ ਸਿਰਜਣ ਪ੍ਰਕਿਰਿਆ ਦਾ ਆਰੰਭ ਹੁੰਦਾ ਹੈ।

ਰਚਨਾ ਦੇ ਅਪੂਰਨ ਅਤੇ ਅਵਿਕਸਿਤ ਅੰਗ ਪ੍ਰਫੁਲਤਾ ਵੱਲ ਚੁੰਗੀਆਂ ਭਰਦੇ ਹਨ। ਹੁਣ ਇਹ ਅੰਗ ਆਪਣੇ-ਆਪ ਨੂੰ ਨਿਸ਼ਚਿਤ ਅਤੇ ਸੁੰਦਰ ਸਰੂਪ ਵਿੱਚ ਆਉਂਦਿਆਂ ਮਹਿਸੂਸ ਕਰਦੇ ਹੋਏ ਫੁੱਲੇ ਨਹੀਂ ਸਮਾਉਂਦੇ। ਰਚਨਾ ਦੀ ਦੇਹ ਵਿਚਲੇ ਵਿੰਗ-ਵਲ਼ੇਵੇਂ ਨਿਕਲਣ ਲੱਗਦੇ ਹਨ। ਇਨ੍ਹਾਂ ਵਿੱਚ ਪ੍ਰਾਣਾਂ ਦਾ ਭਰਪੂਰ ਸੰਚਾਰ ਹੁੰਦਾ ਹੈ। ਅੰਤ ਵਿੱਚ ਇਹ ਰਚਨਾਕਾਰ ਦੇ ਕੋਮਲ ਮਨ ਅਤੇ ਹੁਨਰੀ ਹੱਥਾਂ ਦੀ ਛੋਹ ਸਦਕਾ ਪੂਰਨਤਾ ਵਿੱਚ ਆ ਜਾਂਦੀ ਹੈ। ਰਚਨਾ ਦਾ ਚਿਹਰਾ-ਮੁਹਰਾ ਨਿੱਖਰ ਜਾਂਦਾ ਹੈ, ਇਹ ਖਿੜ ਪੈਂਦੀ ਹੈ।

ਇਹ ਰਚਨਾਕਾਰ ਦਾ ਕੋਮਲ-ਭਾਵੀ ਮਨ ਤੇ ਉਸਦੇ ਵਿਲੱਖਣ ਹੱਥ ਹੀ ਹੁੰਦੇ ਹਨ, ਜਿਹੜੇ ਬੜੇ ਲੰਮੇ ਸਮੇਂ ਤੋਂ ਅਧੂਰੀ, ਖ਼ਾਕੇ ਦੇ ਰੂਪ ਵਿੱਚ ਪਈ ਹੋਈ ਰਚਨਾ ਨੂੰ ਪੂਰਨਤਾ ਦੇ ਆਨੰਦ ਦਾ ਅਹਿਸਾਸ ਕਰਵਾਉਂਦੇ ਹਨ। ਢੁਕਵੇਂ ਸਮੇਂ, ਜਿਸ ਸਦਕਾ ਇਹ ਮੌਕਾ-ਮੇਲ ਬਣਦਾ ਹੈ, ਦਾ ਵੀ ਧੰਨਵਾਦ ਕੀਤਿਆਂ ਬਿਨਾ ਰਿਹਾ ਨਹੀਂ ਜਾ ਸਕਦਾ।

ਪੂਰਨਤਾ ਦਾ ਇਹ ਆਨੰਦ ਕੇਵਲ ਰਚਨਾ ਦੇ ਲਈ ਹੀ ਨਹੀਂ ਹੁੰਦਾ ਸਗੋਂ ਰਚਨਾ ਨੂੰ ਪੂਰਨਤਾ ਦੇ ਪੱਧਰ ’ਤੇ ਲਿਆਉਂਦਾ ਰਚਨਾਕਾਰ ਦਾ ਮਨ ਅਤੇ ਉਸਦੇ ਹੱਥ ਵੀ ਕਲਾਕਾਰੀ ਪੂਰਨਤਾ ਵੱਲ ਵਧਦੇ ਹੋਏ ਆਨੰਦਿਤ ਹੁੰਦੇ ਹਨ।

ਰਚਨਾਕਾਰ ਵੀ ਆਪਣੇ ਆਪ ਨੂੰ ਅਪੂਰਨਤਾ ਤੋਂ ਪੂਰਨਤਾ ਵੱਲ ਜਾਂਦਾ ਹੋਇਆ, ਵਧਦਾ ਹੋਇਆ ਮਹਿਸੂਸ ਕਰਦਾ ਹੈ। ਹਰ ਰਚਨਾ ਦਾ ਪੂਰਨ ਹੋਣਾ, ਰਚਨਾਕਾਰ ਲਈ, ਹੁਨਰੀ-ਪੂਰਨਤਾ ਵੱਲ ਨੂੰ ਭਰਿਆ ਹੋਇਆ ਇੱਕ ਨਿਰੋਲ ਕਦਮ ਹੀ ਤਾਂ ਹੁੰਦਾ ਹੈ।

# ਅੱਖੀਆਂ ਤੋਂ ਉਹਲੇ ਹੋ ਚੁੱਕੀ ਗੁਰਪ੍ਰੀਤ ਕੌਰ ਤੇ ਯੁੱਧਵੀਰ ਸਿੰਘ

ਪ੍ਰਾਇਮਰੀ ਸਕੂਲ ਦੇ ਬੱਚੇ ਬੜੇ ਮਲੂਕੜੇ ਜਿਹੇ ਹੁੰਦੇ ਹਨ, ਕਿਸੇ ਸੋਹਣੇ ਫੁੱਲ ਦੀਆਂ ਕੋਮਲ ਪੱਤੀਆਂ ਵਰਗੇ। ਇਨ੍ਹਾਂ ਦੇ ਸਾਹਮਣੇ ਵਿਸ਼ਾਲ ਸੰਸਾਰ ਹੁੰਦਾ ਹੈ, ਜਿਸਨੂੰ ਇਨ੍ਹਾਂ ਨੇ ਕਲ਼ਾਵੇ ਵਿੱਚ ਲੈਣਾ ਹੁੰਦਾ। ਮਾਪਿਆਂ ਨੂੰ ਬੜੀਆਂ ਆਸਾਂ ਹੁੰਦੀਆਂ ਹਨ, ਇਨ੍ਹਾਂ ਕੋਮਲ ਜਿਹੀਆਂ ਜਿੰਦਾਂ ’ਤੇ। ਮਾਪਿਆਂ ਦੇ ਜੀਵਨ ਦਾ ਸਾਰਾ ਦਾਰੋਮਦਾਰ ਇਨ੍ਹਾਂ ਨਿੱਕਿਆਂ ਦੇ ਉਦਾਲੇ ਘੁੰਮਦਾ ਹੈ। ਇਹ ਮਲੂਕੜੀਆਂ ਜਿੰਦਾਂ ਮਾਪਿਆਂ ਦੀ ਜਾਨ ਹੁੰਦੀਆਂ ਹਨ। ਬੱਚਿਆਂ ਦੀ ਖ਼ਾਤਰ ਮਾਤਾ-ਪਿਤਾ ਕੀ ਕੁਝ ਨਹੀਂ ਕਰਦੇ। ਉਹ ਬੱਚਿਆਂ ਦੇ ਭੋਲ਼ੇ ਜਿਹੇ ਮੂੰਹ ਵਿੱਚੋਂ ਨਿਕਲ਼ੇ ਪਿਆਰੇ-ਪਿਆਰੇ ਬੋਲਾਂ ਨੂੰ ਪੁਗਾਉਣ ਲਈ ਕੀ-ਕੀ ਜਫ਼ਰ ਨਹੀਂ ਜਾਲ਼ਦੇ। ਉਹ ਦਿਨ-ਰਾਤ ਇੱਕ ਕਰ ਦਿੰਦੇ ਹਨ ਕਿ ਬੱਚਿਆਂ ਨੂੰ ਕਿਸੇ ਤਰ੍ਹਾਂ ਦੀ ਕੋਈ ਤੰਗੀ-ਤੁਰਸ਼ੀ ਨਾ ਰਹੇ। ਬੱਚੇ ਕਿਸੇ ਗੱਲੋਂ ਵਿਰਵੇ ਨਾ ਰਹਿਣ ਤੇ ਆਪਣੇ-ਆਪ ਨੂੰ ਕਿਸੇ ਨਾਲੋਂ ਹੀਣਾ ਨਾ ਸਮਝਣ। ਪਰ ਇਹ ਨਿੱਕੀਆਂ ਜਿੰਦਾਂ, ਨਿੱਕੀਆਂ ਕਲੀਆਂ, ਜਦੋਂ ਖਿੜਨ ਤੋਂ ਪਹਿਲਾਂ ਹੀ ਸਦਾ ਲਈ ਤੁਰ ਜਾਂਦੀਆਂ ਹਨ ਤਾਂ ਇਹ ਸੱਟ ਕਿਸੇ ਹੀਲੇ ਵੀ ਸਹਿਣਯੋਗ ਨਹੀਂ ਹੁੰਦੀ। ਮਾਪੇ ਅੰਦਰ ਤੱਕ ਚਕਨਾਚੂਰ ਹੋ ਜਾਂਦੇ ਹਨ ਤੇ ਅਜਿਹੇ ਚਕਨਾਚੂਰ ਕਿ ਉਹ ਜ਼ਿੰਦਗੀ ਵਿੱਚ ਮੁੜ ਪਹਿਲਾਂ ਜਿਹੇ ਸਾਬਤ-ਵਜੂਦ ਨਹੀਂ ਹੋ ਪਾਉਂਦੇ।

ਅਧਿਆਪਕ ਲਈ ਵੀ ਇਨ੍ਹਾਂ ਕਲੀਆਂ ਦੇ ਅਣਖਿੜਿਆਂ ਤੁਰ ਜਾਣ ਦੀਆਂ ਸੱਟਾਂ ਸਹਿਣ ਤੋਂ ਬਾਹਰ ਹੁੰਦੀਆਂ ਹਨ। ਉਸ ਕੋਲ ਪੜ੍ਹਦੇ ਬੱਚੇ ਉਸਦੀ ਅਨਮੋਲ ਪੂੰਜੀ ਹੀ ਤਾਂ ਹੁੰਦੇ ਹਨ। ਜਦੋਂ ਇਹ ਬੱਚੇ ਅਧਿਆਪਕ ਦੀ ਕੁਰਸੀ ਦੇ ਨੇੜੇ ਆ ਕੇ ਉਸਨੂੰ ਆਪਣੇ ਘਰ ਦੀ ਕੋਈ ਗੱਲ ਉਸਦੇ ਕੰਨ ਵਿੱਚ ਆ ਕੇ ਦੱਸਦੇ ਹਨ ਤਾਂ ਅਧਿਆਪਕ ਦਾ ਰੋਮ-ਰੋਮ ਖਿੜ ਜਾਂਦਾ ਹੈ। ਤਦ ਉਸਨੂੰ ਆਪਣੇ ਕਿੱਤੇ ਦੀ ਮਹੱਤਤਾ ਦਾ ਅਹਿਸਾਸ ਹੁੰਦਾ ਹੈ। ਬੱਚਾ ਅਧਿਆਪਕ ਨੂੰ ਆਪਣਾ ਸਭ ਕੁਝ ਸਮਝਦਾ ਹੈ। ਉਹ ਉਸ ਨਾਲ ਆਪਣੇ ਦਿਲ ਦੀ ਗੱਲ ਸਾਂਝੀ ਕਰਕੇ ਖ਼ੁਸ਼ੀ ਮਹਿਸੂਸ ਕਰਦਾ ਹੈ। ਪਰ ਜਦੋਂ ਕਿਤੇ ਇਹ ਪਿਆਰੇ, ਨਿਰਛਲ ਵਜੂਦ ਅਣਖਿੜੇ ਤੁਰ ਜਾਂਦੇ ਹਨ ਤਾਂ ਅਧਿਆਪਕ ਉਨ੍ਹਾਂ ਬੱਚਿਆਂ ਦੀਆਂ ਕੀਤੀਆਂ ਗੱਲਾਂ ਨੂੰ ਯਾਦ ਕਰ-ਕਰ ਕੇ ਅੱਥਰੂ ਵਹਾਉਂਦਾ ਹੈ। ਜ਼ਿੰਦਗੀ ਵਿੱਚ ਉਸਨੂੰ ਹੋਰ ਬੱਚਿਆਂ ਦੇ ਚਿਹਰੇ ਤਾਂ ਭਾਵੇਂ ਭੁੱਲ ਜਾਣ ਪਰ ਇਨ੍ਹਾਂ ਅਣਖਿੜੇ, ਅੱਧਖਿੜੇ ਫੁੱਲਾਂ ਦੇ ਚਿਹਰੇ ਤਾਉਮਰ ਉਸਨੂੰ ਨਹੀਂ ਵਿਸਰਦੇ। ਉਹ ਉਸੇ ਤਰ੍ਹਾਂ ਹੀ, ਹੂ-ਬ-ਹੂ ਉਸਦੇ ਮਨ ਦੀ ਸਕਰੀਨ ਵਿੱਚ ਸਮਾਅ ਜਾਂਦੇ ਹਨ।

ਮੈਂ ਉਨ੍ਹਾਂ ਦਿਨਾਂ ਵਿੱਚ ਦੂਜੀ ਜਮਾਤ ਦਾ ਇੰਚਾਰਜ ਸੀ, ਸਰਕਾਰੀ ਪ੍ਰਾਇਮਰੀ ਸਕੂਲ ਸਿੰਧੜ (ਸ਼ਾਹਕੋਟ) ਵਿਖੇ ਤੇ ਉਸੇ ਹੀ ਜਮਾਤ ਦੀ ਇੱਕ ਬੱਚੀ ਗੁਰਪ੍ਰੀਤ ਕੌਰ, ਜੋ ਉਸੇ ਹੀ ਪਿੰਡ ਤੋਂ ਸੀ, ਕਿਸੇ ਘਰੇਲੂ ਝਗੜੇ ਕਾਰਨ ਲੋਹੀਆਂ ਤੋਂ ਰੋਜ਼ ਬੱਸ ਰਾਹੀ ਛੇ-ਸੱਤ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਸਕੂਲ ਆਇਆ ਕਰਦੀ ਸੀ। ਕਈ ਵਾਰ ਉਹ ਆਪਣੇ ਪਿੰਡ ਵਾਲੇ ਘਰ ਕੋਲ ਉੱਤਰ ਜਾਇਆ ਕਰਦੀ ਸੀ ਤੇ ਘਰੋਂ ਹੋ ਕੇ ਸਕੂਲ ਆਉਂਦੀ ਹੁੰਦੀ ਸੀ। ਲਗਭਗ ਇੱਕ ਮਹੀਨਾ ਹੋ ਗਿਆ ਸੀ ਕਿ ਇੱਕ ਦਿਨ ਸਵੇਰੇ ਬੱਸ ਵਿੱਚ ਆਉਂਦੇ ਹੋਏ ਉਹ ਜਦੋਂ ਘਰ ਦੇ ਨੇੜੇ ਪਹੁੰਚੀ ਤਾਂ ਬੱਸ ਕਿਸੇ ਕਾਰਨ ਹੌਲੀ ਹੋਈ।

ਉਸਨੂੰ ਲੱਗਾ ਕਿ ਬੱਸ ਰੁਕ ਗਈ ਹੈ ਤੇ ਉਸਨੇ ਬੱਸ ਦੀ ਪਿਛਲੀ ਬਾਰੀ ਵਿੱਚ ਆ ਕੇ ਹੇਠਾਂ ਛਾਲ਼ ਮਾਰ ਦਿੱਤੀ। ਡਰਾਈਵਰ ਦਾ ਧਿਆਨ ਉਸ ਵਲ ਨਹੀਂ ਗਿਆ। ਉਸੇ ਹੀ ਪਲ ਬੱਸ ਤੇਜ਼ ਹੋ ਗਈ ਤੇ ਉਹ ਬੱਚੀ ਬੱਸ ਦੀ ਲਪੇਟ ਵਿੱਚ ਆ ਗਈ। ਬੱਸ ਦੇ ਪਹੀਏ ਉਸਦੇ ਸਰੀਰ ਉੱਪਰੋਂ ਦੀ ਲੰਘ ਗਏ ਤੇ ਉਹ ਓਥੇ ਹੀ ਦਮ ਤੋੜ ਗਈ। ਸਕੂਲ ਦਾ ਸਟਾਫ਼ ਉਸਦਾ ਮੂੰਹ ਦੇਖਣ ਗਿਆ। ਖ਼ੂਨ ਨਾਲ ਲਥਪਥ ਉਸ ਧੀ ਦਾ ਮਲੂਕੜਾ ਸਰੀਰ, ਉਸਦੇ ਕੰਨ ਵਿੱਚੋਂ ਵਹਿੰਦਾ ਲਹੂ, ਉਸਦਾ ਪਿਆਰਾ ਜਿਹਾ, ਭੋਲ਼ਾ ਜਿਹਾ ਚਿਹਰਾ ਮੈਨੂੰ ਕਦੇ ਨਹੀਂ ਵਿਸਰਦਾ। ਬੜੀ ਚੁਸਤ ਬੱਚੀ ਸੀ ਉਹ, ਜਿਹੜੀ ਉਸ ਦਿਨ ਬਿਨਾ ਕੁਝ ਬੋਲੇ, ਬਿਨਾ ਹਿੱਲੇ, ਅਡੋਲ ਪਈ ਸੀ। ਕਿਉਂ ਰੱਬ ਏਨੀ ਕਾਹਲ਼ੀ ਕਰ ਲੈਂਦੈ ਇਨ੍ਹਾਂ ਕੋਮਲ, ਨਿਮਾਣੀਆਂ ਜਿੰਦਾਂ ਨੂੰ ਖੜਨ ਦੀ। ਅਜੇ ਤਾਂ ਉਨ੍ਹਾਂ ਨੇ ਪਰ ਤੋਲਣੇ ਵੀ ਸਿੱਖੇ ਨਹੀਂ ਹੁੰਦੇ।

ਇਨ੍ਹੀ ਦਿਨੀ ਜਦੋਂ ਮੈਂ ਤੀਜੀ ਜਮਾਤ ਦਾ ਇੰਚਾਰਜ ਹਾਂ ਤਾਂ ਯੁੱਧਵੀਰ ਮੈਨੂੰ ਧੋਖਾ ਦੇ ਗਿਆ ਹੈ। ਉਹ ਬੜੀਆਂ ਪਿਆਰੀਆਂ-ਪਿਆਰੀਆਂ ਗੱਲਾਂ ਕਰਦਾ ਹੁੰਦਾ ਸੀ। ਕਦੇ-ਕਦੇ ਉਹ ਬੜਾ ਸਿਆਣਾ ਜਾਪਦਾ, ਕੋਈ ਸਿਆਣੀ ਰੂਹ। ਇਕਹਿਰੇ ਜਿਹੇ ਸਰੀਰ ਦਾ ਯੁੱਧਵੀਰ ਆਪਣੇ ਮਾਪਿਆਂ ਸਮੇਤ ਗੁਆਂਢੀਆਂ ਦਾ ਵੀ ਬੜਾ ਲਾਡਲਾ ਸੀ। ਉਸਦੀ ਮਾਂ ਕਿਹਾ ਕਰਦੀ ਸੀ ਕਿ ਯੁੱਧਵੀਰ ਦੀਆਂ ਦੋ ਮਾਵਾਂ ਆਂ।

ਲੰਮੀ ਉਮਰ ਜਿੰਨਾ ਪਿਆਰ ਉਸਨੇ ਆਪਣੀ ਉਮਰ ਦੇ ਸੱਤ ਸਾਲਾਂ ਵਿੱਚ ਹੀ ਹਾਸਲ ਕਰ ਲਿਆ। ਨੌ-ਜੁਆਨਾਂ ਵਾਂਗ ਪਤੰਗ ਚੜ੍ਹਾਉਣ ਦੇ ਸ਼ੌਕ ਵੀ ਪੂਰੇ ਕੀਤੇ ਤੇ ਵਾਲ਼ਾ ਨੂੰ ਜੈੱਲ ਲਾਉਣ ਦੇ ਵੀ। ਆਪਣੀ ਮਰਜ਼ੀ ਦੇ ਵਾਲ਼ ਕਟਵਾਉਂਦਾ ਸੀ ਉਹ। ਪਰ ਉਸਦੀਆਂ ਭੋਲ਼ੀਆਂ ਗੱਲਾਂ ਕਾਰਨ ਉਸਨੂੰ ਸਭ ਕੁਝ ਮੁਆਫ਼ ਹੋ ਜਾਂਦਾ ਸੀ।

ਕੌਣ ਜਾਣਦਾ ਸੀ ਕਿ ਉਸਨੇ ਜੁਆਨੀ ਉਮਰ ਦੇ ਸ਼ੌਕ ਪਹਿਲਾਂ ਹੀ ਪੂਰੇ ਕਰ ਲੈਣੇ ਹਨ। ਥੋੜ੍ਹੇ ਕੁ ਦਿਨ ਬਿਮਾਰ ਰਹਿਣ ਪਿੱਛੋਂ ਉਹ ਮਲੂਕੜਾ ਜਿਹਾ ਸਰੀਰ ਵੀ ਸਦਾ ਲਈ ਅਲਵਿਦਾ ਆਖ ਗਿਐ। ਜਮਾਤ ਵਿੱਚ ਸ਼ਾਂਤ ਪਿਆ ਉਸਦਾ ਬੈਂਚ ਜਿਵੇਂ ਉਸਨੂੰ ਟੋਲ਼ ਰਿਹਾ ਹੋਵੇ।

ਮਾਤਾ-ਪਿਤਾ ਦਾ ਦੁੱਖ ਬਿਆਨ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੇ ਜੀਵਨ ਦਾ ਸਹਾਰਾ ਤੁਰ ਗਿਐ। ਸ਼ਮਸ਼ਾਨ-ਘਾਟ ਵਿੱਚ ਯੁੱਧਵੀਰ ਦੀ ਮਾਂ ਚਿਤਾ ਵਿੱਚ ਜਲ਼ਦੇ ਉਸਦੇ ਸਰੀਰ ਨੂੰ ਮਿਲਣਾ ਚਾਹੁੰਦੀ ਸੀ। ਉਹ ਜ਼ਾਰੋ-ਜ਼ਾਰ ਰੋਂਦੀ ਹੋਈ ਆਖ ਰਹੀ ਸੀ, “ਮਿਲ਼ ਲੈਣ ਦਿਓ ਮੈਨੂੰ ਇੱਕ ਵਾਰੀ ਮੇਰੇ ਚੰਦ ਨਾਲ਼।” ਨਾਲ਼ ਆਏ ਹੋਏ ਸਬੰਧੀਆਂ ਨੇ ਉਸਨੂੰ ਬੜੀ ਮੁਸ਼ਕਿਲ ਨਾਲ ਫੜਿਆ। ਏਨੇ ਵਿੱਚ ਉਹ ਬੁਰੀ ਤਰ੍ਹਾਂ ਬੇਹੋਸ਼ ਹੋ ਗਈ।

ਇਨ੍ਹਾਂ ਡੂੰਘੀਆਂ ਸੱਟਾਂ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਜਿਨ੍ਹਾਂ ਬੱਚਿਆਂ ਨੇ ਵੱਡੇ ਹੋ ਕੇ ਆਪਣੇ ਮਾਪਿਆਂ ਦੀ ਵਹਿੰਗੀ ਚੁੱਕਣੀ ਹੁੰਦੀ ਹੈ, ਆਖ਼ਰੀ ਵੇਲ਼ੇ ਉਨ੍ਹਾਂ ਨੂੰ ਮੋਢਾ ਦੇਣਾ ਹੁੰਦਾ ਹੈ, ਜਦੋਂ ਅਜਿਹੀਆਂ ਸਥਿਤੀਆਂ ਵਿੱਚ ਅਸਹਾਇ ਬਾਪ ਦੇ ਹੱਥੋਂ ਆਪਣੇ ਨਿੱਕੇ ਜਿਹੇ ਸਰੀਰ ਨੂੰ ਲਾਂਬੂ ਲਵਾਉਂਦੇ ਹਨ, ਜਿਸਨੂੰ ਉਹ ਕਦੇ ਕੰਡਾ ਚੁੱਭਿਆ ਹੋਇਆ ਵੀ ਬਰਦਾਸ਼ਤ ਨਹੀਂ ਕਰ ਸਕਦਾ ਸੀ, ਤਾਂ ਦਿਲ ਬਾਹਰ ਆਉਂਦਾ ਹੈ।

ਸਾਕ-ਸਬੰਧੀ ਹੌਲ਼ੀ-ਹੌਲ਼ੀ, ਇੱਕ-ਇੱਕ ਕਰਕੇ ਆਪੋ-ਆਪਣੇ ਘਰਾਂ ਨੂੰ, ਆਪੋ-ਆਪਣੇ ਬੱਚਿਆਂ ਕੋਲ਼ ਮੁੜ ਜਾਂਦੇ ਹਨ ਤਾਂ ਬੁਝ ਚੁੱਕੇ ਮਾਪਿਆਂ ਕੋਲ਼ ਪਿੱਛੇ ਰਹਿ ਜਾਂਦੇ ਹਨ ਉਨ੍ਹਾਂ ਕੋਮਲ ਸਰੀਰਾਂ ਦੇ ਕੀਲੀਆਂ ’ਤੇ ਟੰਗੇ ਕੱਪੜੇ, ਚਾਵਾਂ ਨਾਲ ਉਨ੍ਹਾਂ ਨੂੰ ਲੈ ਕੇ ਦਿੱਤੇ ਵੰਨ-ਸੁਵੰਨੇ ਬੂਟ, ਮਕਾਨ ਦੇ ਗਾਡਰ ਨਾਲ ਟੰਗੀਆਂ ਉਨ੍ਹਾਂ ਦੀਆਂ ਪੀਘਾਂ, ਜਿਹੜੀਆਂ ਉਨ੍ਹਾਂ ਨੇ ਬੜੀ ਜ਼ਿਦ ਨਾਲ ਮੰਗਵਾਈਆਂ ਹੁੰਦੀਆਂ ਹਨ ਤੇ ਇੱਕ ਨੁੱਕਰੇ ਵਿੰਗੀ ਟੇਢੀ ਖੜ੍ਹੀ ਉਨ੍ਹਾਂ ਦੀ ਸਾਈਕਲੀ। ਸਦੀਵੀ ਯਾਦਾਂ ਦੇ ਇਹ ਕਾਰਨ ਮਾਪਿਆਂ ਲਈ ਸਾਰੀ ਉਮਰ ਦਾ ਝੋਰਾ ਬਣ ਜਾਂਦੇ ਹਨ। ਅਧਿਆਪਕ ਲਈ ਇਹ ਕਦੀ ਵੀ ਨਾ ਪੂਰਿਆ ਜਾ ਸਕਣ ਵਾਲਾ ਘਾਟਾ ਹੁੰਦਾ ਹੈ।

## ‘ਗੱਲ ਚਾਹੀਦੀ ਵਿਚਾਰਨੀ’



ਦੁਖੀਆਂ ਦੇ ਦੁੱਖ ਨੂੰ ਵੰਡਾਉਣਾਂ ਚਾਹੀਦਾ।
ਡਿੱਗਿਆਂ ਨੂੰ ਦੋਸਤੋਂ! ਉਠਾਉਣਾਂ ਚਾਹੀਦਾ।

ਰੋਦਿੰਆਂ ਨੂੰ ਵਿਰਾਓ ਤੁਸੀਂ ਦੋਸਤੋ!
ਗ਼ਮਗੀਨ ਲੋਕਾਂ ਨੂੰ ਹਸਾਉਣਾਂ ਚਾਹੀਦਾ।

ਮਾੜਿਆਂ ਕੰਮਾਂ ਤੋਂ ਸਦਾ ਪਾਸਾ ਵੱਟੀਏ,
ਚੰਗਿਆਂ ਕੰਮਾਂ ਤੋਂ ਮੁੱਖ ਨੀ ਭਵਾਂਈਦਾ।

ਜਿੱਤਕੇ ਕਦੇ ਨਾ ਹੰਕਾਰ ਕਰੀਏ,
ਹਾਰਕੇ ਵੀ ਹੌਂਸਲਾ ਨੀ ਢਾਉਣਾਂ ਚਾਹੀਦਾ।

ਪਰਖ਼ ਕਰ ਸਕੇ ਸੱਚ-ਝੂਠ ਦੀ,
ਇਹੋ-ਜਿਹਾ ਇਨਸਾਨ ਹੋਣਾਂ ਚਾਹੀਦਾ।

ਮੇਜਰ ਪੜ੍ਹੀ-ਸੁਣੀ ਗੱਲ ਚਾਹੀਦੀ ਵਿਚਾਰਨੀ,
ਐਵੇਂ ਮੰਨਣ ਦਾ ਰੁਝਾਨ ਨਹੀਂ ਹੋਣਾਂ ਚਾਹੀਦਾ।

– ਮੇਜਰ ਸਿੰਘ ’ਬੁਢਲਾਡਾ’
94176 42327

# ਕਣਕ ਦੇ ਦਾਣੇ ਅਤੇ ਚਿੜੀਆਂ

ਕਣਕ ਦੇ ਡਰੰਮ ਵਿੱਚ ਸੁੱਸਰੀ ਹੋ ਜਾਣ ਕਾਰਨ ਮੈਂ ਉਸ ਵਿੱਚ ਕੀੜੇਮਾਰ ਦਵਾਈ ਰੱਖੀ ਤੇ ਉਸਨੂੰ ਚੰਗੀ ਤਰ੍ਹਾਂ ਬੰਦ ਕਰ ਦਿੱਤਾ। ਦੋ ਕੁ ਮਹੀਨੇ ਚੱਕੀ ਤੋਂ ਆਟਾ ਲਿਆ ਕੇ ਰੋਟੀ ਬਣਾਉਂਦੇ ਰਹੇ। ਹੁਣ ਸੋਚਿਆ ਕਿ ਦਵਾਈ ਦਾ ਮਾਰੂ ਅਸਰ ਕਣਕ ਦੇ ਦਾਣਿਆਂ ਵਿੱਚੋਂ ਖ਼ਤਮ ਹੋ ਗਿਆ ਹੈ ਪਰ ਮਨ ਵਿੱਚ ਸ਼ੰਕਾ ਤਾਂ ਹੈ ਹੀ ਸੀ, ਸੋ ਇਸ ਸ਼ੰਕਾ ਨੂੰ, ਕਣਕ ਦੇ ਦਾਣੇ ਧੋ ਕੇ, ਮਨ ਵਿੱਚੋਂ ਕੱਢਣ ਦਾ ਫ਼ੈਸਲਾ ਕੀਤਾ। ਦਾਣਿਆਂ ਨੂੰ ਸੁਆਰ ਕੇ ਧੋਤਾ ਤੇ ਮੰਜੇ ’ਤੇ ਚਾਦਰ ਵਿਛਾ ਕੇ ਉਸ ਉੱਪਰ ਖਿਲਾਰ ਦਿੱਤੇ। ਦਾਣਿਆਂ ਨੂੰ ਚਾਦਰ ’ਤੇ ਚੁਫੇਰ ਖਿਲਾਰਦਿਆਂ, ਸਿੱਲ੍ਹੇ-ਸਿੱਲ੍ਹੇ ਦਾਣਿਆਂ ਵਿੱਚ ਹੱਥ ਫੇਰਦਿਆਂ ਬੜੀ ਸਹਿਜਤਾ ਦਾ ਅਹਿਸਾਸ ਹੋ ਰਿਹਾ ਸੀ। ਸਮੇਂ ਦੀ ਚਾਲ ਜਿਵੇਂ ਸਹਿਜ ਹੋ ਗਈ ਹੋਵੇ ਤੇ ਮੈਂ ਪੁਰਾਣੇ ਵੇਲ਼ੇ ਵਿੱਚ ਪੁੱਜ ਗਿਆ ਜਦੋਂ ਕਣਕ ਨੂੰ ਧੋ ਕੇ ਧਰਤੀ ’ਤੇ ਜਾਂ ਮੰਜੇ ’ਤੇ ਵਿਛਾ ਦਿੱਤਾ ਜਾਂਦਾ ਸੀ ਤੇ ਉਸ ਵਿੱਚ ਇੱਕ ਸ਼ੀਸ਼ਾ, ਕਣਕ ਦੇ ਦਾਣਿਆਂ ਦੀ ਹੀ ਢਾਸਣਾ ਲਾ ਕੇ, ਇੱਕ ਪਾਸੇ, ਸੂਰਜ ਦੇ ਸਨਮੁੱਖ ਖੜ੍ਹਾ ਕਰ ਦਿੱਤਾ ਜਾਂਦਾ ਸੀ। ਉਨ੍ਹਾਂ ਦਿਨ੍ਹਾਂ ਵਿੱਚ ਲਗਦਾ ਹੁੰਦਾ ਸੀ ਕਿ ਇਹ ਸ਼ੀਸ਼ਾ ਦਾਣਿਆਂ ਨੂੰ ਦੂਹਰੀ ਧੁੱਪ ਦੁ-ਆਉਣ ਲਈ ਰੱਖਿਆ ਜਾਂਦਾ ਹੈ; ਇੱਕ ਤਾਂ ਦਾਣਿਆਂ ’ਤੇ ਸਿੱਧੀ ਪੈਂਦੀ ਧੁੱਪ ਤੇ ਦੂਸਰੀ ਸ਼ੀਸ਼ੇ ਵਿੱਚੋਂ ਦੀ ਪਰਿਵਰਤਿਤ ਹੋ ਕੇ ਉਨ੍ਹਾਂ ਉੱਪਰ ਪੈਂਦੀ ਲਿਸ਼ਕੋਰ। ਲਗਦਾ ਸੀ ਕਿ ਇਸ ਤਰ੍ਹਾਂ ਦੂਹਰੀ ਧੁੱਪ ਨਾਲ ਦਾਣੇ ਛੇਤੀ ਸੁੱਕ ਜਾਂਦੇ ਹਨ। ਇਸੇ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਅਸੀਂ ਨਿੱਕੇ ਹੁੰਦੇ ਉਸ ਸ਼ੀਸ਼ੇ ਨੂੰ ਕਦੇ ਏਧਰ ਤੇ ਕਦੇ, ਥੋੜ੍ਹੇ ਸਮੇਂ ਬਾਅਦ, ਓਧਰ ਕਰਦੇ ਰਹਿਣਾ ਤਾਂ ਜੋ ਦੂਹਰੀ ਧੁੱਪ ਸਾਰੇ ਹੀ ਦਾਣਿਆਂ ’ਤੇ ਬਰਾਬਰ ਜਿਹੀ ਘੁੰਮ ਜਾਵੇ ਪਰ ਉਦੋਂ ਇਹ ਨਹੀਂ ਸੀ ਸਮਝ ਕਿ ਕਣਕ ਦੇ ਦਾਣਿਆਂ ਵਿੱਚ ਪਏ ਸ਼ੀਸ਼ੇ ਵਿੱਚ ਕੋਈ ਚਿੜੀ ਵਾਰ-ਵਾਰ ਚੁੰਝ ਕਿਉਂ ਮਾਰਦੀ ਸੀ। ਉਹ ਲੰਮਾ ਸਮਾਂ ਸ਼ੀਸ਼ੇ ਨਾਲ ਘੁਲ਼ਦੀ ਰਹਿੰਦੀ ਤੇ ਆਪਣੀ ਚੁੰਝ, ਪਤਾ ਨਹੀਂ ਭੰਨਦੀ ਰਹਿੰਦੀ ਜਾਂ ਤਿੱਖੀ ਕਰਦੀ ਰਹਿੰਦੀ। ਹੁਣ ਲਗਦਾ ਹੈ ਕਿ ਉਹ ਸ਼ੀਸ਼ਾ ਕਣਕ ਦੇ ਦਾਣੇ ਚੁਗਣ ਆਈਆਂ ਚਿੜੀਆਂ ਨੂੰ, ਉਨ੍ਹਾਂ ਦੇ ਮੁੱਖ ਕੰਮ, ਦਾਣੇ ਚੁਗ ਕੇ ਲੈ ਜਾਣ ਤੋਂ, ਭਰਮਾਉਣ ਲਈ ਰੱਖਿਆ ਜਾਂਦਾ ਸੀ ਕਿ ਚਿੜੀਆਂ ਉਸ ਸ਼ੀਸ਼ੇ ਦੇ ਭਰਮ ਵਿੱਚ ਉਲਝ ਜਾਣ ਤੇ ਦਾਣੇ ਬਚ ਜਾਣ।

ਮੈਂ ਵੀ ਦੋ ਸ਼ੀਸ਼ੇ ਮੰਜੇ ’ਤੇ ਪਸਾਰੇ ਦਾਣਿਆਂ ਉੱਪਰ, ਦਾਣਿਆਂ ਦੀ ਹੀ ਢਾਸਣਾ ਲਾ ਕੇ, ਖੜ੍ਹੇ ਕਰ ਦਿੱਤੇ। ਬੜਾ ਅਸਚਰਜਮਈ ਸਮਾਂ ਬਣਿਆ ਹੋਇਆ ਸੀ, ਜਿਵੇਂ ਸੰਸਾਰ ਇੱਕ ਖਿਣ ਲਈ ਰੁਕ ਕੇ ਇਸ ਸਭ ਕਾਸੇ ਨੂੰ ਨਿਹਾਰਨ ਲੱਗ ਪਿਆ ਹੋਵੇ। ਜਦੋਂ ਮੈਂ ਉਨ੍ਹਾਂ ਸ਼ੀਸ਼ਿਆਂ ਨੂੰ ਟਿਕਾ ਕੇ ਕਮਰੇ ਵੱਲ ਨੂੰ ਮੁੜਿਆ ਤਾਂ ਮਨ ਵਿੱਚ ਖ਼ਿਆਲ ਆਇਆ, “ਕਾਸ਼! ਕੋਈ ਚਿੜੀ ਦਾਣੇ ਚੁਗਣ ਦੇ ਬਹਾਨੇ, ਸ਼ੀਸ਼ੇ ਵਿੱਚ ਚੁੰਝਾਂ ਮਾਰਨ ਦੇ ਬਹਾਨੇ ਹੀ ਮੁੜ ਆਵੇ।”
ਚਿੜੀਆਂ ਤੋਂ ਬਿਨਾ ਘਰਾਂ ਦੇ ਵਿਹੜੇ ਸੁੰਨੇ ਹੋ ਗਏ ਹਨ।

– ਬਲਵੀਰ ਮੰਨਣ

## ਦਰਦ

ਕੀ ਦੱਸਾਂ, ਕਿੰਝ ਦੱਸਾਂ, ਉਹ ਦਰਦ ਦੀ ਦਾਸਤਾਨ,
ਬਹੁਤ ਬੁਰਾ ਸੁਪਨਾ ਸੀ, ਉਹ ਨਰਕ ਦੇ ਸਮਾਨ।
ਸਿਵਿਆਂ ਦੀ ਅੱਗ ਤੋਂ ਵੀ ਗਹਿਰਾ ਸੀ ਤੇ ਤੱਤਾ,
ਜਿਸ ਵਿੱਚ ਸੜੇ ਸੱਚੇ ਦਿਲ ਦੇ ਅਰਮਾਨ।
ਮਾਪਿਆਂ ਦੀ ਲਾਡਲੀ ’ਤੇ ਕਹਿਰ ਜ਼ਾਲਮਾ ਢਾਇਆ,
ਕੋਮਲ ਮਨ ਤੇ ਪਾਏ ਜਿਸ ਕੰਡਿਆਂ ਜਹੇ ਨਿਸ਼ਾਨ।
ਦੁਨੀਆ ਨਾਲ ਲੜ ਕੇ, ਬਾਂਹ ਡੁੱਬਦੀ ਦੀ ਫੜ ਕੇ,
ਪੈਰਾਂ ਤੇ ਖੜਾਕੇ ਜਿਸ ਦਿੱਤਾ ਏ ਸਨਮਾਨ।
ਕਿੰਝ ਭੁੱਲ ਜਾਵਾਂ ਤੈਨੂੰ ਜਾਨ ਤੋਂ ਪਿਆਰਿਆ ਵੇ,
ਪੈਰਾਂ ਦੀ ਮਿੱਟੀ ਨੂੰ ਪਹੁੰਚਾਇਆ ਅਸਮਾਨ।
ਰਹਿਣ ਦੇ ਮਸਤ ਮੈਨੂੰ ਮੇਰੇ ਹੀ ਗ਼ਮਾਂ ਵਿੱਚ,
’ਪਾਹਵਾ’ ਦੇ ਦਰਦਾਂ ਦੀ ਨਾ ਮੁੱਕਣੀ ਦਾਸਤਾਨ।



– ਕਿਰਨ ਪਾਹਵਾ (91-97803-26601)

## ਧੁੱਪ ਵਿੱਚ ਸਾਵਣ

(ਸਫਾ 20 ਦੀ ਬਾਕੀ)

(ਆਪਣੀ ਗਲਤੀ ਦੀ ਮਾਫੀ ਮੰਗਦੀ ਹਾਂ, ਕੁੜੀਆਂ ਮੁੰਡਿਆਂ ਤੋਂ ਚੰਗੀਆਂ ਨੇ ।ਮੈਂ ਔਰਤ ਹੋ ਕੇ ਔਰਤ ਦੀ ਦੁਸ਼ਮਣ ਬਣ ਬੈਠੀ। ਅੱਜ ਤੋਂ ਬਾਅਦ ਪੁੱਤਰ ਤੇ ਧੀ ਦੋਵੇਂ ਬਰਾਬਰ ਹਨ ਮੇਰੇ ਲਈ । ਹੁਣ ਜੇ ਕੋਈ ਮਾਪੇ ਆਪਣੀ ਧੀ ਨੂੰ ਸਕੂਲ ਨਹੀਂ ਭੇਜਦੇ ਮੈਂ ਲੜ ਕੇ ਉਹਨਾਂ ਨੂੰ ਕਹਾਂਗੀ ਕਿ ਕੁੜੀ ਨੂੰ ਸਕੂਲ ਭੇਜੋ। "ਉਸ ਦਿਨ ਉਹ ਸਫਰ ਜੋ ਬੁਰਾ ਲੱਗ ਰਿਹਾ ਸੀ ਉਸਦਾ ਅੰਜਾਮ ਐਨਾ ਖੂਬਸੂਰਤ ਹੋਏਗਾ ਸੋਚਿਆ ਨਹੀਂ ਸੀ ।ਕੁਝ ਪਲਾਂ ਵਿਚ, ਇਕ ਘਟਨਾ ਨਾਲ ਉਸ ਔਰਤ ਦੀ ਸੋਚ ਬਦਲ ਗਈ । ਜਿਵੇਂ ਕਿ ਧੁੱਪ ਵਿੱਚ ਸਾਵਣ ਆ ਗਿਆ ਅਤੇ ਵਿਤਕਰੇ ਦੀ ਭੁੱਬਲ ਪਛਤਾਵੇ ਦੇ ਮੀਂਹ ਨਾਲ ਧਰਤੀ ਵਿੱਚ ਜਮ ਗਈ। ਮਨ ਬਹੁਤ ਖੁਸ਼ ਸੀ ਪੂਰੀ ਦੁਨੀਆਂ ਤਾਂ ਨਹੀਂ ਪਰੰਤੂ ਇਕ ਇਨਸਾਨ ਦੀ ਸੋਚ ਬਦਲਣ ਨਾਲ ਜੋ ਸਕੂਨ ਮਿਲਿਆ ਸ਼ਬਦਾਂ ਵਿੱਚ ਦੱਸਣਾ ਅਸੰਭਵ ਹੈ ਸੋ ਜਦੋਂ ਤੁਸੀਂ ਕਿਸੇ ਦੀ ਸੋਚ ਬਦਲੋਗੇ ਖੁਦ ਹੀ ਮਹਿਸੂਸ ਕਰ ਸਕੋਗੇ ।



ਕੇਰਲ ਸਰਕਾਰ ਨੇ ਹਰਿਜਨ ਅਤੇ ਦਲਿਤ ਸ਼ਬਦ ਦੇ ਇਸਤੇਮਾਲ ’ਤੇ ਰੋਕ ਲਗਾ ਦਿੱਤੀ ਹੈ। ਰਾਜ ਐਸ. ਟੀ./ਐਸ. ਸੀ. ਕਮਿਸ਼ਨ ਦੀ ਸਿਫਾਰਸ਼ ਦਾ ਹਵਾਲਾ ਦਿੰਦੇ ਹੋਏ ਸੂਚਨਾ ਅਤੇ ਜਨ ਸੰਪਰਕ ਵਿਭਾਗ ਨੇ ਇਸ ਸਬੰਧ ਵਿਚ ਸਰਕੂਲਰ ਜਾਰੀ ਕੀਤਾ ਹੈ। ਅਧਿਕਾਰਿਤ ਕੰਮਾਂ ਅਤੇ ਪ੍ਰਚਾਰ-ਪ੍ਰਸਾਰ ਵਿਚ ਦੋਵੇਂ ਸ਼ਬਦਾਂ ਦਾ ਇਯਤੇਮਾਲ ਨਾ ਕਰਨ ਦੀ ਅਪੀਲ ਸਾਰਿਆਂ ਵਿਭਾਗਾਂ ਨੂੰ ਕੀਤੀ ਗਈ ਹੈ।

# ਟਰੱਕਾਂ ਵਾਲੇ ਵੀਰਾਂ ਲਈ ਖੁਸ਼ਖਬਰੀ

## ਡੀ.ਓ.ਟੀ. ਦੀ ਪ੍ਰੇਸ਼ਾਨੀ ਅਤੇ ਕਾਗਜ਼-ਪੱਤਰਾਂ ਦੀ ਮਾਂਤ-ਮੰਤਾਲ ਤੋਂ ਹਮੇਸ਼ਾਂ ਲਈ ਪਾਓ ਛੁਟਕਾਰਾ

We will make your trucking business paperless and Free of DOT hassels.

Steer your business, from hiring to management all from a computer



ਡਰਾਈਵਰ ਨੂੰ ਨੌਕਰੀ ਤੇ ਰੱਖਣ ਤੋਂ ਲੈ ਕੇ ਕਾਰੋਬਾਰ ਦੇ ਹਰ ਤਰ੍ਹਾਂ ਦੇ ਰਿਕਾਰਡ ਨੂੰ ਆਸਾਨੀ ਨਾਲ ਕੰਪਿਊਟਰ ਤੇ ਲਿਆਉਣ ਵਾਲਾ ਸਿਸਟਮ

ਆਪਣੇ ਟਰੱਕਾਂ ਦੇ ਕਾਰੋਬਾਰ ਨੂੰ ਪੂਰੀ ਅਤੇ ਸੌਖੀ ਤਰ੍ਹਾਂ ਕੰਪਿਊਟਰ ਤੋਂ ਚਲਾਓ ਕਾਗਜ਼ਾਂ ਅਤੇ ਮਹਿਕਮੇ ਤੋਂ ਛੁਟਕਾਰਾ ਪਾਓ

ASK FOR LOAD MANAGEMENT: Easy dispatch by Phone App, Quick POD, Auto Billing, Payroll etc.

**DRIVER HIRING**
ਡਰਾਈਵਰ ਨੂੰ ਨੌਕਰੀ ਤੇ ਰੱਖਣ ਵਾਸਤੇ, ਉਸਦੀ ਪਿਛਲੀ ਨੌਕਰੀ ਦੇ ਰਿਕਾਰਡ ਸਮੇਤ ਹਰ ਲੋੜੀਂਦੇ ਦਸਤਾਵੇਜ਼ ਮੁਕੰਮਲ ਕਰਨੇ ਹੋਣਗੇ ਆਸਾਨ

**INSPECTION RECORD**
ਸਰਕਾਰ ਵੱਲੋਂ ਟਰੱਕਾਂ ਦੇ ਲਾਜ਼ਮੀ ਕਰਾਰ ਦਿੱਤੇ ਗਏ ਮੁਆਇਨੇ ਸਮੇਂ ਸਿਰ ਕਰਵਾਉਣ ਲਈ ਇਹ ਸਿਸਟਮ ਬਣਾਏਗਾ ਯਕੀਨੀ

**DRIVING REVIEW**
ਆਪਣੇ ਡਰਾਈਵਰਾਂ ਦੀ ਸਮੀਖਿਆ ਆਸਾਨੀ ਨਾਲ ਕਰੋ ਤੇ ਰਿਕਾਰਡ ਤੇ ਰੱਖੋ ਅਤੇ ਆਉਣ ਵਾਲੀਆਂ ਪ੍ਰੇਸ਼ਾਨੀਆਂ ਤੋਂ ਬਚੋ

**ACCIDENT REPORTS**
ਛੋਟੇ ਵੱਡੇ ਵਾਪਰਨ ਵਾਲੇ ਹਾਦਸਿਆਂ ਦੀਆਂ ਰਿਪੋਰਟ ਤਿਆਰ ਕਰਨੀ ਅਤੇ ਵੱਖ-ਵੱਖ ਮਹਿਕਮਿਆਂ ਨੂੰ ਭੇਜਣੀ ਹੋਵੇਗੀ ਸੌਖੀ

**TRUCK MAINTENANCE**
ਟਰੱਕਾਂ ਦੀ ਮੁਰੰਮਤ ਆਦਿ ਦਾ ਸਾਰਾ ਰਿਕਾਰਡ ਕਿਸੇ ਵੀ ਜਾਂਚ ਲਈ ਆਧੁਨਿਕ ਢੰਗ ਨਾਲ ਹਮੇਸ਼ਾਂ ਰੱਖੋ ਤਿਆਰ

eLog Book Integration COMING SOON

ਆਪਣੇ ਕਾਰੋਬਾਰ ਨੂੰ ਆਸਾਨੀ ਨਾਲ ਚਲਾਉਣ ਵਾਸਤੇ ਕੰਪਿਊਟਰ ਪ੍ਰੋਗਰਾਮ ਲੈਣ ਲਈ ਅੱਜ ਹੀ ਸੰਪਰਕ ਕਰੋ

WE HANDLE DOT AUDITS

Tel: 800.936.4011 • 209.636.0880

RAJINDER SINGH

**GLOBAL SOLUTION FOR TRANSPORTATION**
(A PAPERLESS SOLUTION FOR TRUCKING)
email: info@etruckingsolution.com • www.etruckingsolution.com

LAKHVIR SINGH



# AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Trans-mission, Body and Paint Work We Sell Used Cars at a Good Price**



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



# TANDOOR Indian Restaurant

## 27167 Mission Blvd. Hayward, CA 95544



ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE:

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

BUFFET LUNCH 11:00 AM To 3:00 PM

We are open seven days 11 AM to 10 PM

Contact Us:

Ph. 510-885-1212
Fax. 510-885-1532



# L.A. MERCHANDISE

## Whole Sale +Retail

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।



LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250



# KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
530-824-5134

Call:
650-642-0697

3525 Highway 99, West Corning, CA 96021
Across the Street from TA Truck Stop